

# ਸਨੇਹੜੇ ਹਦ ਅਗੰਮੜੇ ਦੇ

ਪ੍ਰਿੰ. ਗੁਰਮੁੱਖ ਸਿੰਘ

# ਸਨੇਹੜੇ ਮਰਦ ਅਗੰਮੜੇ ਦੇ

ਪ੍ਰਿੰ: ਗੁਰਮੁਖ ਸਿੰਘ

ਸੁੰਦਰ ਬੁੱਕ ਡਿਪੋ
ਮਾਈ ਹੀਰਾਂ ਗੇਟ, ਜਲੰਧਰ - 144 008

## Sanehere Marad Agamre De

By : Principal Gurmukh Singh

© ਸਭ ਹੱਕ ਰਾਖਵੇਂ ਹਨ।

ਪਹਿਲੀ ਵਾਰ : 1000

ਮੁੱਲ : 75-00

*ਟਾਈਪ ਸੈਟਿੰਗ :*
**ਐਡਵਾਂਸਡ ਕੰਪਿਊਟਰਜ਼**
ਜਲੰਧਰ। ਫੋਨ : 214308

*ਛਾਪਕ :*
**ਸਰਤਾਜ ਪ੍ਰਿੰਟਿੰਗ ਪ੍ਰੈਸ**
ਜਲੰਧਰ।

*ਪ੍ਰਕਾਸ਼ਕ :*
**ਸੁੰਦਰ ਬੁੱਕ ਡਿਪੋ**
ਮਾਈ ਹੀਰਾਂ ਗੇਟ, ਜਲੰਧਰ - 8. ਫੋਨ : 213184

# ਸਮਰਪਣ

ਖਾਲਸਾ ਪੰਥ ਦੀ ਤ੍ਰੈ-ਸ਼ਤਾਬਦੀ
ਦੇ ਅਵਸਰ ਤੇ ਮਰਦ ਅਗੰਮੜੇ ਜੀ ਨੂੰ

# ਤੱਤਕਰਾ


| | | |
|---|---|---|
| | ਮੁਖ ਬੰਧ | 5 |
| | ਦੋ ਸ਼ਬਦ | 9 |
| 1. | ਮਰਦ ਅੰਗਮੜਾ | 15 |
| 2. | ਖਾਲਸਈ ਜੀਵਨ ਜੁਗਤਿ | 24 |
| 3. | ਖਾਲਸਾ ਜੀ ਕੇ ਬੋਲ-ਬਾਲੇ | 42 |
| 4. | ਸਨੇਹੁੜੇ ਮਰਦ ਅੰਗਮੜੇ ਦੇ | 50 |
| 5. | ਗੁਰ ਕਾ ਦਰਸਨੁ ਅਗਮ ਅਪਾਰਾ | 58 |
| 6. | ਚਹੁ ਜੁਗਾਂ ਕਾ ਹੁਣ ਨਿਬੇੜਾ | 71 |
| 7. | ਪ੍ਰਭ ਡੋਰੀ ਹਾਥਿ ਤੁਮਾਰੇ | 82 |
| 8. | ਸੇਵਾ ਅਤੇ ਸਿਮਰਨ | 97 |
| 9. | ਆਗੈ ਚਲਣੁ ਅਉਰ ਹੈ ਭਾਈ | 108 |
| 10. | ਪ੍ਰੇਮ ਖੇਲਣ ਕਾ ਚਾਉ | 118 |
| 11. | ਸ੍ਰੀ ਅਕਾਲ ਤਖ਼ਤ ਸਾਹਿਬ | 122 |

# ਮੁੱਖ ਬੰਧ

'ਸਨੇਹੁੜੇ ਮਰਦ ਅੰਗਮੜੇ ਦੇ' ਪ੍ਰਿੰਸੀਪਲ ਗੁਰਮੁਖ ਸਿੰਘ ਦੀ ਸਜਰੀ ਲਿਖਤ ਹੈ। ਇਸ ਤੋਂ ਪਹਿਲੇ ਵੀ ਉਹ ਗੁਰਮਤ ਦੇ ਵਿਸ਼ਿਆਂ ਤੇ 'ਗੁਰਮਤੀ ਕਦਰਾਂ 'ਤੇ 'ਗੁਰ ਸ਼ਬਦੀ ਗੋਬਿੰਦ ਗੱਜਿਆ' ਪੁਸਤਕਾਂ ਲਿਖ ਚੁੱਕਾ ਹੈ। ਹਥਲੀ ਪੁਸਤਕ ਦਾ ਸੋਮਾ ਉਸ ਦੀ ਗੁਰੂ ਨਾਨਕ ਦੇਵ ਜੀ ਪ੍ਰਤੀ ਅਟੁੱਟ ਸ਼ਰਧਾ ਹੈ। ਉਹ ਗੁਰੂ ਨਾਨਕ ਦੇਵ ਜੀ ਨੂੰ 'ਮਰਦ ਅੰਗਮੜਾ ਵਿਸ਼ੇਸ਼ਣ ਨਾਲ ਬਿਆਨ ਕਰਦਾ ਹੈ ਜਿਸਨੇ ਧੁਰ ਦਰਗਾਹ ਤੋਂ, ਮਨੁੱਖ ਲਈ ਸਨੇਹੁੜੇ ਲਿਆਂਦੇ। ਗੁਰੂ ਨਾਨਕ ਦੇਵ ਜੀ ਦੇ ਗੁਰੂ ਆਪ ਅਕਾਲਪੁਰਖ ਸਨ ਤੇ ਸਾਰੇ ਸੰਸਾਰਕ ਪ੍ਰਾਣੀਆਂ ਨੂੰ ਉਨ੍ਹਾਂ ਨੇ ਅਕਾਲਪੁਰਖ ਨਾਲ ਜੋੜਿਆ। ਲੇਖਕ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਪੂਰਨ ਜੁਰਅਤ ਤੇ ਦਲੇਰੀ ਨਾਲ ਸਮੇਂ 'ਚ' ਪਸਰੀ ਅਗਿਆਨਤਾ ਦੀ ਚੀਰ ਫਾੜ ਕੀਤੀ ਤੇ ਕਾਜ਼ੀਆਂ, ਜੋਗੀਆਂ ਤੇ ਬ੍ਰਾਹਮਣਾਂ ਦੇ ਦੰਭੀ ਜੀਵਨ ਤੋਂ ਪਰਦਾ ਲਾਹਿਆ। ਲੇਖਕ ਬੜੀ ਬੇਬਾਕੀ ਨਾਲ ਲਿਖਦਾ ਹੈ ਕਿ ਜਿਸ ਰੱਬ ਨੂੰ ਬ੍ਰਾਹਮਣ ਨੇ ਤੇਤੀ ਕਰੋੜ ਦੇਵਤਿਆਂ ਦੇ ਪਿੱਛੇ ਲੁਕੋਇਆ ਹੋਇਆ ਸੀ, ਉਸ ਰੱਬ ਨੂੰ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ ਸਾਹਮਣੇ ਲਿਆ ਪ੍ਰਗਟ ਕੀਤਾ। ਗੁਰੂ ਨਾਨਕ ਦੇਵ ਜੀ ਨੇ ਦੱਸ ਜਾਮੇ ਧਾਰ ਕੇ, ਪੰਜਾਬ ਵਾਸੀਆਂ ਨੂੰ ਬਦੇਸ਼ੀ ਗੁਲਾਮੀ, ਬ੍ਰਾਹਮਣਵਾਦ ਦੀ ਗੁਲਾਮੀ ਤੇ ਮਨੁੱਖੀ ਆਪੇ ਦੇ ਬੰਧਨਾਂ ਦੀ ਗੁਲਾਮੀ ਤੋਂ ਮੁਕਤੀ ਦਿਲਾਈ।

ਇਹ ਪੁਸਤਕ ਸਿੱਖ ਧਰਮ ਦਰਸ਼ਨ ਨੂੰ ਸਫਲਤਾ ਪੇਸ਼ ਕਰਦੀ ਹੈ। ਰੱਬ ਦੀ ਹੋਂਦ ਸੰਬੰਧੀ ਦਲੀਲਾਂ ਦੇ ਕੇ, ਪਾਠਕ ਨੂੰ ਉਸ ਦੀ ਹਸਤੀ ਪ੍ਰਤੀ ਵਿਸ਼ਵਾਸ ਦ੍ਰਿੜਾਉਂਦੀ ਹੈ। ਥੋੜ੍ਹ-ਚਿਰੇ ਜੀਵਨ ਦੇ ਪੱਲ ਪੱਲ ਨੂੰ ਮਾਣਨ ਦੀ ਪ੍ਰੇਰਨਾ ਕਰਦੀ ਹੈ ਅਤੇ ਗੁਰਮਤ ਦਰਸ਼ਨ ਦੀ ਵਿਲਖੱਣਤਾ ਨੂੰ ਪ੍ਰਗਟ ਕਰਦੀ ਹੈ। 'ਗੁਰੂ ਕਾ ਦਰਸ਼ਨ ਅਪਰ ਅਪਾਰਾ' ਸਿਰਲੇਖ ਵਿੱਚ ਲੇਖਕ ਆਖਦਾ ਹੈ ਕਿ ਗੁਰਮਤ ਦਰਸ਼ਨ ਨੇ ਛੇ ਸਾਸ਼ਤਰਾਂ ਦੀ ਵਿਚਾਰਧਾਰਾ ਨੂੰ ਰੱਦ ਕਰਕੇ ਸ਼ਬਦ ਜਾਂ ਨਾਮ ਤੇ ਜ਼ੋਰ ਦਿੱਤਾ ਅਤੇ ਸਹਜ ਮਾਰਗ ਦੇ ਗਾਡੀ ਰਾਹ ਦਾ ਪ੍ਰਚਾਰ ਕੀਤਾ। ਸਮੁੱਚੇ ਗੁਰਮਤਿ ਦਰਸ਼ਨ ਨੂੰ ਸਮਝਣ ਲਈ, ਲੇਖਕ ਅਨੁਸਾਰ, ਦਸਾ ਗੁਰੂਆਂ ਦੇ ਇਕ ਜਤੋ ਦੇ ਸਿਧਾਂਤ ਨੂੰ ਸਮਝਣਾ ਬੜਾ ਜ਼ਰੂਰੀ ਹੈ। ਲੇਖਕ ਨੇ ਖਾਲਸਈ ਜੀਵਨ ਜੁਗਤ ਦੇ ਸੋਮਿਆਂ ਵਿਚ ਰਹਿਤਨਾਮੇ ਦਾ ਵਰਣਨ ਕੀਤਾ ਹੈ ਤੇ ਗੁਰਬਾਣੀ ਨੂੰ ਸਿੱਖ ਜੀਵਨ ਜਾਚ ਦਾ ਧੁਰਾ ਦੱਸਿਆ ਹੈ। ਲੇਖਕ ਨੇ ਮਨੁੱਖੀ ਜੀਵਨ ਨੂੰ ਪਰਮਾਤਮਾ ਦੇ ਵੱਡੇ ਤਮਾਸ਼ੇ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ ਤੇ ਪਾਠਕ ਨੂੰ ਆਪਣੇ ਮਾਨਸਿਕ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਅਨੁਭਵ ਕਰਾਇਆ ਹੈ। ਇਸ ਪੱਖ ਤੋਂ 'ਪ੍ਰਭੁ ਡੋਰੀ ਹਾਥ ਤੁਮਾਰੇ' ਕਾਂਡ ਵਿਸ਼ੇਸ਼ ਅਧਿਐਨ ਕਰਨ-ਯੋਗ ਹੈ।

ਕਿਉਂਕਿ ਉਸ ਕੋਲ ਵਿਸ਼ਾਲ ਗਿਆਨ ਦਾ ਪਿਛੋਕੜ ਹੈ। ਪ੍ਰਿੰਸੀਪਲ ਗੁਰਮਤਿ ਕਾਲਿਜ ਪਟਿਆਲਾ ਦੇ ਸੇਵਾ ਕਾਲ ਸਮੇਂ ਲੇਖਕ ਨੇ ਗੁਰਬਾਣੀ ਵਿਆਕਰਣ ਦਾ ਅਭਿਆਸ ਕੀਤਾ ਅਤੇ ਉਸੇ ਅਨੁਸਾਰ ਵਿਆਖਿਆ ਕਰਦਾ ਰਿਹਾ ਹੈ। ਲੇਖਕ ਦਾ ਚਿੰਤਨ ਦਾਰਸ਼ਨਿਕ ਪੱਧਰ ਦਾ ਹੈ, ਕਿਤੇ ਕਿਤੇ ਉਸ ਨੇ ਬੜੇ

ਵਿਲੱਖਣ ਸਿੱਟੇ ਕਢੇ ਹਨ ਤੇ ਫੈਸਲਾਕੁੰਨ ਭਾਸ਼ਾ ਵਿੱਚ ਪ੍ਰੀਭਾਸ਼ਾਵਾਂ ਦਿੱਤੀਆਂ ਹਨ।

(ੳ) ਗੁਰਸਿੱਖ ਦੀ ਅੰਦਰਲੀ ਰਹਿਤ ਹੈ, ਦਇਆ ਧਾਰਨ ਕਰਨਾ ਤੇ ਬਾਹਰਲੀ ਰਹਿਤ ਹੈ ਬਖਸ਼ ਦੇਣਾ।

(ਅ) ਸਿੱਖ ਲਈ ਇਕ ਈਮਾਨਦਾਰ ਵਿਅਕਤੀ ਬਣ ਕੇ, ਸਮਾਜ ਵਿਚ ਵਿਚਰਨ ਦਾ ਆਦੇਸ਼ ਹੈ।

(ੲ) ਅੰਦਰਲੀ ਰਹਿਤ ਤੋਂ ਬਿਨਾਂ ਬਾਹਰੀ ਰਹਿਤ ਕੇਵਲ ਵਿਖਾਵਾ ਹੈ।

(ਸ) ਸੇਵਾ ਲਈ ਦੋ ਗੱਲਾਂ ਜ਼ਰੂਰੀ ਹਨ। ਹਉਮੈ ਨੂੰ ਜ਼ੀਰੋ ਡਿਗਰੀ ਤੇ ਕਰਨਾ ਤੇ ਲੰਮੀ ਉਡੀਕ ਰੱਖਣੀ।

ਇਹ ਪੁਸਤਕ ਸਿੱਖ ਗੁਰੂ ਸਾਹਿਬਾਨ ਦੀ ਸਮੁੱਚੀ ਦੇਣ ਨੂੰ ਉਜਾਗਰ ਕਰਦੀ ਹੈ ਤੇ ਨਾਲ ਹੀ ਉਨ੍ਹਾਂ ਦੇ ਸ਼ਰਧਾਲੂਆਂ, 'ਬਾਬਿਆਂ', ਸੇਵਕਾਂ ਦੀ ਸਮਾਜਕ ਸੇਵਾ ਤੇ ਘਾਲ ਕਮਾਈ ਦਾ ਵਰਣਨ ਕਰਦੀ ਹੈ। ਇਸ ਸੰਬੰਧ ਵਿੱਚ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੀ ਅਣਥੱਕ ਘਾਲ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਛੱਬੀ ਹਜ਼ਾਰ ਮੀਲ ਪੈਦਲ ਸਫ਼ਰ ਕਰਕੇ ਆਪਣੇ ਮਾਲਕ ਦੇ ਦੈਵੀ ਸਨੇਹੁੜੇ ਸੰਸਾਰ ਨੂੰ ਦਿੱਤੇ। ਗੁਰੂ ਨਾਨਕ ਦਾ ਮਿਸ਼ਨ ਵੱਖ ਵੱਖ ਧਰਮਾਂ ਵਿਚ ਰਵਾਦਾਰੀ ਅਥਵਾ ਸਹਿਨਸ਼ੀਲਤਾ ਪੈਦਾ ਕਰਨਾ ਸੀ। ਉਨ੍ਹਾਂ ਦਾ ਆਦਰਸ਼ ਹਰ ਇਕ ਆਤਮਾ ਨੂੰ, ਚਾਹੇ ਉਹ ਕਿਸੇ ਮਜ਼੍ਹਬ ਦੀ ਹੋਵੇ, ਉਸ ਦੇ ਅਸਲ ਮਾਲਕ ਨਾਲ ਮੇਲਣਾ ਸੀ। ਲੇਖਕ ਅਨੁਸਾਰ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ ਅਤੇ ਅੰਮ੍ਰਿਤਸਰ ਸਿੱਖਾਂ ਦੀਆਂ ਚਾਰ ਅਦੁੱਤੀ ਟਕਸਾਲਾਂ ਸਨ ਜੋ ਕ੍ਰਮਵਾਰ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੀਆਂ ਸਥਾਪਤ ਕੀਤੀਆਂ ਹੋਈਆਂ ਸਨ। ਇਨ੍ਹਾਂ ਅਸਥਾਨਾਂ 'ਤੇ ਸਿੱਖੀ ਦੇ ਬਿਲਕੁਲ ਨਵੇਂ ਸਮਾਜ ਦੀ ਸਿਰਜਨਾ ਹੋਈ ਜਿਹੜਾ ਸਮਾਜ ਬ੍ਰਾਹਮਣਵਾਦ ਦੀਆਂ ਬੇੜੀਆਂ ਤੋਂ ਸੁਤੰਤਰ ਸੀ ਜਿਸ ਦੀ ਮੁੱਖ ਵਿਸ਼ੇਸ਼ਤਾ ਬਾਣੀ, ਬਾਣਾ, ਰਹਿਤ ਅਤੇ ਨਾਵਾਂ ਦੀ ਇਕਸਾਰਤਾ ਸੀ ਤੇ ਇਹੀ ਵਿਸ਼ੇਸ਼ਤਾ ਸਿੱਖੀ ਦੇ ਜੋਸ਼ ਦਾ ਕਾਰਨ ਸੀ। ਪੁਸਤਕ ਵਿੱਚ ਥਾਂ ਥਾਂ ਤੇ ਸਿੱਖ ਰਹਿਤ ਮਰਿਯਾਦਾ ਦੇ ਵੱਖ ਵੱਖ ਪੜਾਵਾਂ ਦਾ ਬਿਆਨ ਕੀਤਾ ਗਿਆ ਹੈ। ਚਰਨ ਪਾਹੁਲ ਤੋਂ ਖੰਡੇ ਦੀ ਪਾਹੁਲ, ਗੁਰੂਆਂ ਦੇ ਦੇਹ ਸਾਰੀ ਗੁਰੂ ਸਰੂਪ ਤੋਂ ਸ਼ਬਦ ਸਰੂਪ ਤੱਕ, ਮਨੁੱਖੀ ਜੀਵਨ ਦੀ 'ਹਲਤ' ਤੋਂ 'ਪਲਤ' ਤੱਕ ਦੀ ਯਾਤਰਾ ਦਾ ਸਮੁੱਚਾ ਵਰਣਨ ਕੀਤਾ ਗਿਆ ਹੈ। ਇਹ ਪੁਸਤਕ ਸਿੱਖ ਧਰਮ ਦੇ ਸਮੁੱਚੇ ਵਿਕਾਸ ਦੀ ਅਹਿਮ ਦਸਤਾਵੇਜ਼ ਬਣ ਗਈ ਹੈ।

ਇਸ ਪੁਸਤਕ ਰਾਹੀਂ ਅੰਮ੍ਰਿਤ ਛਕਣ ਦੀ ਪ੍ਰਕਿਰਿਆ ਦੁਆਰਾ ਮਨੁੱਖੀ ਸ਼ਖਸੀਅਤ ਦੀ ਸਫਲ ਉਸਾਰੀ ਦਾ ਮਾਰਗ ਦਰਸਾਇਆ ਗਿਆ ਹੈ। ਲੇਖਕ ਅਨੁਸਾਰ ਅੰਮ੍ਰਿਤ ਛਕਣ ਉਪਰੰਤ ਵਿਅਕਤੀ ਇਕ ਸੁਤੰਤਰ ਵਿਅਕਤੀ ਦੇ ਰੂਪ ਵਿਚ ਉਭਰਦਾ ਹੈ ਜੋ ਪਿਤਰਾਂ ਦੇ ਕਰਜ਼, ਦੇਵਤਿਆਂ ਦੇ ਕਰਜ਼ ਤੇ ਬ੍ਰਾਹਮਣਾਂ ਦੇ ਕਰਜ਼ ਤੋਂ ਸੁਤੰਤਰ ਹੋ ਜਾਂਦਾ ਹੈ ਤੇ ਵਹਿਮਾਂ ਭਰਮਾਂ, ਜੂਠ-ਸੁੱਚ ਦੇ ਵਿਚਾਰ ਤੋਂ

ਮੁਕਤ ਹੋਕੇ ਬੁਲੰਦ ਸ਼ਖਸੀਅਤ ਦਾ ਧਾਰਨੀ ਬਣਦਾ ਹੈ।

ਲੇਖਕ ਅਨੁਸਾਰ ਸਿੱਖ ਕੌਮ ਦੀ ਸ਼ਕਤੀ ਦਾ ਕਾਰਨ ਸਿੱਖ ਰਹਿਤ ਰਹਿਣੀ ਹੈ। ਜਦੋਂ ਸਿੱਖ ਰਹਿਤ ਨਾਲੋਂ ਟੁੱਟਦਾ ਹੈ, ਉਸ ਦੀ ਕੁੱਲ ਸ਼ਕਤੀ ਦਾ ਨਾਸ਼ ਹੋ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿੱਖ ਰਹਿਤ ਦੇ ਅੰਦਰੂਨੀ ਤੱਤਾਂ ਤੋਂ ਸਖਣਾ ਹੋ ਜਾਣ ਕਾਰਨ, ਥੋੜ੍ਹੇ ਚਿਰ ਵਿੱਚ ਹੀ ਸਮਾਪਤ ਹੋ ਗਿਆ ਤੇ ਚਾਲੀ ਵਰ੍ਹਿਆਂ ਦੀ ਕਰੜੀ ਘਾਲ ਥੋੜ੍ਹੇ ਸਮੇਂ ਵਿਚ ਹੀ ਖਤਮ ਹੋ ਗਈ।

ਲੇਖਕ ਨੇ ਸਿਰਲੇਖਾਂ ਵਿਚ ਵੰਡ ਕਰਕੇ, ਸਿੱਖ ਧਰਮ ਦੇ ਵੱਖ ਵੱਖ ਵਿਸ਼ਿਆਂ ਦਾ ਸਫਲਤਾ ਨਾਲ ਪ੍ਰਗਟਾਵਾ ਕੀਤਾ ਹੈ ਤੇ ਨਾਲ ਹੀ ਨਵੀਂ ਪੀੜ੍ਹੀ ਤੇ ਪਾਠਕਾਂ ਦੇ ਮਨ ਵਿਚ ਸਿੱਖ ਧਰਮ ਪ੍ਰਤੀ ਉਠ ਸਕਣ ਵਾਲੇ ਸ਼ੰਕਿਆਂ ਦਾ ਸਮਾਧਾਨ ਕੀਤਾ ਹੈ। ਇਨ੍ਹਾਂ ਸ਼ੰਕਿਆਂ ਵਿਚੋਂ ਕੁਝ ਸ਼ੰਕੇ ਇਹ ਹਨ (i) ਗੁਰਬਾਣੀ ਸਦੀਵ ਕਾਲ ਲਈ ਨਹੀਂ ਹੈ? (ii) ਗੁਰਬਾਣੀ ਭਾਣੇ ਵਿੱਚ ਰਹਿਣ ਦੀ ਸਿਖਿਆ ਦੇ ਕੇ, ਵਿਅਕਤੀ ਦੇ ਆਤਮ-ਵਿਸ਼ਵਾਸ ਤੇ ਸਮੱਰਥਾ ਨੂੰ ਘਟਾਉਂਦੀ ਹੈ? ਇਨ੍ਹਾਂ ਸ਼ੰਕਿਆਂ ਦਾ ਸਮਾਧਾਨ 'ਪ੍ਰਭ ਡੋਰੀ ਹਾਥ ਤੁਮਾਰੇ' ਸਿਰਲੇਖ ਥੱਲੇ ਕੀਤਾ ਗਿਆ ਹੈ। ਲੇਖਕ ਅਨੁਸਾਰ ਸਿੱਖ ਗੁਰੂ ਸਾਹਿਬਾਨ ਨੇ ਹਰੇਕ ਜ਼ਾਤ ਨੂੰ ਸੁਤੰਤਰ ਤੌਰ ਤੇ ਵਿਕਾਸ ਕਰਨ ਦਾ ਮੌਕਾ ਦਿੱਤਾ ਤੇ ਮਨੁੱਖ ਦੇ ਮੂਲ ਅਧਿਕਾਰਾਂ ਦੀ ਗੱਲ ਕੀਤੀ। ਇਕ ਹੋਰ ਸ਼ੰਕਾ ਇਹ ਹੈ ਕਿ (iii) ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਮਾਰਗ ਵੱਖ ਵੱਖ ਹੈ। ਲੇਖਕ ਨੇ ਸਿੱਧ ਕੀਤਾ ਹੈ ਕਿ ਗੁਰੂ ਨਾਨਕ ਦੀ ਜੋਤ ਹੀ ਵੱਖ ਵੱਖ ਗੁਰੂਆਂ ਵਿੱਚੋਂ ਹੁੰਦੀ ਹੋਈ ਦਸਮ ਗੁਰੂ ਤਕ ਪਹੁੰਚੀ ਅਤੇ ਫਿਰ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਮਾਅ ਗਈ।

ਲੇਖਕ ਨੇ ਸਿੱਖ ਧਰਮ ਦਾ ਭਾਰਤੀ ਧਰਮਾਂ ਤੇ ਸਿਆਮੀ ਧਰਮਾਂ ਨਾਲ ਤੁਲਨਾਤਮਿਕ ਅਧਿਐਨ ਪੇਸ਼ ਕਰਕੇ ਇਸ ਦੀ ਵਿਲੱਖਣਤਾ ਨੂੰ ਦਰਸਾਇਆ ਹੈ ਤੇ ਇਸ ਨੂੰ ਵਿਗਿਆਨਕ ਧਰਮ ਸਿੱਧ ਕੀਤਾ ਹੈ। ਲੇਖਕ ਨੇ ਸਿੱਖ ਲਹਿਰ ਦੇ ਭਗਤੀ ਲਹਿਰ ਨਾਲ ਸੰਬੰਧਾਂ ਨੂੰ ਬਿਆਨ ਕੀਤਾ ਹੈ ਤੇ ਭਾਰਤੀ ਸਮਾਜ ਦੀਆਂ ਕਮਜ਼ੋਰੀਆਂ ਤੇ ਪ੍ਰਕਾਸ਼ ਪਾਇਆ ਹੈ। ਗੁਰੂ ਨਾਨਕ ਦੇਵ ਜੀ ਨੇ ਉਸ ਵੇਲੇ ਦੀਆਂ ਮਾਨਤਾਵਾਂ, ਵਰਣ ਵਿਵਸਥਾ ਤੋਂ ਉਪਜੀ ਅਪਮਾਨਤਾ, ਜ਼ਾਤ ਪਾਤ, ਊਚ-ਨੀਚ ਵਰਗੀਆਂ ਪਰੰਪਰਾਵਾਂ ਨੂੰ ਨਕਾਰ ਕੇ ਹੌਲੀ ਹੌਲੀ ਨਵੇਂ ਸਮਾਜ ਦੀ ਸਿਰਜਨਾ ਕੀਤੀ ਜਿਸ ਨੂੰ ਖਾਲਸਾ ਨਾਮ ਦਿੱਤਾ ਗਿਆ।

ਖਾਲਸਾ ਪੰਥ ਦੇ ਤਿੰਨ ਸੌ ਸਾਲਾ ਸਾਜਨਾ ਦਿਵਸ ਦੇ ਅਵਸਰ ਤੇ ਲੇਖਕ, ਸਿੱਖ ਕੌਮ ਦੇ ਆਗੂਆਂ ਅਤੇ ਸਮੁੱਚੀ ਸਿੱਖ-ਸੰਗਤ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਪ੍ਰੇਰਦਾ ਹੈ। ਲੇਖਕ ਸਿੱਖ ਧਰਮ ਦੀ ਅਜੋਕੀ ਸਥਿਤੀ ਪ੍ਰਤੀ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਸ ਵਿੱਚ ਘੁਸ-ਪੈਠ ਕਰ ਰਹੇ ਬ੍ਰਾਹਮਣੀ ਪ੍ਰਭਾਵਾਂ ਹਿੰਦੂਤੱਵ ਦੇ ਧਾਰਮਿਕ ਅਤੇ ਸਭਿਆਚਾਰਕ ਹਮਲਿਆਂ ਤੋਂ ਸੁਚੇਤ ਕਰਦਾ ਹੈ। ਸਿੱਖ ਸੰਤਾਂ ਦੇ ਵੱਖ ਵੱਖ ਡੇਰਿਆਂ ਦੀ ਵੱਖਰੀ ਵੱਖਰੀ ਮਰਿਯਾਦਾ ਦਾ ਹੋਣਾ, ਬੀਬੀਆਂ ਨੂੰ ਮਹਾਰਾਜ ਦੀ ਤਾਬਿਆਂ ਨਾ ਬਹਿਣ ਦਾ ਭਰਮ, ਕੇਵਲ

ਕਛਹਿਰਾ ਪਾਕੇ ਹੀ ਤਾਬਿਆਂ ਬਹਿਣ ਦਾ ਭਰਮ, ਸਿੱਖ ਅਰਦਾਸ ਦਾ ਕੇਵਲ ਰਸਮੀ ਜਿਹਾ ਬਣਦੇ ਜਾਣਾ, ਅਖੰਡ ਪਾਠਾਂ ਤੇ ਹੋਰ ਕਈ ਪ੍ਰਕਾਰ ਦੇ ਪਾਠਾਂ ਦੀਆਂ ਲੜੀਆਂ ਦਾ ਪ੍ਰਚਲਤ ਹੋਣਾ ਆਦਿ ਵਹਿਮ ਭਰਮ ਬ੍ਰਾਹਮਣੀ ਪ੍ਰਭਾਵਾਂ ਨੂੰ ਪ੍ਰਤੱਖ ਦਰਸਾਉਂਦੇ ਹਨ। ਇਨ੍ਹਾਂ ਨੇ ਖਾਲਸਾ ਪੰਥ ਦੀ ਏਕਤਾ ਤੇ ਇਕਸੁਰਤਾ ਨੂੰ ਭੰਗ ਕਰ ਦਿੱਤਾ ਹੈ। ਲੇਖਕ ਅਨੁਸਾਰ ਪੁਜਾਰੀ ਵਰਗ ਗੁਰਦੁਆਰਿਆਂ, ਤੇ ਕਾਬਜ਼ ਹੋ ਰਿਹਾ ਹੈ ਜਿਨ੍ਹਾਂ ਦਾ ਵਿਦਿਅਕ ਤੇ ਸੋਚ-ਮਿਆਰ ਇੰਨਾਂ ਘਟੀਆ ਹੈ ਕਿ ਖਾਲਸਾ ਪੰਥ ਮਿਲ-ਗੋਭਾ ਪੰਥ ਬਣਨ ਦੇ ਖਤਰਨਾਕ ਪੜਾਅ ਤਕ ਪਹੁੰਚ ਗਿਆ ਹੈ। ਸਿੱਖ ਧਰਮ ਵਿਚ ਵਿਕਸਿਤ ਹੋ ਰਹੇ ਧਾਰਮਕ ਕਰਮਕਾਂਡ ਦਾ ਬਿਉਰਾ 'ਸਨੇਹੁੜੇ ਮਰਦ-ਅੰਗਮੜੇ' ਕਾਂਡ ਵਿਚ ਕੀਤਾ ਗਿਆ ਹੈ।

ਲੇਖਕ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੀ ਤਿੰਨ ਸੌ ਸਾਲਾ ਸਾਜਨਾ ਸਮਾਗਮਾਂ ਉੱਤੇ ਖ਼ੁਸ਼ ਨਹੀਂ ਹੋਏ ਹੋਣੇ ਕਿਉਂਕਿ ਪੰਥ ਇਸ ਸਮੇਂ ਟੌਹੜਾ ਤੇ ਬਾਦਲ ਧੜਿਆਂ ਵਿਚ ਵੰਡਿਆ ਗਿਆ। ਦੋਹਾਂ ਨੇ ਅਨੰਦਪੁਰ ਸਾਹਿਬ ਵਿਖੇ ਵੱਖਰੀਆਂ ਸਟੇਜਾਂ ਲਗਾ ਕੇ ਇਕ ਦੂਜੇ ਤੇ ਖ਼ੂਬ ਚਿਕੜ ਉਛਾਲਿਆ। ਗੁਆਂਢੀ ਕੌਮਾਂ ਵਿੱਚ ਖਾਲਸਾ ਪੰਥ ਦਾ ਮਜ਼ਾਕ ਬਣਿਆ। ਖਾੜਕੂਵਾਦ ਸਮੇਂ ਹੋਈਆਂ ਲੁਟਾਂ ਖੋਹਾਂ ਕਾਰਨ ਸਿੱਖ ਕੌਮ ਬਦਨਾਮ ਹੋਈ। 1984 ਵਿੱਚ ਸਿੱਖਾਂ ਦਾ ਕਤਲਿਆਮ ਹੋਇਆ। ਲੇਖਕ ਅਨੁਸਾਰ ਅਸੀਂ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਤੋਂ ਪਿੱਠ ਫੇਰ ਕਰਕੇ 'ਖ਼ਾਲਸੇ ਦੇ ਬੋਲਬਾਲੇ' ਦੀ ਜਾਚਨਾ ਕਰਨ ਦੇ ਅਧਿਕਾਰੀ ਨਹੀਂ ਰਹੇ। ਚੋਣਾਂ ਸਮੇਂ, ਇੱਥੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਸ਼ਰਾਬ ਦੀ ਖੁਲ੍ਹੀ ਵਰਤੋਂ ਹੁੰਦੀ ਹੈ। ਇਹ ਗੱਲਾਂ ਖਾਲਸੇ ਲਈ ਕਿਵੇਂ ਸ਼ੋਭਨੀਕ ਹੋ ਸਕਦੀਆਂ ਹਨ? ਸ੍ਰੀ ਅਕਾਲ ਤਖਤ ਤੇ ਹੋਏ ਵਿਵਾਦ ਤੇ ਉਸਨੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

*ਡਾ. ਇੰਦਰਜੀਤ ਵਾਸੂ,*
*ਪ੍ਰਿੰਸੀਪਲ, ਗੁਰੂ ਨਾਨਕ ਨਵ-ਭਾਰਤ ਕਾਲਜ*
*ਨਰੂੜ ਪਾਂਛਟ*
*(ਜ਼ਿਲਾ ਕਪੂਰਥਲਾ)*

# ਦੋ ਸ਼ਬਦ

'ਸਨੇਹੁੜੇ ਮਰਦ ਅੰਗਮੜੇ ਦੇ' ਪੁਸਤਕ ਲਿਖਣ ਦੀ ਪ੍ਰੇਰਨਾ ਖਾਲਸਾ ਜੀ ਦੀ ਸਾਜਨਾ ਦੀ ਤ੍ਰੈ-ਸ਼ਤਾਬਦੀ ਨੇ ਦਿੱਤੀ। ਮੇਰੇ ਮਰਦ ਅੰਗਮੜੇ ਗੁਰੂ ਨਾਨਕ ਪਾਤਿਸ਼ਾਹ ਹਨ, ਜਿਨ੍ਹਾਂ ਨੇ ਦਸ ਜਾਮਿਆਂ ਵਿਚ ਦੀ ਆਪਣੇ ਗੁਰ-ਜੋਤਿ ਸਰੂਪ ਨੂੰ ਹਲੂਲ ਕਰਕੇ ਆਪਣੇ ਆਪ ਨੂੰ ਅੰਤ ਧੁਰ ਕੀ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਕਾਸ਼ਮਾਨ ਕਰ ਦਿਤਾ। ਆਪ ਜੀ ਦੀ ਧੁਰ ਦੀ ਰੂਹਾਨੀ ਵਿਚਾਰਧਾਰਾ ਨੇ ਆਪ ਦੇ ਸਭ ਸਮਕਾਲੀ ਧਰਮਾਂ ਦੇ ਆਗੂਆਂ ਅਤੇ ਜਨ-ਸਾਧਾਰਨ ਨੂੰ ਕਾਇਲ ਕੀਤਾ ਜਿਸ ਸਦਕਾ ਅਨੇਕਾਂ ਐਸੀਆਂ ਰੂਹਾਂ ਦਾ ਉਧਾਰ ਹੋਇਆ ਜੋ ਕਾਫੀ ਚਿਰ ਤੋਂ ਸਹੀ ਸੇਧ ਨਾ ਮਿਲਣ ਕਾਰਣ ਭਟਕ ਰਹੀਆਂ ਸਨ। ਭਾਈ ਗੁਰਦਾਸ ਜੀ ਨੇ ਆਪਣੀ ਗਿਆਰ੍ਹਵੀਂ ਵਾਰ ਵਿੱਚ ਅਨੇਕਾਂ ਇਹੋ ਜਿਹੀਆਂ ਰੂਹਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਨੂੰ ਮਰਦ ਅਗੰਮੜੇ ਤੋਂ ਸੇਧ ਮਿਲੀ। ਮੁਲਸਮਾਨ ਪੀਰਾਂ ਨੇ ਭੀ ਆਪ ਦੇ ਚਰਨ ਪਰਸੇ। ਪੀਰ ਦਸਤਗੀਰ, ਪੀਰ ਹਮਜ਼ਾਗੌਂਸ,ਵਲੀ ਕੰਧਾਰੀ, ਮੁਲਤਾਨ ਦੇ ਪੀਰਾਂ ਦੀ ਮਜਲਸ, ਅੱਲਾਯਾਰ ਖਾਨ, ਮੀਆਂ ਮੀਰ, ਪੀਰ ਸੈਫ਼ੁਦੀਨ, ਪੀਰ ਭੀਖਨ ਸ਼ਾਹ ਅਤੇ ਪੀਰ ਬੁਧੂਸ਼ਾਹ ਕੁਝ ਐਸੇ ਮੁਸਲਮਾਨ ਪੀਰ ਹਨ, ਜਿਨ੍ਹਾਂ ਦਾ ਸਿੱਖ ਇਤਿਹਾਸ ਵਿਚ ਜ਼ਿਕਰ ਮਿਲਦਾ ਹੈ। ਸਖ਼ੀ ਸਰਵਰ ਦੀਆਂ ਕਬਰਾਂ ਦੇ ਅਨੇਕਾਂ ਚੇਲੇ ਦਰੂਦ ਦੀ ਝਾਕ ਛੱਡ ਕੇ ਆਪ ਜੀ ਦੀ ਵਰੋਸਾਈ ਹੋਈ ਸੰਗਤ ਵਿੱਚ ਆ ਰਲ਼ੇ ਅਤੇ ਗੁਰੂ ਘਰ ਦੇ ਅਨਿੰਨ ਸੇਵਕ ਬਣ ਕੇ ਕਈ ਪੀੜ੍ਹੀਆਂ ਤੋਂ ਸੇਵਾ ਕਰਦੇ ਆ ਰਹੇ ਹਨ, ਭਾਈ ਮੰਝ, ਭਾਈ ਰੂਪਾ, ਭਾਈ ਰਾਏ ਜੋਧ ਆਦਿ ਖਾਸ ਤੌਰ ਤੇ ਵਰਣਨ ਜੋਗ ਹਨ।

ਚਾਰ-ਪ੍ਰਚਾਰ -ਫੇਰੀਆਂ (ਉਦਾਸੀਆਂ) ਦੌਰਾਨ ਅੰਦਾਜ਼ਾ ਹੈ ਆਪ ਨੇ 26000 ਹਜ਼ਾਰ ਮੀਲ ਦਾ ਬਿਖੜਾ ਪੈਂਡਾ ਉਨ੍ਹਾਂ ਸਮਿਆਂ ਵਿਚ ਤੈਅ ਕੀਤਾ ਜਦੋਂ ਪੱਕੀਆਂ ਸੜਕਾਂ ਨਹੀਂ ਸਨ, ਅਤੇ ਨਾ ਹੀ ਤੇਜ਼ ਰਫ਼ਤਾਰ ਆਵਾਜਾਈ ਦੇ ਸਾਧਨ ਸਨ। ਕਿਤੇ ਮੈਦਾਨੀ ਇਲਾਕੇ ਦਾ ਸਫ਼ਰ, ਕਿਤੇ ਰੇਗਿਸਤਾਨ ਵਿਚ ਦੀ ਹੁੰਦੇ ਹੋਏ ਹੱਜ ਕੀਤਾ, ਇਰਾਕ, ਕਾਬਲ ਕੰਧਾਰ ਤੋਂ ਹੁੰਦੇ ਹੋਏ ਵਾਪਿਸ ਪਰਤੇ। ਸਿੱਧਾਂ ਨਾਥਾਂ ਨਾਲ ਮਿਲਣ ਲਈ ਕਈ ਪਹਾੜਾਂ 'ਤੇ ਚੜ੍ਹੇ। ਮਰਦ ਅਗੰਮੜੇ ਪਾਸ ਇਕ ਵਿਸ਼ੇਸ਼ ਸੁਨੇਹਾ ਸੀ, ਜਿਸ ਰਾਹੀਂ ਉਨ੍ਹਾਂ ਨੇ ਇਤਨੇ ਬਿਖੜੇ ਪੈਂਡੇ ਝਾਗ ਕੇ ਅਨੇਕਾਂ ਰੂਹਾਂ ਨੂੰ ਤੁਣਕਾ ਮਾਰ ਕੇ ਜਗਾਇਆ। ਇਹ ਸਾਰਾ ਕਾਰਜ ਅੰਦਾਜ਼ਾ ਹੈ ਆਪ ਨੇ 1520 ਈ: ਤਕ ਪੂਰਾ ਕਰ ਲਿਆ ਸੀ।

ਉਦਾਸੀਆਂ ਤੋਂ ਮਗਰੋਂ ਆਪਨੇ ਰਾਵੀ ਪਾਰ ਦੇ ਇਕ ਪਿੰਡ (ਕਰਤਾਰਪੁਰ) ਵਿਚ ਬੈਠ ਕੇ ਧਰਮ ਪ੍ਰਚਾਰ ਦੇ ਨਾਲ ਨਾਲ ਖੇਤੀ ਵੀ ਕੀਤੀ। ਪ੍ਰਚਾਰ ਉਦਾਸੀਆਂ ਤੋਂ ਪਹਿਲਾਂ ਆਪ ਨੇ ਸੁਲਤਾਨਪੁਰ ਲੋਧੀ ਵਿਖੇ ਸਰਕਾਰ ਦੇ ਮੋਦੀ ਬਣ ਕੇ ਨੌਕਰੀ ਕੀਤੀ ਸੀ। ਪ੍ਰਚਾਰ ਦੌਰਿਆਂ ਤੋਂ ਫਾਰਗ਼ ਹੋ ਕੇ ਹੁਣ ਖੇਤੀ ਕਰਨੀ ਆਰੰਭੀ। ਘਰਬਾਰੀ ਵਿਅਕਤੀ ਲਈ ਵਾਪਾਰ ਅਤੇ ਖੇਤੀ ਸਾਰੇ ਚੰਗੇ ਹਨ। ਧਰਮ ਦੀ ਕਿਰਤ ਕਰਨ ਵਾਲੇ ਲਈ ਸਾਰੇ ਕੰਮ ਬਰਾਬਰ ਹਨ। ਆਪ ਇਹ ਮਾਰਗ-ਦਰਸ਼ਨ ਕਰ ਰਹੇ

ਸਨ ਕਿ ਕੁਝ ਲੋਕਾਂ ਨੇ ਧਰਮ ਪ੍ਰਚਾਰ ਨੂੰ ਆਪਣਾ ਕਿੱਤਾ ਬਣਾਇਆ ਹੋਇਆ ਸੀ, ਜੋ ਠੀਕ ਨਹੀਂ ਹੈ। ਜਿਵੇਂ ਬ੍ਰਾਹਮਣ, ਸਾਧੂ, ਭਿਖਸ਼ੂ, ਸੰਤ, ਸਿਧ, ਜੋਗੀ, ਦਿਗੰਬਰ ਜਾਂ ਸਵੈਤੰਬਰ ਸਾਧ ਦੇ ਰੂਪ ਵਿਚ ਵਿਚਰਦੇ ਸਨ, ਪਰ ਕਿਰਤ ਕੋਈ ਨਹੀਂ ਸੀ ਕਰਦਾ। ਮਹਾਰਾਜ ਨੇ ਧਰਮ ਪ੍ਰਚਾਰ ਕਰਦਿਆਂ ਕਿਰਤ ਕਰਨ ਦੀ ਸਿਖਿਆ ਦਿਤੀ। ਧਰਮੀ ਬੰਦਾ ਕਿਰਤ ਕਿਉਂ ਨ ਕਰੇ? ਆਪ ਇਹੋ ਸਵਾਲ ਅਖੌਤੀ ਧਰਮੀਆਂ ਤੋਂ ਪੁਛਦੇ ਹੁੰਦੇ?

ਸੰਨ 1521 ਦੇ ਲੱਗਪੱਗ, ਜੋ ਧਰਮ ਸਾਲ ਆਪ ਨੇ ਕਰਤਾਰਪੁਰ (ਰਾਵੀਪਾਰ) ਵਿਖੇ ਕਾਇਮ ਕੀਤੀ, ਉਸ ਵਿਚ ਆਪ ਜੀ ਦੇ ਅਨੇਕਾਂ ਸ਼ਰਧਾਲੂ ਸਿੱਖ ਦੂਰੋਂ ਨੇੜਿਓ ਆ ਰਲੇ, ਜਿਨ੍ਹਾਂ ਵਿੱਚ ਵਿਸ਼ੇਸ਼ ਕਰਕੇ ਬਾਬਾ ਬੁੱਢਾ ਜੀ, ਭਾਈ ਲਹਿਣਾ ਜੀ ਸ਼ਾਮਿਲ ਹੋਏ। ਇਹ ਇਕ ਨਵੀਂ ਅਤੇ ਅਦੁਤੀ ਟਕਸਾਲ ਸੀ, ਜਿੱਥੇ ਸਤਿਗੁਰੂ ਜੀ ਸਿੱਖ ਦੀ ਸੁਰਤਿ, ਮਤਿ ਅਤੇ ਬੁਧਿ ਨੂੰ ਘੜਿਆ, ਜਿਸ ਸਦਕਾ ਸਿੱਖ ਦੇ ਅੰਤਰ ਆਤਮੇ ਬ੍ਰਹਮ ਗਿਆਨ ਦੀ ਜੋਤਿ ਜਗਮਗਾ ਉਠੀ, ਸਿੱਖ ਨੂੰ ਜਾਗਤ ਜੋਤਿ ਨਾਲ ਮੇਲਣਾ ਹੀ ਮਰਦ ਅੰਗਮੜੇ ਜੀ ਦਾ ਮਿਸ਼ਨ ਸੀ ਅਤੇ ਹੁਣ ਤਕ ਚਲਿਆ ਆਉਂਦਾ ਹੈ। ਸਿੱਖ ਨੂੰ ਮੁੱਢ ਤੋਂ ਇਹੋ ਸਿੱਖਿਆ ਦਿਤੀ ਜਾਂਦੀ ਰਹੀ ਹੈ:-

**ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ॥** *(ਪੰਨਾ ੧੨)*

ਇਉਂ ਫਿਰ ਰਾਵੀ ਪਾਰ ਦੀ ਟਕਸਾਲ ਤੋਂ ਮਗਰੋਂ ਗੁਰੂ ਅੰਗਦ ਦੇਵ ਜੀ ਨੇ ਇਸ ਕਿਸਮ ਦੀ ਟਕਸਾਲ ਖਡੂਰ ਸਾਹਿਬ ਆਣ ਖੋਲ੍ਹੀ। ਇਸ ਟਕਸਾਲ ਵਿਖੇ ਭਾਈ ਅਮਰਦਾਸ ਜੀ ਪ੍ਰਮੁੱਖ ਸੇਵਾਦਾਰ ਹੋਏ। ਜਦੋਂ ਆਪ ਨੂੰ ਹੁਕਮ ਹੋਇਆ ਤਾਂ ਸ੍ਰੀ ਗੋਇੰਦਵਾਲ ਵਿਖੇ ਆਪ ਅੰਦਰ ਗੁਰ-ਜੋਤਿ ਦੇ ਪ੍ਰਕਾਸ਼ ਨਾਲ ਆਪ ਜੀ 22 ਸਾਲ ਤਕ ਇਕ ਹੋਰ ਨਵੀਂ ਟਕਸਾਲ ਚਲਾਂਦੇ ਰਹੇ। ਗੋਇੰਦਵਾਲ ਤੋਂ ਉਠ ਕੇ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਜੋਤਿ ਜਗਾਈ। ਗੁਰ ਇਤਿਹਾਸ ਤੋਂ ਤਾ ਲਗਦਾ ਹੈ ਕਿ ਸ੍ਰੀ ਕਰਤਾਰਪੁਰ ਸ੍ਰੀ ਖਡੂਰ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਅਤੇ ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਸਿਖ ਧਰਮ ਦੇ ਮਹਾਨ ਕੇਂਦਰ ਹੋ ਕੇ ਉਭਰੇ। ਇਨ੍ਹਾਂ ਅਸਥਾਨਾਂ ਵਿਖੇ ਇਕ ਨਵੇਂ ਕਿਸਮ ਦੇ ਸਮਾਜ ਦੀ ਸਿਰਜਣਾ ਹੁੰਦੀ ਰਹੀ ਜੋ ਬੇਦ-ਸ਼ਾਸਤ੍ਰੀ ਵਿਚਾਰਧਾਰਾ ਦੀ ਜੀਵਨ ਜਾਂਚ ਨਾਲੋਂ ਵੱਖਰੀ ਸੀ। ਇਸ ਅਨੁਸਾਰ ਸਿੱਖ ਆਪਣੇ ਕੁਲ ਪ੍ਰੋਹਿਤ, ਕੁਲ ਦੇ ਦੇਵਤੇ, ਕੁਲ ਦੀ ਜ਼ਾਤ, ਕੁਲ ਦੇ ਰੀਤੀ-ਰਿਵਾਜ਼ਾਂ ਨੂੰ ਭੀ ਪਿਛੇ ਛੱਡ ਕੇ ਕੇਵਲ ਗੁਰੂ ਦੁਆਰਾ ਦ੍ਰਿੜ੍ਹਾਈ ਰਹਿਤ ਦੇ ਧਾਰਨੀ ਬਣਦੇ ਰਹੇ। ਇਨ੍ਹਾਂ ਨੂੰ ਗੁਰੂ ਬਾਬੇ ਕੇ ਸਿੱਖ ਦੇ ਨਾਮ ਨਾਲ ਜਾਣਿਆ ਜਾਂਦਾ। ਇਉਂ ਮਰਦ ਅੰਗਮੜੇ ਨੇ ਆਪਣੀ ਵਿਚਾਰਧਾਰਾ ਨਾਲ ਮਨੁੱਖਤਾ ਨੂੰ ਸਦੀਆਂ ਤੋਂ ਬ੍ਰਹਮਣਵਾਦੀ ਵਿਚਾਰਧਾਰਾ ਦੀਆਂ ਬੇੜੀਆਂ ਤੋਂ ਆਜ਼ਾਦ ਕਰਾਇਆ।

ਗੁਰੂ ਨਾਨਕ ਦੇਵ ਜੀ ਤੋਂ ਇਲਾਵਾ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ, ਆਪੋ ਆਪਣੇ ਕੇਂਦਰਾਂ ਤੋਂ ਦੂਰ ਦੁਰਾਡੇ ਥਾਂਵਾਂ ਤੇ ਧਰਮ-ਪ੍ਰਚਾਰ ਹਿੱਤ

ਜਾਂਦੇ ਰਹੇ। ਜਿਥੇ ਜਿਥੇ ਵੀ ਸਤਿਗੁਰੂ ਸਾਹਿਬਾਨ ਦੇ ਪਾਵਨ ਚਰਨ ਪਏ, ਉਥੇ ਉਥੇ ਆਪ ਨੇ ਸੰਗਤਾਂ ਕਾਇਮ ਕੀਤੀਆਂ। ਕਈ ਥਾਈਂ ਨਵੇਂ ਨਗਰ ਵਸਾਏ। ਇਨ੍ਹਾਂ ਨਵੀਆਂ ਸੰਗਤਾਂ ਵਿਚ ਹਰਿ-ਜਸ ਕਰਨ ਦੀ ਸੁਹਾਵਣੀ ਪਿਰਤ ਪਈ। ਇਨ੍ਹਾਂ ਸੰਗਤਾਂ ਰਾਹੀਂ ਮਰਦ ਅੰਗਮੜੇ ਦੇ ਸੁਨੇਹੜੇ ਦੂਰ ਦੂਰ ਤਕ ਜਨ-ਸਾਧਾਰਨ ਤਕ ਪੁੱਜਦੇ ਰਹੇ। 17ਵੀਂ ਸਦੀ ਦੇ ਅੰਤ ਤਕ ਸਿੱਖ ਧਰਮ ਦਾ ਪ੍ਰਸਾਰ ਬੰਗਾਲ, ਬਿਹਾਰ, ਉੜੀਸਾ, ਬਿਦਰ, ਗੁਜਰਾਤ, ਮਹਾਰਾਸ਼ਟਰ ਆਦਿ ਥਾਂਵਾਂ ਤਕ ਪੁਜ ਚੁਕਾ ਸੀ।

1699 ਦੀ ਵੈਸਾਖੀ ਦੇ ਮੌਕੇ ਜਦੋਂ ਦਸਵੇਂ ਪਾਤਸ਼ਾਹ ਦੇ ਸਨੇਹੁੜੇ ਦੂਰ ਦੁਰਾਡੀਆਂ ਸੰਗਤਾਂ ਨੂੰ ਪੁਜੇ ਤਾਂ ਉਸ ਸਮੇਂ ਤਕ ਇਹ ਅਨੁਮਾਨ ਹੈ ਕਿ ਅਨੇਕਾਂ ਸਿੱਖ ਸਤਿਗੁਰੂ ਤੋਂ ਚਰਨ-ਪਾਹੁਲ ਪ੍ਰਾਪਤ ਕਰ ਚੁੱਕੇ ਸਨ। ਸੱਪਸ਼ਟ ਹੈ ਕਿ ਜੋ ਸਿੱਖ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੈਸਾਖੀ ਦੇ ਮੌਕੇ ਪੁਜੀਆਂ ਉਹ ਆਪਣੇ ਸਤਿਗੁਰੂ ਜੀ ਨੂੰ ਆਪਣਾ ਤਨ ਮਨ ਅਤੇ ਧਨ ਅਰਪਨ ਕਰਕੇ , ਪੂਰਨ ਤੌਰ ਤੇ ਸਮਰਪਣ ਹੋ ਚੁੱਕੀਆਂ ਸਨ। ਜਦੋਂ ਪਾਤਸ਼ਾਹ ਨੇ ਉਥੇ ਸਜੇ ਹੋਏ ਦੀਵਾਨ ਵਿਚ ਸੀਸ ਭੇਂਟ ਲਈ ਮੰਗ ਕੀਤੀ ਤਾਂ ਉਦੋਂ ਸਿੱਖ ਸੰਗਤਾਂ ਵਿਚ ਕੋਈ ਭਗਦੜ ਨਹੀਂ ਮੱਚੀ ਜਿਵੇਂ ਕਈ ਭੁਲੜ ਅਤੇ ਬਿਗਾਨੇ ਇਤਿਹਾਸਕਾਰਾਂ ਨੇ ਦਰਸਾਉਣ ਦਾ ਜਤਨ ਕੀਤਾ ਹੈ। ਸੱਚ ਤਾਂ ਇਹ ਹੈ ਸਿੱਖਾਂ ਦੇ ਮਨ ਵਿਚ ਸਦਾ ਹੀ ਇਹ ਚਾਉ ਰਿਹਾ ਹੈ ਕਿ ਕਦੋਂ ਉਹ ਆਪਣਾ ਸਭ ਕੁਛ ਗੁਰੂ ਤੋਂ ਨਿਛਾਵਰ ਕਰ ਦੇਣ। ਉਨ੍ਹਾਂ ਲਈ ਵੈਸਾਖੀ 1699 ਈ: ਇਕ ਸੁਭਾਗਾ ਅਵਸਰ ਸੀ। ਸਤਿਗੁਰੂ ਜੀ ਨੇ ਪਾਹੁਲ ਤਿਆਰ ਕਰਕੇ ਖਾਲਸਾ ਪੰਥ ਦੀ ਸਾਜਨਾ ਆਪਣੇ ਕਰ-ਕਮਲਾਂ ਨਾਲ ਕੀਤੀ।

ਚਰਨ ਪਾਹੁਲ ਤੋਂ ਖੰਡੇ ਦੀ ਪਾਹੁਲ ਦਾ ਕੌਤਕ ਸਤਿਗੁਰਾਂ ਦੀ ਭਵਿੱਖ-ਮੁਖੀ ਦ੍ਰਿਸ਼ਟੀ ਦਾ ਸੂਚਕ ਹੈ। ਚਰਨ ਪਾਹੁਲ ਨੂੰ ਆਪਣੇ ਹੱਥੀਂ ਸਮਾਪਤ ਕਰਕੇ ਅਤੇ ਖਾਲਸਾ ਦੀ ਸਿਰਜਨਾ ਇਸ ਸਿਧਾਂਤ ਵਲ ਸੰਕੇਤ ਸੀ ਕਿ ਭਵਿੱਖ ਵਿਚ ਇਸ ਨਵੀਂ ਵਿਧੀ ਨਾਲ ਨਾਨਕ ਨਿਰਮਲ ਪੰਥ ਨੂੰ ਨਿਰੰਤਰ ਚਲਦਾ ਰਖਣ ਲਈ ਖੰਡੇ ਦੀ ਪਾਹੁਲ ਹੀ ਪਰਵਾਨਤ ਵਿਧੀ ਖਾਲਸੇ ਪਾਸ ਹੋਵੇਗੀ। ਗੁਰ ਸੰਗਤ ਨੂੰ ਖਾਲਸੇ ਦਾ ਨਾਮ ਦਿੱਤਾ ਗਿਆ। ਪਹਿਲਾਂ ਖਾਲਸੇ ਨੂੰ ਖੰਡੇ ਦੀ ਪਾਹੁਲ ਛਕਾਉਣ ਤੋਂ ਮਗਰੋਂ ਆਪਣੇ ਗੁਰੂ ਅਤੇ ਚੇਲੇ ਦੀ ਵਿੱਥ ਦੂਰ ਕੀਤੀ। ਆਉਣ ਵਾਲੇ ਸਮੇਂ ਲਈ ਖਾਲਸਾ ਪੰਥ ਨੂੰ ਖੰਡੇ ਦੀ ਪਾਹੁਲ ਦੇ ਕੇ ਸਿੰਘ ਸਜਾਉਣ ਦਾ ਅਧਿਕਾਰੀ ਬਣਾਇਆ। ਇਹ ਇਕ ਅਲੌਕਿਕ ਕ੍ਰਿਸ਼ਮਾ ਹੈ ਜੋ ਸੰਸਾਰ ਦੇ ਕਿਸੇ ਪੈਗ਼ੰਬਰ ਜਾਂ ਕਿਸੇ ਮੋਢੀ ਨੇ ਅਜ ਤਕ ਨਹੀਂ ਕੀਤਾ। ਖਾਲਸੇ ਨੂੰ ਵਾਹਿਗੁਰੂ ਜੀ ਦੀ ਮੌਜ ਵਿਚੋਂ ਪ੍ਰਗਟ ਹੋਇਆ ਆਖਣਾ ਇਹ ਸਤਿਗੁਰਾਂ ਦੀ ਆਤਮਕ ਉਚਿਆਣ ਦਾ ਸੂਚਕ ਹੈ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਤੋਂ ਇਹ ਸਮਝ ਆਉਂਦੀ ਹੈ ਕਿ ਸਚੇ ਪਾਤਸ਼ਾਹ ਨੇ ਭਾਵੇਂ ਖਾਲਸੇ ਨੂੰ ਆਪਣੇ ਹੱਥੀਂ ਸਾਜਿਆ, ਪਰ ਇਸ ਦੀ ਵਡਿਆਈ ਆਪ ਨਹੀਂ ਲਈ, ਸਗੋਂ ਖਾਲਸੇ ਨੂੰ ਅਕਾਲਪੁਰਖ ਦੀ ਫੌਜ ਦਾ ਮਾਣ ਬਖ਼ਸ਼ਿਆ। ਅਕਾਲਪੁਰਖ ਸਦਾ ਖਾਲਸੇ ਦੇ ਅੰਗ ਸੰਗ ਰਿਹਾ ਹੈ ਅਤੇ ਖਾਲਸਾ ਅਕਾਲਪੁਰਖ ਦਾ ਮਿਸ਼ਨਰੀ ਹੈ। ਜਦੋਂ ਖਾਲਸੇ ਦੀ ਮਤਿ, ਮਨ ਅਤੇ ਬੁਧਿ ਵਿਚ ਇਹ ਗੱਲ ਦ੍ਰਿੜ੍ਹ ਹੋ ਜਾਏਗੀ ਕਿ ਮੈਂ ਅਕਾਲਪੁਰਖ ਦਾ ਮਿਸ਼ਨਰੀ ਹਾਂ, ਅਤੇ ਫੌਜੀ

ਹਾਂ, ਮੈਨੂੰ ਮਰਦ ਅੰਗਮੜੇ ਨੇ ਅਕਾਲਪੁਰਖ ਦੇ ਸਪੁਰਦ ਕੀਤਾ ਹੈ, ਉਦੋਂ ਖਾਲਸਾ ਨਿਰਭੈ ਹੋ ਕੇ ਵਿਚਰੇਗਾ। ਉਹ ਨਿਸਵਾਰਥ ਹੋ ਕੇ ਮਨੁੱਖਤਾ ਦੀ ਸੇਵਾ ਕਰੇਗਾ। ਉਹ ਫੌਜੀ ਬਣ ਕੇ ਜ਼ੁਲਮ ਵਿਰੁੱਧ ਲੋੜ ਪੈਣ ਤੇ ਜੰਗ ਭੀ ਕਰੇਗਾ। ਇਸੇ ਲਈ ਖਾਲਸਾ ਪੰਥ ਵਿੱਚ ਰਵਾਇਤ ਹੈ ਕਿ ਹਰ ਕਾਰਜ, ਮੁਹਿੰਮ ਜਾਂ ਮੋਰਚੇ ਤੋਂ ਪਹਿਲਾਂ ਗੁਰੂ-ਅਕਾਲਪੁਰਖ ਅਗੇ ਸਫਲਤਾ ਅਤੇ ਰਖਿਆ ਰਿਆਇਤ ਲਈ ਅਰਦਾਸ ਕੀਤੀ ਜਾਂਦੀ ਹੈ। ਗੁਰੂ ਕਰੇ ਸਾਡੀ ਇਸ ਅਰਦਾਸ ਵਿਚ ਚੇਤੰਨਤਾ ਆਵੇ। ਸਾਡੀ ਅਰਦਾਸ ਚਿਰਾਂ ਤੋਂ ਰਸਮੀ ਜੇਹੀ ਬਣ ਕੇ ਰਹਿ ਗਈ ਹੈ। ਸਾਵਧਾਨ ਹੋ ਕੇ ਅਰਦਾਸ ਰਾਹੀਂ ਗੁਰੂ ਅਤੇ ਅਕਾਲਪੁਰਖ ਨਾਲ ਜੁੜਨ ਦਾ ਜਤਨ ਕਰੀਏ। ਗੁਰੂ ਅਕਾਲਪੁਰਖ ਖਾਲਸੇ ਦੇ ਸਦਾ ਅੰਗ ਸੰਗ ਹੁੰਦੇ ਹਨ।

ਜਦੋਂ ਜਦੋਂ ਵੀ ਖਾਲਸਾ ਸਤਿਗੁਰਾਂ ਦੁਆਰਾ ਬਖ਼ਸ਼ੀ ਬਾਣੀ ਅਤੇ ਬਾਣੇ ਤੋਂ ਬੇਮੁਖ ਹੋਇਆ ਹੈ ਉਦੋਂ ਉਦੋਂ ਗੁਰੂ ਉਸਦੇ ਅੰਗ ਸੰਗ ਸਹਾਈ ਨਹੀਂ ਰਹਿੰਦੇ ਇਥੋਂ ਤਕ ਕਿ ਉਸਦੀ ਵਖਰੀ ਪਛਾਣ ਨੂੰ ਭੀ ਖਤਰਾ ਪੈਦਾ ਹੋ ਜਾਂਦਾ ਹੈ। ਆਰੀਅਨ ਲਾਬੀ ਸਤਿਗੁਰਾਂ ਦੇ ਸਮੇਂ ਤੋਂ ਹੀ ਜਤਨਸ਼ੀਲ ਰਹੀ ਹੈ ਕਿ ਕਿਵੇਂ ਖਾਲਸਾ ਪੰਥ ਨੂੰ ਮੁੜ ਕੇ ਹਿੰਦੁੱਤਵ ਦੇ ਮਹਾਂਸਾਗਰ ਵਿਚ ਡੋਬ ਲਿਆ ਜਾਵੇ। ਖਾਲਸਾ ਰਾਜ ਦੇ ਪਤਨ ਤੋਂ ਮਗਰੋਂ ਸਿੱਖ ਕੌਮ ਵਿਚ ਜੋ ਧਾਰਮਿਕ ਗਿਰਾਵਟ ਆਈ ਉਸ ਦਾ ਲਾਭ ਉਠਾਂਦੇ ਹੋਏ ਸੰਨ 1850 ਈ. ਤੋਂ ਮਗਰੋਂ ਉਨੀਵੀਂ ਸਦੀ ਦੇ ਅਗਲੇਰੇ ਪੰਜਾਹ ਸਾਲਾਂ ਦੌਰਾਨ ਅੰਗਰੇਜ਼ਾਂ ਦੇ ਰਾਜ ਕਾਲ ਵਿਖੇ ਆਰੀਅਨ ਫਿਰਕਾਦਾਰੀ ਆਰੀਆ ਸਮਾਜੀਆਂ ਨੇ ਸਿੱਖ ਕੌਮ ਨੂੰ ਹਿੰਦੁੱਤਵ ਦਾ ਇਕ ਅੰਗ ਮੰਨ ਕੇ ਖਾਲਸਾ ਪੰਥ ਦੀ ਵਖਰੀ ਪਛਾਣ ਉਤੇ ਵਿਚਾਰਧਾਰਕ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਨ। ਸੁਆਮੀ ਦਯਾਨੰਦ ਨੇ ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' ਵਿਚ ਗੁਰੂ ਨਾਨਕ ਸਾਹਿਬ ਬਾਰੇ ਊਲ ਜਲੂਲ ਸ਼ਬਦ ਵਰਤੇ। ਇਸ ਦੇ ਪ੍ਰਤੀਕਰਮ ਵਜੋਂ 1877 ਵਿਚ ਸੁਆਮੀ ਜੀ ਦੀ ਪੰਜਾਬ ਫੇਰੀ ਸਮੇਂ ਉਨ੍ਹਾਂ ਨੂੰ ਗਿਆਨੀ ਦਿੱਤ ਸਿੰਘ ਜੀ ਨੇ ਵੈਦਿਕ ਅਤੇ ਗੁਰੂ ਨਾਨਕ ਵਿਚਾਰਧਾਰਾ ਸੰਬੰਧੀ 1877 ਵਿਚ ਹੋਈ ਪਬਲਿਕ ਡਿਬੇਟ ਵਿਚ ਦੋ ਵਾਰੀ ਹਰਾਇਆ। ਇਵੇਂ ਹੀ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨੂੰ ਆਰੀਆ ਸਮਾਜੀਆਂ ਦੇ ਬੇਲੋੜੇ ਹਮਲਿਆਂ ਦਾ ਮੋੜਵਾਂ ਉਤਰ ਦੇਣ ਲਈ 1897 ਵਿਚ 'ਹਮ ਹਿੰਦੂ ਨਹੀਂ' ਪੁਸਤਕ ਪ੍ਰਕਾਸ਼ਿਤ ਕਰਨੀ ਪਈ। ਉਦੋਂ ਸਿੰਘ ਸਭਾ ਲਹਿਰ ਨੇ ਭੀ ਇਨਾਂ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਪੰਥ ਵਿਚ ਇਕ ਨਵੀਂ ਜਾਗਰਤੀ ਲਹਿਰ ਰਾਹੀਂ ਸਿੱਖ ਕੌਮ ਦੀ ਵਿਲੱਖਣ ਪਛਾਣ ਬਣਾਈ ਰਖੀ। ਅੰਗਰੇਜ਼ਾਂ ਨੂੰ 1857 ਤੋਂ ਮਗਰੋਂ ਖਾਲਸੇ ਦੀ ਵਫਾਦਾਰੀ ਦਾ ਅਹਿਸਾਸ ਹੋਣ ਨਾਲ ਆਰੀਆ ਸਮਾਜੀ ਫਿਰਕਾਪ੍ਰਸਤੀ ਨੂੰ ਬਹੁਤੀ ਕਾਮਯਾਬੀ ਨਾ ਮਿਲ ਸਕੀ। ਪਰ 1947 ਈ ਵਿਚ ਦੇਸ਼ ਦੀ ਵੰਡ ਤੋਂ ਮਗਰੋਂ ਆਰੀਅਨ ਫਿਰਕਾਦਾਰੀ ਉਤੇ ਕੋਈ ਕੁੰਡਾ ਨਾ ਰਿਹਾ ਜਿਸ ਦੇ ਫਲਸਰੂਪ ਭਾਰਤ ਸਰਕਾਰ ਦੇ ਗ੍ਰਹਿ ਮੰਤ੍ਰਾਲੇ ਵਲੋਂ 1947 ਵਿਚ ਹੀ ਇਕ ਗੁਪਤ ਪਤੱਰ ਰਾਹੀਂ ਪੂਰੇ ਦੇਸ਼ ਦੇ ਸ਼ਾਸਨ ਨੂੰ ਇਹ ਕਹਿ ਕੇ ਸਾਵਧਾਨ ਕੀਤਾ ਗਿਆ ਕਿ ਸਿੱਖ ਇਕ ਜੁਰਾਇਮ-ਪੇਸ਼ਾ (Criminal) ਕੌਮ ਹੈ

ਜਿਸ ਦਾ ਭਾਂਡਾ ਸ: ਕਪੂਰ ਸਿੰਘ ਆਈ.ਸੀ.ਐਸ ਨੇ ਫੋੜਿਆ। ਇਸੇ ਕਾਰਨ ਉਨ੍ਹਾਂ ਨੂੰ ਉਚੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਵਿਸਥਾਰ ਲਈ ਉਨ੍ਹਾਂ ਦੀ ਪੁਸਤਕ 'ਸਾਚੀ ਸਾਖੀ' ਵੇਖੀ ਜਾ ਸਕਦੀ ਹੈ।

ਵਰਤਮਾਨ ਕਾਲ ਵਿਚ ਡਾ ਹੈਡਗੇਵਾਰ ਵਲੋਂ ਸਥਾਪਤ ਕੀਤੀ ਹਿੰਦੂ ਨਸਲਵਾਦੀ ਸੰਸਥਾ ਆਰ.ਐਸ.ਐਸ. ਦਾ ਮੁਖ ਨਿਸ਼ਾਨਾ ਹਿੰਦੁਸਤਾਨ ਵਿਚ ਹਿੰਦੁਤੱਵ ਦਾ ਬੋਲ ਬਾਲਾ ਕਰਨਾ ਹੈ। ਘਟ ਗਿਣਤੀਆਂ ਉਤੇ ਇਨ੍ਹਾਂ ਦੇ ਹਮਲੇ ਜਾਰੀ ਹਨ। ਕਈ ਥਾਂਈ ਕ੍ਰਿਸਚੀਅਨ ਮਿਸ਼ਨਰੀਆਂ ਉਤੇ ਤਾਂ ਸਿਧੇ ਹਮਲੇ ਕੀਤੇ ਜਾ ਰਹੇ ਹਨ ਜਿਸ ਵਿਚ ਉਹ ਜਾਨੋ ਮਾਰੇ ਜਾ ਰਹੇ ਹਨ, ਜਾਂ ਉਨਾਂ ਦੇ ਚਰਚਾਂ ਨੂੰ ਸਾੜਿਆ ਜਾ ਰਿਹਾ ਹੈ। ਇਹੋ ਕੁਝ ਕਦੀ ਬੋਧੀਆਂ ਨਾਲ ਹੁੰਦਾ ਰਿਹਾ। ਪਰ ਸਿੱਖ ਕੌਮ ਉਤੇ ਉਹ ਵਿਚਾਰਧਾਰਕ ਹਮਲੇ ਕਰਕੇ ਬ-ਖ਼ਬਰ ਭੋਲੇ ਭਾਲੇ ਪੇਂਡੂ ਜਨਤਾ ਨੂੰ ਰਾਸ਼ਟਰੀ ਸਿੱਖ ਸੰਗਤ ਵਿਚ ਸ਼ਾਮਲ ਕਰ ਰਹੇ ਹਨ। ਕੁਝ ਸਿਖ ਡੇਰੇਦਾਰ ਜਿਨਾਂ ਦੀ ਬਾਹਰਲੀ ਦਿੱਖ ਖਾਲਸਈ ਸਰੂਪ ਵਾਲੀ ਹੈ ਪਰ ਉਨ੍ਹਾਂ ਦੀ ਵਿਚਾਰਧਾਰਾ ਅਤੇ ਨਿਸ਼ਠਾ ਵੈਦਿਕ ਸੰਸਕ੍ਰਿਤੀ ਵਾਲੀ ਹੈ। ਇਸ ਆਰੀਅਨ ਵਿਚਾਰਧਾਰਾ ਨੂੰ ਸਿੱਖ ਪੰਥ ਵਿਚ ਰੱਲ-ਗੱਡ ਕਰਾਉਣ ਲਈ ਉਹ ਵਿਸ਼ੇਸ਼ ਭੂਮਿਕਾ ਨਿਭਾ ਰਹੇ ਹਨ ਜਿਵੇਂ ਕਦੀ ਨਿਰਮਲੇ ਸਾਧਾਂ ਨੇ ਭੀ ਅਜੇਹੀ ਸਾਜ਼ਸ਼ ਕੀਤੀ ਸੀ। ਉਹ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਕਰਕੇ ਪ੍ਰਚਾਰਦੇ ਹੁੰਦੇ ਸਨ।

ਦੁਖ ਦੀ ਗੱਲ ਇਹ ਹੈ ਕਿ ਸਿਆਸੀ ਕਾਰਣਾਂ ਕਰਕੇ ਸਿੱਖ ਲੀਡਰਸ਼ਿਪ ਇਨ੍ਹਾਂ ਹਮਲਿਆਂ ਪ੍ਰਤੀ ਸੁਚੇਤ ਹੁੰਦਿਆਂ ਹੋਇਆਂ ਵੀ ਚੁੱਪ ਹੈ ਅਤੇ ਸਿਖ ਕੌਮ ਨੂੰ ਸਹੀ ਸੇਧ ਨਹੀਂ ਦੇ ਰਹੀ। ਅੱਜ ਸਮੇਂ ਦੀ ਲੋੜ ਹੈ ਕਿ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਹੀਆਂ ਜੱਥੇਬੰਦੀਆਂ ਆਰੀਆ ਸਮਾਜੀਆਂ ਦੇ ਲੁਕਵੇਂ ਢੰਗ ਨਾਲ ਕੀਤੇ ਜਾ ਰਹੇ ਹਮਲਿਆਂ ਨੂੰ ਵਿਚਾਰਧਾਰਕ ਪੱਧਰ ਤੇ ਢੁਕਵਾਂ ਉਤਰ ਦੇਣ ਲਈ ਅਗੇ ਆਉਣ। ਪਿੰਡਾਂ ਅਤੇ ਸ਼ਹਿਰਾਂ ਵਿਚ ਚਲ ਰਹੀ ਪੱਤਤਪੁਣੇ ਦੀ ਲਹਿਰ ਕੌਮ ਲਈ ਖ਼ਤਰੇ ਦੀ ਘੰਟੀ ਹੈ। ਸਿੱਖ ਨੌਜਵਾਨਾਂ ਨੂੰ ਸਤਿਗੁਰਾਂ ਦੇ ਵਿਰਸੇ ਨਾਲ ਜੋੜਨ ਦੀ ਲੋੜ ਨੂੰ ਅਨੁਭਵ ਕਰਦਿਆਂ 'ਸਨੇਹੁੜੇ ਮਰਦ ਅਗੰਮੜ ਦੇ' ਲਿਖਣ ਦਾ ਜਤਨ ਕੀਤਾ ਹੈ।

*ਗੁਰਮੁਖ ਸਿੰਘ*
*580 ਚੀਮਾ ਨਗਰ ਐਕਸਟੈਨਸ਼ਨ*
*ਮਾਡਲ ਟਾਊਨ ਜਲੰਧਰ*

# 1. ਮਰਦ ਅੰਗਮੜਾ

ਵਹੁ ਪ੍ਰਗਟਿਓ ਮਰਦ ਅੰਗਮੜਾ ਵਰਿਅਮ ਇਕੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਭਾ: ਗੁਰਦਾਸ ਸਿੰਘ ਨੇ ਉਪਰੋਕਤ ਵਾਕ ਆਪਣੇ ਪਿਆਰੇ ਸਤਿਗੁਰੂ ਜੀ ਪ੍ਰਤੀ ਲਿਖੇ ਹਨ। ਉਨ੍ਹਾਂ ਨੂੰ ਸਤਿਗੁਰੂ ਜੀ ਵਿਚ ਦੋ ਮਹਾਨ ਗੁਣ ਪ੍ਰਧਾਨ ਦਿਸਦੇ ਸਨ: ਮਰਦ ਅੰਗਮੜਾ ਅਤੇ ਵਰਿਆਮ ਇਕੇਲਾ। ਜਿਵੇਂ ਕਰਤਾ ਪੁਰਖ ਗੁਣਾਂ ਕਰਕੇ ਅਗੰਮ ਹੈ, ਮਨੁੱਖੀ ਸੋਚ ਜਾਂ ਕਲਪਨਾ ਤੋਂ ਪਰੇ ਹੈ, ਉਵੇਂ ਹੀ ਕਵੀ ਭਾ: ਗੁਰਦਾਸ ਸਿੰਘ, ਸਤਿਗੁਰੂ ਜੀ ਨੂੰ ਅੰਗਮੜਾ ਕਹਿੰਦਾ ਹੈ। ਇਸ ਦੇ ਨਾਲ ਹੀ ਗੁਰੂ ਜੀ ਆਪਣੇ ਸਮੇਂ ਦੇ ਐਸੇ ਬਲੀ ਯੋਧੇ ਸਨ ਜਿਨ੍ਹਾਂ ਵਰਗਾ ਹੋਰ ਕੋਈ ਦੂਜਾ ਨਹੀਂ ਸੀ। ਉਨ੍ਹਾਂ ਵਿਚ ਵੱਡਾ ਵਿਸਮਾਦੀ ਗੁਣ ਇਹ ਸੀ ਕਿ ਇਕੋ ਵਕਤ ਉਹ ਗੁਰੂ ਭੀ ਸਨ ਅਤੇ ਚੇਲੇ ਭੀ। ਵਿਸ਼ਵ ਧਰਮਾਂ ਦੇ ਇਤਿਹਾਸ ਵਿਚ ਵੇਖਿਆ ਗਿਆ ਹੈ ਕਿ ਗੁਰੂ ਜਾਂ ਪੈਗੰਬਰ ਹਮੇਸ਼ਾ ਆਪਣੀ ਪੈਗੰਬਰ ਦੀ ਪਦਵੀ ਉਤੇ ਕਾਇਮ ਰਹਿੰਦਾ ਹੈ ਅਤੇ ਉਹ ਨਾ ਹੀ ਆਪਣੇ ਚੇਲਿਆਂ ਨੂੰ ਆਪਣਾ ਨਿੱਜ ਸਰੂਪ ਕਹਿ ਕੇ ਸਨਮਾਨਦਾ ਹੈ। ਵਿਸ਼ਵ ਧਰਮਾਂ ਦੇ ਇਤਿਹਾਸ ਵਿਚ 1699 ਈ: ਦੀ ਵੈਸਾਖੀ ਵਾਲੇ ਦਿਨ ਖਾਲਸੇ ਦੀ ਸਾਜਨਾ ਦੀ ਘਟਨਾ ਭੀ ਇਕ ਬੜੀ ਅਲੌਕਿਕ ਘਟਨਾ ਹੈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਉਮਤ ਨੂੰ ਸੀਸ ਭੇਟ ਦੇ ਪਰਚੇ ਵਿਚੋਂ ਸਫਲ ਕਰਦੇ ਹੋਏ ਪੰਜ ਸਿੰਘਾਂ ਨੂੰ ਪਹਿਲੀ ਵਾਰ ਆਪਣੇ ਹੱਥੀਂ ਖੰਡੇ ਦੀ ਪਾਹੁਲ ਤਿਆਰ ਕਰਕੇ ਛਕਾਈ ਅਤੇ ਫਿਰ ਉਹਨਾਂ ਪਾਸੋਂ ਆਪ ਭੀ ਖੰਡੇ ਦੀ ਪਾਹੁਲ ਪਾਨ ਕੀਤੀ। ਹਰ ਗੁਰੂ ਕੇ ਸਿੱਖ ਦੇ ਨਾਮ ਨਾਲ ਸਿੰਘ ਸ਼ਬਦ ਜੋੜਿਆ। ਇਉਂ ਆਪ ਭੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਅਖਵਾਏ ਅਤੇ ਕੌਮ ਵਿਚ ਇਕਸਾਰਤਾ ਲਿਆਉਣ ਲਈ ਸਿੰਘ ਸ਼ਬਦ ਨੇ ਕ੍ਰਿਸ਼ਮਾ ਕਰ ਵਿਖਾਇਆ। ਨਾਵਾਂ ਦੇ ਕਈ ਪ੍ਰਕਾਰੀ ਪਿਛੇਤਰ ਜਿਵੇਂ ਰਾਮ, ਦਾਸ, ਚੰਦ, ਰਾਏ, ਆਦਿ ਸਭ ਪਿਛੇਤਰ ਸਿੰਘ ਹੋ ਜਾਣ ਨਾਲ ਨਾਵਾਂ ਦੀ ਇਕਸਾਰਤਾ ਨੇ ਊਚ ਨੀਚ, ਗਰੀਬ ਅਮੀਰ ਦੇ ਭਿੰਨ ਭੇਦ ਮਿਟਾ ਦਿਤੇ। ਸਤਿਗੁਰਾਂ ਨੇ ਆਪਣੇ ਸਿੰਘਾਂ ਨੂੰ ਇਕੋ ਜੇਹਾ ਨੀਲਾ ਬਾਣਾ ਭੀ ਬਖ਼ਸ਼ਿਆ।

ਖਾਲਸੇ ਅੰਦਰ ਬਾਣੀ, ਬਾਣਾ, ਰਹਿਤ, ਅਤੇ ਨਾਵਾਂ ਦੀ ਇਕ-ਸਾਰਤਾ ਨੇ ਨਵਾਂ ਜੋਸ਼ ਭਰਿਆ ਅਤੇ ਇਕ ਨਵਾਂ ਉਤਸ਼ਾਹ ਜਗਾਇਆ। ਗੁਰੂ ਪਾਤਸ਼ਾਹ ਨੇ ਆਪਣੀ ਨਦਰ ਨਾਲ ਖਾਲਸੇ ਅੰਦਰ ਐਸੀ ਚੜ੍ਹਦੀ ਕਲਾ ਵਰਤਾਈ ਜਿਸ ਨੇ ਮੁਗ਼ਲਾਂ ਦੇ ਜ਼ਾਲਮ ਰਾਜ ਦੀਆਂ ਜੜਾਂ ਉਖੇੜ ਕੇ ਰੱਖ ਦਿੱਤੀਆਂ।

ਸਿੱਖ ਪ੍ਰੰਪਰਾ ਤੋਂ ਨਾਵਾਕਫ ਲੋਕ ਇਹ ਸਮਝਦੇ ਹਨ ਕਿ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਦੋ ਵਖੋ ਵੱਖ ਸ਼ਖ਼ਸੀਅਤਾਂ ਹਨ। ਅਸਲ ਗੱਲ ਇਹ ਹੈ ਗੁਰੂ ਨਾਨਕ ਸਾਹਿਬ ਅੰਦਰ ਪ੍ਰਗਟ ਹੋਈ ਗੁਰੂ-ਜੋਤਿ ਨੇ ਗੁਰੂ ਗੋਬਿੰਦ ਸਿੰਘ ਜੀ ਤਕ ਨੌਂ ਹੋਰ ਰੂਪ ਧਾਰਨ ਕੀਤੇ ਅਤੇ ਅੰਤ ਖਾਲਸੇ ਦੀ ਸਾਜਨਾ ਕਰਕੇ

ਸੰਸਾਰ ਸਾਹਮਣੇ ਇਕ ਨਵੀਨ ਅਤੇ ਨਰੋਏ ਸਮਾਜ ਨੂੰ ਪੇਸ਼ ਕੀਤਾ ਜੋ ਨਾ ਹਿੰਦੂ ਸੀ ਨਾ ਮੁਸਲਮਾਨ, ਨਾ ਈਸਾਈ, ਨਾ ਮੂਸਾਈ ਅਤੇ ਨਾ ਹੀ ਕਿਸੇ ਹੋਰ ਸੰਸਾਰੀ ਧਰਮ ਨਾਲ ਜੁੜਿਆ ਹੋਇਆ ਸੀ। ਗੁਰੂ ਨਾਨਕ ਸਾਹਿਬ ਸਾਰੇ ਧਰਮਾਂ ਤੋਂ ਨਿਰਲੇਪ ਸਨ। ਪੱਛਮੀ ਵਿਦਵਾਨਾਂ ਨੇ ਆਪ ਜੀ ਦੇ ਕਿਰਦਾਰ ਬਾਰੇ ਬੜੀਆਂ ਗਲਤ ਬਿਆਨੀਆਂ ਕੀਤੀਆਂ। ਇਸਲਾਮਿਕ ਹਕੂਮਤ ਦੇ ਇਤਿਹਾਸਕਾਰਾਂ ਨੇ ਭੀ ਸਿੱਖ ਲਹਿਰ ਨੂੰ ਗਲਤ ਢੰਗ ਨਾਲ ਪੇਸ਼ ਕਰਕੇ ਇਸਦਾ ਅਕਸ ਬਿਗਾੜਨ ਦਾ ਯਤਨ ਕੀਤਾ। ਇਨ੍ਹਾਂ ਵਿਦਵਾਨਾਂ ਦਾ ਮਤ ਰਿਹਾ ਹੈ ਕਿ ਉਸ ਸਮੇਂ ਦੇ ਦੋ ਪ੍ਰਮੁੱਖ ਧਰਮਾਂ-ਹਿੰਦੂ ਅਤੇ ਇਸਲਾਮ, ਵਿਚੋਂ ਕੁਝ ਚੰਗੀਆਂ ਨੈਤਿਕ ਕਦਰਾਂ ਨੂੰ ਲੈ ਕੇ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਚਲਾਇਆ। ਸੱਚ ਤਾਂ ਇਹ ਹੈ ਕਿ ਆਪ ਇਕ ਮੌਲਿਕ ਸ਼ਖਸੀਅਤ ਸਨ। ਉਨ੍ਹਾਂ ਨੇ ਸੰਸਾਰ ਭਰ ਦੇ ਫਿਲਾਸਫਰਾਂ ਵਾਂਗ ਅਦ੍ਰਿਸ਼ਟ ਅਕਾਲਪੁਰਖ ਅਤੇ ਉਸਦੇ ਅਗੰਮੀ ਨਿਜ਼ਾਮ (ਪ੍ਰਬੰਧ) ਬਾਰੇ ਕਦੀ ਫੋਕੀਆਂ ਥਿਊਰੀਆਂ ਪੇਸ਼ ਨਹੀਂ ਕੀਤੀਆਂ। ਦਿਬ-ਦ੍ਰਿਸ਼ਟੀ ਨਾਲ ਉਨ੍ਹਾਂ ਜੋ ਕੁਝ ਦੇਖਿਆ ਉਹੋ ਕੁਝ ਆਪਣੀ ਬਾਣੀ ਰਾਹੀਂ ਮਨੁੱਖੀ ਜਗਤ ਨਾਲ ਸਾਂਝਾ ਕੀਤੇ।

**ਸੰਤਨ ਕੀ ਸੁਣਿ ਸਾਚੀ ਸਾਖੀ॥**
**ਸੋ ਬੋਲਹਿ ਜੋ ਪੇਖਹਿ ਆਖੀ ॥੪ ॥੨੫ ॥੩੬** *(ਰਾਮਕਲੀ ਮ: ੫, ਪੰਨਾ ੮੯੪)*

ਕੁਝ ਇਤਿਹਾਸਕਾਰ ਆਪ ਨੂੰ ਕ੍ਰਾਂਤੀਕਾਰ ਸਮਝਦੇ ਹਨ। ਕੁਝ ਕਹਿੰਦੇ ਹਨ, ਆਪ ਸਮਾਜ ਸੁਧਾਰਕ ਸਨ। ਆਪੋ ਆਪਣਾ ਨਜ਼ਰੀਆ ਹੈ। ਗੁਰੂ ਨਾਨਕ ਦੇਵ ਜੀ ਕੀ ਸਨ ਇਸ ਨੂੰ ਸਹੀ ਤੌਰ 'ਤੇ ਸਮਝਣ ਲਈ ਉਨ੍ਹਾਂ ਦੀ ਰਚੀ ਹੋਈ ਬਾਣੀ ਦੇ ਡੂੰਘੇ ਅਧਿਐਨ ਦੀ ਲੋੜ ਹੈ। ਉਹ ਮੁਸਲਮਾਨਾਂ ਨੂੰ ਦੈਵੀ ਗੁਣ ਧਾਰਨ ਕਰਕੇ ਚੰਗੇ ਮੁਸਲਮਾਨ ਬਣਨ ਦੀ ਪ੍ਰੇਰਨਾ ਦਿੰਦੇ ਸਨ। ਇਸੇ ਤਰ੍ਹਾਂ ਹਿੰਦੂ ਸਮਾਜ ਦੀਆਂ ਸੰਪ੍ਰਦਾਵਾਂ-ਜੈਨੀਆਂ, ਬੋਧੀਆਂ, ਜੋਗੀਆਂ, ਸਿਧਾਂ ਨਾਥਾਂ, ਸੰਨਿਆਸੀਆਂ, ਮੋਨੀਆਂ ਆਦਿ ਨੂੰ ਉਪਦੇਸ਼ ਦਿੰਦੇ ਸਨ ਕਿ ਆਪੋ ਆਪਣੀਆਂ ਸੰਪ੍ਰਦਾਵਾਂ ਵਿਚ ਰਹਿੰਦੇ ਹੋਏ ਅਜਿਹੇ ਫਜ਼ੂਲ ਕਰਮ-ਕਾਂਡਾਂ ਦਾ ਤਿਆਗ ਕਰੋ ਜਿਨ੍ਹਾਂ ਨਾਲ ਹਉਮੈ ਵਧਦੀ ਹੈ ਅਤੇ ਕਰਤਾਪੁਰਖ ਨਾਲ ਵਿੱਥ ਹੋਰ ਵਧੇਰੇ ਵੱਧ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਸੋਲ੍ਹਵੀਂ ਸ਼ਤਾਬਦੀ ਤੇ ਪਹਿਲੇ ਵਿਲਖਣ ਮਰਦ ਅੰਗਮੜੇ ਅਤੇ ਯੋਧੇ ਹੋਏ ਹਨ ਜਿਨ੍ਹਾਂ ਨੇ ਭਾਰਤ ਦੇ ਦੋਵੇਂ ਵੱਡੇ ਸਮਾਜਾਂ-ਹਿੰਦੂ ਅਤੇ ਮੁਸਲਮਾਨਾਂ ਨਾਲ ਵਿਚਾਰਾਂ ਦੀ ਜੰਗ ਛੇੜੀ ਜੋ ਦੋ ਸੌ ਸਾਲ ਤੋਂ ਵੱਧ ਸਮੇਂ ਤਕ ਚਲਦੀ ਰਹੀ। ਗੁਰੂ ਨਾਨਕ ਜੋਤਿ ਨੇ ਦਸ ਜਾਮਿਆਂ ਵਿਚ ਅਜਿਹੇ ਸਮਾਜ ਦੀ ਸਿਰਜਨਾ ਕੀਤੀ ਜਿਸਦੇ ਅੰਦਰੋਂ ਮਾਨਸਿਕ ਡਰ ਦਾ ਹਊਆ ਖ਼ਤਮ ਕਰ ਦਿਤਾ। ਨਾ ਉਹ ਹਕੂਮਤ ਦੇ ਦਬਕਿਆਂ ਤੋਂ ਡਰਦੇ ਸਨ ਅਤੇ ਨਾ ਹੀ ਕਿਸੇ ਅਵਤਾਰ ਦੀ ਨਾਰਾਜ਼ਗੀ ਤੋਂ ਭੈ ਖਾਂਦੇ ਸਨ। ਇਕ ਅਕਾਲਪੁਰਖ ਦੇ ਭੈ ਨੇ ਉਨ੍ਹਾਂ ਦੇ ਸਾਰੇ ਭੌ ਖਤਮ ਕਰ ਦਿਤੇ ਸਨ। ਉਹ ਇਕ ਨਿਰਭਉ ਅਤੇ ਨਿਰਵੈਰ ਭਗਤ ਜਨਾਂ ਦਾ ਸਮੂਹ ਹੋ ਕੇ ਉਭਰਿਆ।

**ਨਿਰਭਉ ਜਪੈ ਸਗਲ ਭਉ ਮਿਟੈ॥**
**ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥੭ ॥੨੨ ॥** *(ਗਉੜੀ ਸੁਖਮਨੀ ਮ:੫-੨੯੩)*

ਵਿਚਾਰਾਂ ਦੀ ਜੰਗ ਹੀ ਐਸੀ ਜੰਗ ਹੁੰਦੀ ਹੈ ਕਿ ਸਚਾਈ ਅਤੇ ਸੱਚ ਦੀ ਗੱਲ ਨੂੰ ਬੜੀ ਜੁਗਤਿ ਨਾਲ ਕਹਿਣਾ ਪੈਂਦਾ ਹੈ ਜਿਸ ਨਾਲ ਦੂਜਿਆਂ ਦੇ ਕੋਮਲ ਭਾਵਾਂ ਨੂੰ ਠੇਸ ਨਾ ਪੁਜੇ। ਇਉ ਦੂਜਿਆਂ ਨੂੰ ਸਿਧੇ ਰਾਹ ਪਾਉਣਾ ਇਕ ਬਹੁਤ ਸੂਝ ਦਾ ਕੰਮ ਹੁੰਦਾ ਹੈ। ਸਤਿਗੁਰਾਂ ਦੇ-ਜੀਵਨ ਉਤੇ ਝਾਤ ਮਾਰਿਆਂ ਬੜੀ ਹੈਰਾਨੀ ਹੁੰਦੀ ਹੈ ਕਿ ਜਦੋਂ ਆਪ ਅਕਾਲਪੁਰਖ ਦਾ ਸੰਦੇਸ਼ ਦੂਰ-ਦੁਰਾਡੇ ਦੇਸ਼ਾਂ ਵਿਖੇ ਦੇਣ ਲਈ ਘਰੋਂ ਤੁਰੇ ਸੀ ਤਾਂ ਉਨ੍ਹਾਂ ਆਪਣੇ ਪਿਛੇ ਦੋ ਛੋਟੀ ਉਮਰ ਦੇ ਲੜਕੇ ਅਤੇ ਜਵਾਨ ਧਰਮ ਪਤਨੀ ਨੂੰ ਸੁਤਿਆਂ ਪਿਆਂ ਚੋਰੀ ਛਿਪੇ ਨਹੀਂ ਸੀ ਛੱਡਿਆ। ਸਗੋਂ ਭੈਣ ਬੇਬੇ ਨਾਨਕੀ ਅਤੇ ਜੀਜਾ ਭਾਈ ਜੈ ਰਾਮ ਦੀ ਸਪੁਰਦਗੀ ਕਰਕੇ ਕੁਝ ਸਮੇ ਲਈ ਅਕਾਲਪੁਰਖ ਦੇ ਹੁਕਮ ਦੀ ਪਾਲਣਾ ਕਰਨ ਹਿੱਤ ਘਰ-ਬਾਰੀ ਜੀਵਨ ਦੇ ਸੁੱਖ ਆਰਾਮ ਤੋਂ ਮੂੰਹ ਮੋੜਿਆ ਸੀ। ਇਸ ਵਿਚ ਉਨ੍ਹਾਂ ਦਾ ਕੀ ਨਿੱਜੀ ਸੁਆਰਥ ਸੀ ਕਿ ਲੱਗ-ਪੱਗ 26ਹਜ਼ਾਰ ਮੀਲ ਦੇ ਬਿਖੜੇ ਪੈਂਡੇ ਉਨ੍ਹਾਂ ਪੈਦਲ ਗਾਹੇ? ਖਾਸ ਕਰ ਉਨ੍ਹਾਂ ਸਮਿਆਂ ਵਿਚ ਜਦੋਂ ਚਲਣ ਫਿਰਨ ਨੂੰ ਕੋਈ ਪੱਕਾ ਰਾਹ ਪੈਂਡਾ ਨਹੀਂ ਸੀ ਹੁੰਦਾ ਅਤੇ ਭੀਹਾਵਲੇ ਜੰਗਲਾਂ ਬੇਲਿਆਂ ਵਿਚੋਂ ਗੁਜ਼ਰਨਾ ਪੈਂਦਾ ਸੀ। ਫਿਰ ਥਾਉਂ ਥਾਂ ਪੁੱਜ ਕੇ ਉਨ੍ਹਾਂ ਲੋਕਾਂ ਨਾਲ ਸੰਵਾਦ ਰਚਾਇਆ ਜਿਨ੍ਹਾਂ ਦੇ ਵਿਚਾਰ ਕਈ ਸਦੀਆਂ ਤੋਂ ਪੱਕ ਚੁਕੇ ਸਨ। ਉਨ੍ਹਾਂ ਲੋਕਾਂ ਦਾ ਖਾਨ-ਪਾਨ ਹੋਰ ਹੋਰ, ਪੂਜਾ-ਨਿਮਾਜ਼ ਹੋਰ ਹੋਰ, ਦੇਹੁਰਾ ਮਸੀਤ ਵਖੋ ਵੱਖ। ਉਪਰ ਤੁੱਰਾ ਇਹ ਸੀ ਕਿ ਉਨ੍ਹਾਂ ਦੇ ਧਾਰਮਿਕ ਆਗੂ ਹਉਮੈਂ ਨਾਲ ਕਟੜ ਹੋਏ ਹੋਏ ਸਨ। ਇਨ੍ਹਾਂ ਕਟੜ੍ਹ ਆਗੂਆਂ ਨੂੰ ਜਿਤਣਾ, ਪਿਆਰ ਤੇ ਦਲੀਲ ਨਾਲ ਕਾਇਲ ਕਰਨਾ ਇਕ ਅਗੰਮੀ ਖੇਡ ਨਹੀਂ ਤਾਂ ਹੋਰ ਕੀ ਹੈ।

ਬਗ਼ਦਾਦ ਵਿਖੇ ਤਾਂ ਆਪ ਜੀ ਨੂੰ ਮਾਰਨ ਲਈ ਲੋਕਾਂ ਨੇ ਹੱਥਾਂ ਵਿਚ ਪੱਥਰ ਭੀ ਚੁੱਕ ਲਏ ਸੀ ਪਰ ਆਪ ਦੇ ਗਲੇ ਵਿਚੋਂ ਇਕ ਐਸੀ ਇਲਾਹੀ ਧੁਨੀ ਦੀ ਆਵਾਜ਼ ਚਾਰ ਚੁਫੇਰੇ ਖਿਲਰੀ ਜਿਸ ਨੂੰ ਸੁਣ ਕੇ ਬਗ਼ਦਾਦ ਦੀ ਨਗਰੀ ਸੁੰਨ ਮੁੰਨ ਹੋ ਗਈ। ਪੀਰ ਦਸਤਗੀਰ, ਜਿਸ ਨੇ ਲੋਕਾਂ ਨੂੰ ਹੁਕਮ ਦਿੱਤਾ ਸੀ ਕਿ ਗੁਰੂ ਨਾਨਕ ਦੇਵ ਨੂੰ ਪੱਥਰਾਂ ਨਾਲ ਮਾਰ ਮੁਕਾਉ, ਆਪ ਸੁੰਨ ਹੋਇਆ ਖੜ੍ਹਾ ਸੀ। ਅਜ ਦੇ ਵਿਗਿਆਨੀ ਲਖਾਂ ਆਕਾਸ਼ਾਂ ਦੀ ਗੱਲ ਨੂੰ ਮੰਨਦੇ ਹਨ ਪਰ ਗੁਰੂ ਨਾਨਕ ਪਾਤਸ਼ਾਹ ਨੇ ਪੰਜ ਸੌ ਵਰ੍ਹੇ ਪਹਿਲਾਂ ਉਸ ਪੀਰ ਦਸਤਗੀਰ ਨੂੰ ਲਖਾਂ ਆਕਾਸ਼ਾਂ ਦੀ ਸੋਝੀ ਕਰਾਈ ਤਾਂ ਉਸ ਨੇ ਮਰਦ ਅੰਗਮੜੇ ਦੇ ਚਰਨ ਫੜ ਲਏ ਅਤੇ ਗੁਸਤਾਖ਼ੀ ਲਈ ਖਿਮਾਂ ਜਾਚਨਾ ਕੀਤੀ। ਗੁਰੂ ਨਾਨਕ ਦੀ ਸੋਚਣੀ ਸੀ ਕਿ ਕਾਦਰ ਦੀ ਕੁਦਰਤਿ ਦਾ ਕੋਈ ਅੰਤ ਨਹੀਂ। ਆਪ ਦਾ ਯਾਦਗਾਰੀ ਪੱਥਰ ਅੱਜ ਭੀ ਇਰਾਕ ਵਿਚ ਲਗਾ ਹੋਇਆ ਹੈ। ਵਿਚਾਰਾਂ ਦੀ ਜੰਗ ਵਿਚ ਮਨੁੱਖ ਦੇ ਵਿਚਾਰ ਹੀ ਤਾਂ ਬਦਲੇ ਜਾਂਦੇ ਹਨ। ਇਹੋ ਵੱਡੀ ਜਿੱਤ ਹੁੰਦੀ ਹੈ।

ਇਸ ਜੰਗ ਵਿਚ ਗੁਰੂ ਨਾਨਕ ਦੇਵ ਜੀ ਨੇ ਕਦੀ ਵੀ ਹਿੰਸਾ ਤੋਂ ਕੰਮ ਨਹੀਂ ਲਿਆ। ਆਪ ਹਮੇਸ਼ਾ ਦਲੀਲ ਤੇ ਤਰਕ ਨਾਲ ਸਰਬ ਸਾਂਝਾ ਉਪਦੇਸ਼ ਕਰਦੇ ਹੁੰਦੇ। ਜਨੇਊ ਨ ਪਾਉਣ ਦੀ ਦਲੀਲ ਅੱਜ ਭੀ ਉਤਨੀ ਸਾਰਥਕ ਹੈ ਜਿਤਨੀ ਸਵਾ ਪੰਜ ਸੌ ਵਰ੍ਹੇ ਪਹਿਲਾ ਸੀ। ਕੱਚੇ ਧਾਗਿਆ ਦੇ ਕਰਮ-ਕਾਂਡੀ ਬੰਧਨ ਦੀ ਥਾਂ ਗੁਰੂ ਪਾਤਸ਼ਾਹ ਨੇ ਇਹੋ ਉਪਦੇਸ਼ ਦਿਤਾ ਕਿ ਜਤਿ. ਸਤਿ, ਸੰਤੋਖ ਅਤੇ ਦਇਆ ਵਰਗੇ

ਸੰਜਮੀ ਗੁਣ ਜੀਵਨ ਦਾ ਸ਼ਿੰਗਾਰ ਬਣਨੇ ਚਾਹੀਦੇ ਹਨ। ਇਨ੍ਹਾਂ ਦੈਵੀ ਗੁਣਾਂ ਨਾਲ ਸਮਾਜ ਦਾ ਕਲਿਆਣ ਹੁੰਦਾ ਹੈ। ਮਰ-ਖੱਪ ਚੁਕੇ ਅਤੇ ਕਰਮਾਂ ਅਨੁਸਾਰ ਅਗਲੀਆਂ ਜੂਨਾਂ ਭੁਗਤ ਰਹੇ ਪਿਤਰਾਂ ਨੂੰ ਅੰਨ-ਬਸਤਰ ਪਹੁੰਚਾਉਣ ਦੀ ਅਜੀਬ ਕਿਸਮ ਦੀ "ਡਾਕ-ਸੇਵਾ" ਦਾ ਭਾਂਡਾ ਕਬੀਰ ਵਰਗੇ ਭਗਤਾਂ ਨੇ ਭੀ ਖ਼ੂਬ ਭੰਨਿਆ:-

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥**

*(ਪੰਨਾ ੩੩੨)*

ਬ੍ਰਾਹਮਣ ਤੋਂ ਦੂਜੇ ਨੰਬਰ ਤੇ ਖਤ੍ਰੀ ਜਾਤੀ ਸੀ। ਦਰ ਅਸਲ 16ਵੀਂ ਸਦੀ ਦੀ ਖਤ੍ਰੀ ਸ਼੍ਰੇਣੀ ਦਾ ਆਚਰਣ ਭੀ ਪਾਖੰਡੀ ਹੋ ਚੱਕਾ ਸੀ। ਉਹ ਮੁਗ਼ਲ ਹਾਕਮਾਂ ਦੇ ਨੌਕਰ ਹੋ ਕੇ ਜੀ-ਹਜ਼ੂਰੀਏ ਬਣ ਚੁਕੇ ਸਨ। ਗੁਰੂ ਨਾਨਕ ਦੇਵ ਇਹ ਗੱਲ ਭਾਂਪ ਗਏ ਸਨ ਕਿ ਖਤ੍ਰੀ ਹਿਰਦਿਓ ਪਰਮੇਸ਼ਰ ਜਾਂ ਸੱਚ ਦਾ ਪੁਜਾਰੀ ਨਹੀਂ ਰਿਹਾ ਸਗੋਂ ਉਸਦਾ ਜ਼ਿਆਦਾ ਪਿਆਰ ਮਾਇਆ ਨਾਲ ਹੈ:-

**ਅੰਤਰਿ ਪੂਜਾ ਪੜਹਿ ਕਤੇਬਾ ਸੰਜਮ ਤੁਰਕਾਂ ਭਾਈ ॥**
**ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥੧॥੧੬**

*(ਆਸਾ ਕੀ ਵਾਰ ਮ: ੧-੪੭੧)*

ਮੁਗ਼ਲ ਹਾਕਮਾਂ ਦੀ ਪ੍ਰਸੰਨਤਾ ਲੈਣ ਲਈ ਉਹ ਬਾਹਰੋਂ ਹੋਰ ਤੇ ਅੰਦਰੋਂ ਹੋਰ ਵਾਲਾ ਜੀਵਨ ਜੀਉਣ ਦਾ ਆਦੀ ਹੋ ਚੁਕਾ ਸੀ। ਤੁਰਕਾਂ ਨੂੰ ਖ਼ੁਸ਼ ਕਰਨ ਲਈ ਉਹ ਬਾਹਰੋਂ ਵਿਖਾਵੇ ਲਈ ਕੁਰਾਨ ਭੀ ਪੜ੍ਹਦਾ ਸੀ, ਪਰ ਘਰ ਵਿਚ ਉਹ ਠਾਕਰਾਂ ਦੀ ਪੂਜਾ ਦਾ ਨੇਮ ਭੀ ਨਿਭਾਉਂਦਾ ਸੀ। ਗੁਰੂ ਨਾਨਕ ਦੇਵ ਜੀ ਬੜੇ ਸੁੰਦਰ ਢੰਗ ਨਾਲ ਖਤ੍ਰੀ ਨੂੰ ਦੋਹਰੀ-ਪਰਤ ਵਾਲੇ ਜੀਵਨ ਨਾ ਜੀਉਣ ਦੀ ਸੰਕੇਤ ਇਉਂ ਕਰਦੇ ਹਨ:-

**ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥**
**ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥ ੬ ॥ ੮ ॥ ੧ ॥**

*(ਰਾਮਕਲੀ ਮ: ੧-੯੦੩)*

ਗੁਰੂ ਨਾਨਕ ਦੇਵ ਜੀ ਦੀ ਲਹਿਰ ਮੁੱਢ ਤੋਂ ਹੀ ਪੰਜਾਬ ਵਿਖੇ ਭਗਤੀ ਲਹਿਰ ਦੇ ਰੂਪ ਵਿਚ ਪ੍ਰਗਟ ਹੋਈ। ਦਖਣ ਦੇ ਬ੍ਰਹਮਣ ਆਚਾਰੀਆਂ ਨੇ ਭਗਤੀ ਨੂੰ ਅਵਤਾਰਵਾਦ ਦੀ ਪਰੰਪਰਾ ਵਿਚ ਵੈਸ਼ਨਵ ਰੰਗ ਦਿਤਾ ਹੋਇਆ ਸੀ ਜਿਸਤੋਂ ਨਿੰਬਾਰਕ, ਮਾਧਵ, ਬਲਭਾਚਾਰਿਯ ਅਤੇ ਰਾਮਾਨੰਦ ਨੇ ਉਤਰੀ ਭਾਰਤ ਵਿਚ ਇਹੋ ਜੇਹੀ ਭਗਤੀ ਲਹਿਰ ਚਲਾਈ। ਦਖਣ ਵਿਚ ਕੁਝ ਅਡਵਾਰ ਭਗਤ ਗੈਰ ਬ੍ਰਹਮਣ ਭੀ ਸਨ। ਉਤਰੀ ਭਾਰਤ ਵਿਚ ਵੀ ਭਗਤੀ ਲਹਿਰ ਨੂੰ ਜਿਨ੍ਹਾਂ ਵਰਗਾਂ ਨੇ ਸਵੀਕਾਰ ਕੀਤਾ ਉਹ ਗੈਰ-ਬ੍ਰਹਮਣ ਸਨ। ਭਗਤ ਕਬੀਰ, ਭਗਤ ਰਵਿਦਾਸ, ਦਾਦੂ ਜੀ, ਧੰਨਾ ਜੀ, ਨਾਮਦੇਵ ਜੀ ਸਦਨਾ ਜੀ ਅਤੇ ਭਗਤ ਸੈਣ ਜੀ ਪਛੜੀਆਂ ਸ਼੍ਰੇਣੀਆਂ ਵਿਚੋਂ ਸਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਪਛੜੀਆਂ ਸ਼੍ਰੇਣੀ ਦੇ ਭਗਤਾਂ ਨੂੰ ਸਤਿਕਾਰ ਦਿਤਾ, ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ

ਦਿਤੀ। ਅਵਤਾਰਵਾਦੀ ਭਗਤੀ ਲਹਿਰ ਦਾ ਅਤੇ ਅਕਾਲਪੁਰਖ ਦੀ ਭਗਤੀ ਲਹਿਰ ਦਾ ਬੁਨਿਆਦੀ ਅੰਤਰ ਹੀ ਇਹੋ ਹੈ ਕਿ ਪਛੜੀਆਂ ਸ਼੍ਰੇਣੀਆਂ ਦੇ ਭਗਤਾਂ ਨੇ ਅਵਤਾਰਵਾਦ ਨੂੰ ਮੂਲੋਂ ਰੱਦ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਭੀ ਅਵਤਾਰਵਾਦ ਨੂੰ ਰੱਦ ਕਰਕੇ ਕੇਵਲ ਇਕ ਅਕਾਲਪੁਰਖ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ।

ਮਰਦ ਅੰਗਮੜਾ ਜੀ ਹਿੰਦੂ ਸਮਾਜ ਵਿਚ ਵਰਣ ਵਿਵਸਥਾ ਤੋਂ ਚੰਗੀ ਤਰ੍ਹਾਂ ਵਾਕਿਫ ਸਨ ਜੋ ਸਦੀਆਂ ਤੋਂ ਚਲੀ ਆ ਰਹੀ ਸੀ, ਪਰ ਹੁਣ ਇਸ ਨੇ ਵੱਖ ਵੱਖ ਵਰਣਾ ਵਿਚ ਵੰਡੇ ਹੋਏ ਸਮਾਜ ਵਿਚ ਨਫਰਤ ਪੈਦਾ ਹੋ ਚੁਕੀ ਸੀ। ਕੇਵਲ ਖਤ੍ਰੀ ਨੂੰ ਦੇਸ਼ ਦੀ ਰਖਵਾਲੀ ਦੀ ਜ਼ਿਮੇਵਾਰੀ ਸੌਂਪਣਾ ਸਮੇਂ ਨਾਲ ਸਾਰਥਕ ਨਹੀਂ ਸੀ ਰਹੀ। ਇਸਲਾਮ ਵਿਚ ਮਨੁੱਖੀ ਬਰਾਬਰਤਾ ਹੋਣ ਕਰਕੇ ਮੁਸਲਮਾਨ ਫੌਜਾਂ ਅਗੇ ਵਧਦੀਆਂ ਗਈਆਂ ਅਤੇ ਭਾਰਤ ਦੀ ਖੋਖਲੀ ਹੋਈ ਖਤ੍ਰੀ ਫੌਜ ਉਨ੍ਹਾਂ ਦਾ ਮੁਕਾਬਲਾ ਨਾ ਕਰ ਸਕੀ। ਸਤਿਗੁਰੂ ਜੀ ਭਾਰਤੀ ਸਮਾਜ ਵਿਚੋਂ ਉਹ ਕੁਝ ਹੂੰਝ ਕੇ ਕੱਢ ਦੇਣਾ ਚਾਹੁੰਦੇ ਸਨ ਜੋ ਸਮਾਜ ਨੂੰ ਕਮਜ਼ੋਰ ਕਰ ਰਹੇ ਸਨ। ਬ੍ਰਹਮਣ ਦਾ ਸਾਰਾ ਜ਼ੋਰ ਤੀਰਥਾਂ ਦੇ ਇਸ਼ਨਾਨ, ਤਪ, ਦਾਨ, ਸੰਜਮ, ਵਰਤ, ਨੇਮ, ਅਨੇਕਾਂ ਦੇਵੀ ਦੇਵਤਾਵਾਂ ਦੀ ਪੂਜਾ ਉੱਤੇ ਤੁਰਿਆ ਆਉਂਦਾ ਸੀ। ਇਸ ਕਰਮ-ਕਾਂਡ ਨਾਲ ਉਸਦੀ ਰੋਜ਼ੀ-ਰੋਟੀ ਦਾ ਮਸਲਾ ਜੁੜਿਆ ਹੋਇਆ ਸੀ। ਹਰ ਜੀਵੰਤ ਤੇ ਚੇਤੰਨ ਸਮਾਜ ਆਪਣੀਆਂ ਮਾਨਤਾਵਾਂ, ਮਰਯਾਦਾਵਾਂ, ਕਦਰਾਂ ਕੀਮਤਾਂ ਅਤੇ ਰਿਵਾਇਤਾਂ ਦੀ ਨਿਰੰਤਰ ਪੜਤਾਲ ਕਰਦਾ ਰਹਿੰਦਾ ਹੈ। ਪੂਰੀ ਤਰ੍ਹਾਂ ਨਿਰਾਰਥਕ ਹੋ ਗਈਆਂ ਮਾਨਤਾਵਾਂ ਅਤੇ ਕਰਮਾਂ ਨੂੰ ਛੱਡ ਕੇ ਬਿਲਕੁਲ ਨਵੇਂ ਵਿਚਾਰਾਂ ਨੂੰ ਅਪਨਾਉਣਾ ਬੜਾ ਮੁਸ਼ਕਿਲ ਹੁੰਦਾ ਹੈ।

ਇਹ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੀ ਹੀ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਪ੍ਰਾਚੀਨ ਭਾਰਤੀ ਸਮਾਜ ਅੰਦਰ ਡੂੰਘੀਆਂ ਜੜ੍ਹਾਂ ਨਾਲ ਟਿਕੀ ਹੋਈ ਵਰਣ-ਵਿਵਸਥਾ ਅਤੇ ਉਸ ਤੋਂ ਉਪਜੀ ਮਨੁੱਖੀ ਨਾ-ਬਰਾਬਰੀ, ਜਾਤਪਾਤ, ਊਚਨੀਚ ਵਰਗੀਆਂ ਮਾਨਤਾਵਾਂ ਨੂੰ ਪੂਰੀ ਤਰ੍ਹਾਂ ਨਕਾਰਿਆ ਅਤੇ ਰੱਦ ਕੀਤਾ। ਇਸ ਦਾ ਵਿਰੋਧ ਹੋਣਾ ਹੀ ਸੀ, ਪਰ ਹੌਲੀ ਹੌਲੀ ਇਕ ਨਵੇਂ ਸਮਾਜ ਦੀ ਸਿਰਜਨਾ ਹੋਈ ਜਿਸ ਨੂੰ 1699 ਈ: ਵਿਚ ਖਾਲਸੇ ਦਾ ਨਾਮ ਦਿਤਾ ਗਿਆ। ਖਾਲਸਾ ਭਾਰਤੀ ਪਰੰਪਰਾ ਨਾਲ ਉਤਨਾ ਹੀ ਜੁੜਿਆ ਹੋਇਆ ਹੈ ਜਿਤਨਾ ਵਰਤਮਾਨ ਭਾਰਤੀ ਨਾਗਰਿਕ। ਇਸਲਾਮ, ਈਸਾਈ ਮਤਿ, ਪਾਰਸੀ ਮਤਿ, ਯਹੂਦੀ ਮਤਿ, ਭਾਰਤੀ ਨਹੀਂ ਹਨ। ਇਹ ਧਰਮ ਵਿਦੇਸ਼ਾਂ ਤੋਂ ਸਾਡੇ ਮੁਲਕ ਵਿਚ ਵਿਦੇਸ਼ੀ ਹੁਕਮਰਾਨਾਂ ਨੇ ਲਿਆਂਦੇ ਅਤੇ ਲੋਕਾਂ ਨੂੰ ਲਾਲਚ ਜਾਂ ਡਰਾਵਾ ਦੇ ਕੇ ਧਰਮ ਪਰਿਵਰਤਨ ਕੀਤਾ। ਪਰ ਗੁਰੂ ਨਾਨਕ ਦੇਵ ਜੀ ਭਾਰਤੀ ਪਰੰਪਰਾ ਵਿਚੋਂ ਉਭਰੇ ਪਰ ਉਸ ਪਰੰਪਰਾ ਅੰਦਰ ਜੋ ਕੁਝ ਕਰੂਪ ਹੋ ਚੁੱਕਾ ਸੀ ਜਾਂ (out of date) ਅਸੰਗਤ ਹੋ ਚੁੱਕਾ ਸੀ, ਗੁਰੂ ਪਾਤਸ਼ਾਹ ਨੇ ਉਸਦੀ ਪਹਿਚਾਣ ਕੀਤੀ ਅਤੇ ਬੜੀ ਦਲੇਰੀ ਨਾਲ, ਪਰ ਬੜੇ ਬਾ-ਦਲੀਲ ਤਰੀਕੇ ਨਾਲ ਲੋਕਾਂ ਨੂੰ ਉਨ੍ਹਾਂ ਨੂੰ ਛੱਡ ਦੇਣ ਦੀ ਪ੍ਰੇਰਨਾ ਕੀਤੀ। ਇਉਂ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ -ਗੁਰੂ

ਗੋਬਿੰਦ ਸਿੰਘ ਦਾ ਸਾਜਿਆ ਖਾਲਸਾ ਭਾਰਤ ਦਾ ਖਾਲਿਸ ਸਮੂਦਾਇ ਹੈ ਜਿਸਦਾ ਬਾਹਰੀ ਸਰੂਪ ਰਿਸ਼ੀਆਂ ਮੁਨੀਆਂ ਵਾਲਾ ਹੈ, ਅਤੇ ਇਸਦੀ ਵਿਚਾਰਧਾਰਾ ਵੇਦਾਂ ਸ਼ਾਸਤਰਾਂ ਦੀਆਂ ਕਲਪਨਾਵਾਂ ਤੋਂ ਸੁਤੰਤਰ ਹੈ:-

**ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ॥**

**ਨਾਨਕ ਕਾ ਪਾਤਸ਼ਾਹੁ ਦਿਸੈ ਜਾਹਰਾ॥੪॥੩॥੧੦॥੫॥**

*(ਆਸਾ ਮ: ੫, ਪੰਨਾ ੩੯੭)*

ਭਾਰਤੀ ਧਰਮਾਂ ਅਤੇ ਸਿਆਮੀ (ਪਛਮ-ਏਸ਼ਿਆਈ) ਧਰਮਾਂ ਦੀਆਂ ਕੁਝ ਧਾਰਨਾਵਾਂ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਰੱਦ ਕਰਕੇ ਸਹੀ ਸੇਧ ਬਖ਼ਸ਼ੀ। ਈਸਾਈ ਭਾਵੇਂ ਮੰਨਦੇ ਹਨ ਕਿ ਹਜ਼ਰਤ ਈਸਾ ਰੱਬ ਦਾ ਪੁਤਰ ਹੈ, ਪਰ ਰੱਬ ਦਾ ਤਾਂ ਕੋਈ ਵਿਸ਼ੇਸ਼ ਪੁਤੱਰ ਨਹੀਂ ਹੈ। ਮੁਸਲਮਾਨ ਮੰਨਦੇ ਆਏ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਰੱਬ ਦੇ ਮਿੱਤਰ ਹਨ ਪਰ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਰੱਬ ਦਾ ਨਾ ਕੋਈ ਪੁਤਰ ਹੈ ਨਾ ਮਿਤਰ। ਉਂਝ ਅਸੀਂ ਸਾਰੇ ਪਿਤਾ ਅਕਾਲਪੁਰਖ ਦੇ ਬੱਚੇ ਹੀ ਤਾਂ ਹਾਂ:-'ਏਕ ਪਿਤਾ ਏਕਸ ਕੇ ਹਮ ਬਾਰਿਕ'

ਦਸਵੇਂ ਪਾਤਸ਼ਾਹ ਨੇ ਭੀ ਜਾਪ ਸਾਹਿਬ ਵਿਚ ਇਉਂ ਫੁਰਮਾਇਆ ਹੈ।

**ਨ ਪੋਤ੍ਰੈ ਨ ਪੁਤ੍ਰੈ ਨ ਸਤ੍ਰੈ ਨ ਮਿਤ੍ਰੈ॥ ਨ ਤਾਤੈ ਨ ਮਾਤੈ॥ ਨ ਜਾਤੈ ਨ ਪਾਤੈ॥ ੧੪੭॥**

**ਨਿਰਸਾਕੰ ਸਰੀਕ ਹੈ॥ ਅਮਿਤੋ ਅਮੀਕ ਹੈ॥ ਸਦੈਵੰ ਪ੍ਰਭਾ ਹੈ॥ ਅਜੈ ਹੈਂ ਅਜਾ ਹੈ॥ ੧੪੮॥**

ਪਰਮਾਤਮਾ ਦਾ ਕੋਈ ਭੀ ਸ਼ਰੀਕ ਨਹੀਂ ਹੈ ਜਿਵੇਂ ਉਪਰੋਕਤ ਸਿਆਮੀ ਧਰਮ ਸ਼ੈਤਾਨ ਨੂੰ ਰੱਬ ਦਾ ਸ਼ਰੀਕ ਅਤੇ ਕੱਟੜ ਵਿਰੋਧੀ ਮੰਨਦੇ ਹਨ ਅੱਜ ਭੀ ਮੱਕੇ ਦੀ ਯਾਤਰਾ ਸਮੇਂ ਹਰ ਇਕ ਹਾਜੀ ਸ਼ੈਤਾਨ ਨੂੰ ਪੱਥਰ ਮਾਰਦਾ ਹੈ। ਪਾਤਸ਼ਾਹ ਦਾ ਕਹਿਣਾ ਹੈ ਕਿ ਇਹ ਸਭ ਕਲਪਨਾਵਾਂ ਹਨ ਜਿਨ੍ਹਾਂ ਨੇ ਪਰਮਾਤਮਾ ਦੇ ਅਸਲ ਸਰੂਪ ਬਾਰੇ ਸਦੀਆਂ ਤੋਂ ਮਨੁੱਖਤਾ ਨੂੰ ਭੁਲੇਖਾ ਪਾਇਆ ਹੋਇਆ ਹੈ। ਦਰਅਸਲ ਉਹ ਜੋਤਿ ਸਰੂਪ ਹੈ। ਜਦੋਂ ਉਸਨੇ ਇਹ ਸਾਰੀ ਰਚਨਾ ਕੀਤੀ ਤਾਂ ਉਹ ਆਪਣੀ ਕੁਦਰਤ ਦੇ ਜ਼ੱਰੇ-ਜ਼ੱਰੇ ਵਿਚ ਹੀ ਲੁਕ ਕੇ ਸਮਾਇਆ ਹੋਇਆ ਹੈ। ਉਸਦੇ ਹੁਕਮ ਤੋਂ ਬਾਗ਼ੀ ਅਜ ਤਕ ਨਾ ਕੋਈ ਹੋਇਆ ਹੈ ਅਤੇ ਨਾ ਕੋਈ ਹੋਵੇਗਾ।

ਡਾ: ਰਾਧਾ ਕ੍ਰਿਸ਼ਨ ਸ਼ੰਕਰਚਾਰੀਆ ਬਾਰੇ ਆਪਣੀ ਪੁਸਤਕ ਇੰਡੀਅਨ ਫਿਲਾਸਫੀ ਜਿਲਦ-2 ਦੇ ਪੰਨਾ 659 ਉਤੇ ਇਉਂ ਲਿਖਦੇ ਹਨ:- "ਸ਼ੰਕਰਚਾਰੀਆ ਨੇ ਜਦੋਂ ਉਪਨਸ਼ਿਦ ਪੜ੍ਹੇ ਤਾਂ ਉਹ ਵੇਦਾਂ ਵਿਚ ਦਰਸਾਏ ਵਿਚਾਰਾਂ ਤੋਂ ਥਿੜਕ ਗਿਆ। ਨਤੀਜੇ ਵਜੋਂ ਮਹਾਭਾਰਤ ਅਤੇ ਪੁਰਾਣਾ ਦੀਆਂ ਕਥਾ ਕਹਾਣੀਆਂ ਵਿਚ ਉਲਝ ਕੇ ਰਹਿ ਗਿਆ।" ਮਾਇਆ ਬਾਰੇ ਉਹ ਇਹੋ ਕਹਿੰਦਾ ਸੀ-ਮਾਇਆ ਅਨਰਵਚਨੀਏ ਹੈ। ਭਾਵ ਇਸ ਬਾਰੇ ਕੁਝ ਕਹਿਣਾ ਔਖਾ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕੀਤਾ ਕਿ ਮਾਇਆ ਭੀ ਉਸਦੇ ਹੁਕਮ ਵਿਚ ਕੰਮ ਕਰਦੀ ਹੈ:=

**ਆਵਨ ਜਾਨੁ ਇਕੁ ਖੇਲੁ ਬਨਾਇਆ॥**
**ਆਗਿਆਕਾਰੀ ਕੀਨੀ ਮਾਇਆ॥੬॥੨੩॥**

*(ਗਉੜੀ ਸੁਖਮਨੀ ਮ: ੫ ਪੰਨਾ ੨੯੪)*

ਇਸਲਾਮ ਨਾਲ ਵਿਚਾਰਾਂ ਦੀ ਜੰਗ ਬਾ-ਦਲੀਲ ਉਸ ਹਦ ਤਕ ਲੜੀ ਜਾ ਸਕਦੀ ਸੀ ਜਿਸ ਹੱਦ ਤਕ ਕੋਈ ਕਤੇਬੀ ਸ਼ਰ੍ਹਾ ਸ਼ਰੀਅਤ ਦੀ ਸਦੀਆਂ ਪੁਰਾਣੀ ਪੰਰਪਰਾ ਨੂੰ ਛਡਣ ਲਈ ਤਿਆਰ ਹੋਵੇ। ਭਾਵੇਂ ਅੱਜ ਦਾ ਵਿਗਿਆਨੀ ਭੀ ਮੰਨਦਾ ਹੈ ਲਖਾਂ ਆਕਾਸ਼ਾਂ ਦੀ ਗੱਲ ਬਾਰੇ ਦਲੀਲ ਦਾ ਜਵਾਬ ਪੱਥਰ ਮਾਰਨ ਨਾਲ ਦੇਣਾ ਆਪਣੀ ਘਟੀਆ ਸਭਿਅਤਾ ਦਾ ਪ੍ਰਦਰਸ਼ਨ ਕਰਨਾ ਹੈ। ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਸਾਹਿਬ ਵਰਗੇ ਮਹਾਨ ਗੁਰੂ ਅਤੇ ਯੁਗ ਪੁਰਸ਼ਾਂ ਨੂੰ ਸ਼ਹੀਦ ਕਰਕੇ ਇਸਲਾਮ ਨੇ ਖੱਟਿਆ ਕੁਝ ਨਹੀਂ। ਦਸਵੇਂ ਸਤਿਗੁਰੂ ਨਾਲ ਜੰਗ ਕਰਨਾ, ਅਤੇ ਉਹਨਾਂ ਦੇ ਸਾਰੇ ਸਰਬੰਸ ਨੂੰ ਖ਼ਤਮ ਕਰਕੇ ਭਾਰਤੀ ਇਸਲਾਮਿਕ ਲਹਿਰ ਨੇ ਅਣਮਨੁੱਖੀ ਵਿਵਹਾਰ ਕਰਕੇ ਆਪਣੀਆਂ ਜੜ੍ਹਾਂ ਆਪ ਹੀ ਉਖੇੜਨ ਤੋਂ ਸਿਵਾ ਹੋਰ ਕੀ ਖਟਿਆ? ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜੋ ਜ਼ਫ਼ਰਨਾਮਾ ਲਿਖਿਆ ਸੀ, ਉਸ ਨੂੰ ਪੜ੍ਹ ਕੇ ਸ਼ਹਿਨਸ਼ਾਹਿ-ਹਿੰਦ ਦੀ ਆਤਮਾ ਕੰਬ ਗਈ ਸੀ। ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਵਿਚ ਜ਼ਿੰਦਾ ਕੰਧਾਂ ਵਿਚ ਚਿਣਾ ਦੇਣ ਉਤੇ ਨਵਾਬ ਮਾਲਰੇ ਕੋਟਲੇ ਵਰਗੇ ਸੱਚੇ ਮੁਸਲਮਾਨ ਨੇ ਭੀ "ਹਾਅ ਦਾ ਨਾਅਰਾ ਮਾਰਿਆ ਸੀ। ਅੱਜ ਭੀ ਇਸਲਾਮਿਕ ਸਭਿਅਤਾ ਵਿਚ ਕਾਫਰਾਂ ਨੂੰ ਜਾਨੋਂ ਮਾਰ ਦਿਉ, ਤਬਾਹੀ ਮਚਾ ਕੇ ਲੋਕਾਂ ਵਿਚ ਡਰ ਪੈਦਾ ਕਰੋ ਦੀ ਵਿਚਾਰਧਾਰਾ ਕੰਮ ਕਰ ਰਹੀ ਹੈ।

ਧਰਮਾਂ ਦੇ ਸੰਦਰਭ ਵਿਚ ਇਹ ਗੱਲ ਵਿਚਾਰਨ ਵਾਲੀ ਹੈ ਕਿ ਕਿਸੇ ਧਰਮ ਦਾ ਪੁਜਾਰੀ ਵਰਗ ਹੀ ਆਪਣੇ ਆਪਣੇ ਸਮਾਜ ਨੂੰ ਸਹੀ ਸੇਧ ਦੇ ਸਕਦਾ ਹੈ। ਪਰ ਜੇਕਰ ਇਹ ਪੁਜਾਰੀ ਵਰਗ ਹੀ ਸਦੀਆਂ ਪੁਰਾਣੀਆਂ ਪਰੰਪਰਾਵਾਂ, ਕਦਰਾਂ ਕੀਮਤਾਂ ਅਤੇ ਸਮੇਂ ਨਾਲ ਵਿਗਿਆਨ ਦੀ ਰੌਸ਼ਨੀ ਵਿਚ ਗਲਤ ਸਿੱਧ ਹੋਈਆਂ ਮਾਨਤਾਵਾਂ ਨੂੰ ਰੱਦ ਨਹੀਂ ਕਰ ਸਕਦਾ ਤਾਂ ਉਸ ਧਰਮ ਨਾਲ ਜੁੜਿਆ ਸਮਾਜ ਸਦਾ ਲਈ ਪਛੜਿਆ ਰਹੇਗਾ। "ਮਰਯਾਦਾ ਪੁਰਸ਼ੋਤਮ" ਦਾ ਸ਼ਾਨਦਾਰ ਵਿਸ਼ੇਸ਼ਣ ਸ੍ਰੀ ਰਾਮਚੰਦਰ ਨਾਲ ਪੁਜਾਰੀ ਵਰਗ ਨੇ ਹੀ ਜੋੜਿਆ ਜਿਸਦੇ ਫਲ ਸਰੂਪ ਸ੍ਰੀ ਰਾਮ ਹਮੇਸ਼ਾ ਲਈ ਮਰਯਾਦਾ ਦੀਆਂ ਜੰਜੀਰਾਂ ਨਾਲ ਬੱਧੇ ਰਹੇ। ਉਹ ਹੁਣ ਤਕ ਤੁਲਸੀ ਦੇ ਆਦਰਸ਼ਕ ਰਾਮ ਤਾਂ ਹਨ ਪਰ ਉਹ ਕਬੀਰ ਦੇ ਰਾਮ ਵਰਗੇ ਨਹੀਂ ਬਣ ਸਕੇ। ਗੁਰੂ ਨਾਨਕ ਦੇਵ ਜੀ ਨੂੰ ਪੁਜਾਰੀ ਵਰਗ ਦੀ ਇਸ ਮਾਨਸਿਕ ਕਮਜ਼ੋਰੀ ਦਾ ਪਤਾ ਸੀ। ਉਹਨਾਂ ਆਪਣੀ ਬਾਣੀ ਵਿਚ ਹਿੰਦੂ ਪੁਜਾਰੀ ਵਰਗ ਨੂੰ ਆਪਣੀ ਜ਼ਿੰਮੇਵਾਰੀ ਤੋਂ ਸੁਚੇਤ ਹੋਣ ਲਈ ਪ੍ਰੇਰਨਾ ਦਿੱਤੀ ਮਿਲਦੀ ਹੈ। ਸਿੱਖ ਧਰਮ ਵਿਚ ਮੁੱਢ ਤੋਂ ਹੀ ਇਸੇ ਲਈ ਪੁਜਾਰੀ ਵਰਗ ਨੂੰ ਵਿਸ਼ੇਸ਼ ਥਾਂ ਨਹੀਂ ਸੀ ਦਿੱਤੀ ਗਈ। ਪਰ ਹੌਲੀ ਹੌਲੀ ਸਮੇਂ ਦੀ ਚਾਲ ਨਾਲ ਥਾਂ ਥਾਂ ਜੋ ਪੁਜਾਰੀ ਵਰਗ ਗੁਰਦੁਆਰਿਆਂ ਅਤੇ ਇਤਿਹਾਸਕ ਗੁਰਧਾਮਾਂ ਉਤੇ ਕਾਬਜ਼ ਹੋ ਰਿਹਾ ਹੈ ਉਨ੍ਹਾਂ ਦਾ ਵਿਦਿਅਕ ਅਤੇ ਸੋਚ

ਮਿਆਰ ਇਤਨਾ ਘਟੀਆ ਹੈ ਕਿ ਸਿੱਖ ਕੌਮ ਲਈ ਖ਼ਤਰੇ ਦੀ ਘੰਟੀ ਸਮਾਨ ਹੈ। ਇਸ ਦੇ ਫਲ ਸਰੂਪ ਹਿੰਦੂ ਧਰਮ ਦੇ ਬ੍ਰਹਿਮਣ ਪੁਜਾਰੀ ਦੇ ਕਰਮ-ਕਾਂਡ ਜਾਲ ਵਿਚ ਸਿੱਖ ਭਾਈਚਾਰਾ ਭੀ ਫ਼ਸਦਾ ਨਜ਼ਰ ਆ ਰਿਹਾ ਹੈ। ਜੋ ਜੰਗ ਸਤਿਗੁਰਾਂ ਨੇ 230 (1469-1699) ਸਾਲ ਲੜ ਕੇ ਖਾਲਸਾ ਪੰਥ ਸਾਜਿਆ ਸੀ ਅੱਜ ਸਵੈ-ਪੜਚੋਲ ਕਰ ਲੈਣੀ ਸਾਰਥਕ ਹੋਵੇਗੀ ਤਾਂਕਿ ਖਾਲਸਾ ਪੰਥ ਕਿਤੇ ਮਿਲ-ਗੋਭਾ ਪੰਥ ਬਣ ਕੇ ਨਾ ਰਹਿ ਜਾਵੇ।

ਗੁਰੂ ਨਾਨਕ ਦੇਵ ਜੀ ਨੂੰ ਹੁਣ ਤਕ ਅਸਭਿਆ ਸਮਾਜਾਂ ਨਾਲ ਵਿਚਾਰਾਂ ਦੀ ਜੰਗ ਕਰਦੇ ਦਰਸਾਇਆ ਗਿਆ ਹੈ। ਆਪ ਇਕ ਯੁਗ ਪੁਰਸ਼ ਸਨ। ਭੱਟਾਂ ਨੇ ਜਦੋਂ ਗੁਰੂ ਅਰਜਨ ਦੇਵ ਦੇ ਦਰਬਾਰ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਸਮਝਿਆ, ਪਰਖਿਆ ਅਤੇ ਉਹਨਾਂ ਦੇ ਸਿੱਖਾਂ ਦਾ ਜੀਵਨ ਅਤੇ ਅਚਰਨ ਵੇਖਿਆ ਤਾਂ ਧੰਨ ਧੰਨ ਕਰ ਉਠੇ। ਉਨ੍ਹਾਂ ਨੇ ਫਿਰ ਗੁਰੂ ਨਾਨਕ ਦੇ ਜਸ ਗਾਏ।

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਇਓ ॥** *(ਪੰਨਾ-੧੪੦੮)*

ਸਚ ਹੈ ਜਿਵੇਂ ਜੋਹਰੀ ਨੂੰ ਹੀਰੇ ਦੀ ਕਦਰ ਹੁੰਦੀ ਹੈ, ਅਨਾੜੀ ਲਈ ਤਾਂ ਉਹ ਪੱਥਰ ਦਾ ਟੁਕੜਾ ਹੈ। ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਦੀ ਵਡਿਆਈ ਦੀ ਸਮਝ ਨਹੀਂ ਆਈ ਉਨ੍ਹਾਂ ਆਪ ਨੂੰ ਕੁਰਾਹੀਆ ਕਿਹਾ, ਭੂਤਨਾ ਭੀ ਕਿਹਾ। ਪਰ ਸਤਿਗੁਰਾਂ ਨੇ ਉਨ੍ਹਾਂ ਨੂੰ "ਵਸਦੇ ਰਹੋ" ਦਾ ਵਰ ਦਿੱਤਾ, ਪਰ ਜਿਨ੍ਹਾਂ ਨੇ ਆਪ ਨੂੰ ਪਛਾਣ ਲਿਆ, ਆਪ ਦੇ ਉਪਦੇਸ਼ ਨੂੰ ਗ੍ਰਹਿਣ ਕੀਤਾ, ਉਨ੍ਹਾਂ ਨੂੰ ਆਸੀਸ ਬਖ਼ਸ਼ੀ "ਉਜੜ ਜਾਉ"। ਭਾਵ ਇਹ ਸੀ ਕਿ ਮੂੜ੍ਹ ਮੁਗਧ ਇਕੋ ਥਾਂ ਵਸਦੇ ਹੀ ਚੰਗੇ ਕਿਉਂਕਿ ਜਿਥੇ ਉਹ ਜਾਣਗੇ ਨਫਰਤ ਦੇ ਬੀਜ ਬੋਣਗੇ। ਗਿਆਨੀ ਪੁਰਸ਼ ਉਜੜਦੇ ਇਸ ਲਈ ਚੰਗੇ, ਜਿਥੇ ਉਹ ਜਾਣਗੇ ਗਿਆਨ ਦਾ ਚਾਨਣਾ ਖਲੇਰਨਗੇ।

ਗੁਰੂ ਨਾਨਕ ਅਸਲ ਵਿਚ ਇਕ ਨਵਾਂ ਮਿਸ਼ਨ ਲੈ ਕੇ ਆਏ ਸਨ। ਉਹ ਹਰ ਇਕ ਆਤਮਾ ਨੂੰ, ਚਾਹੇ ਉਹ ਕਿਸੇ ਮਜ਼ਹਬ ਦੀ ਹੋਵੇ, ਉਸਦੇ ਅਸਲ ਮਾਲਕ ਨਾਲ ਮੇਲ ਕਾਰਉਣਾ ਚਾਹੁੰਦੇ ਸਨ। ਹਰ ਧਰਮ ਦੀਆਂ ਬਾਹਰਲੀਆਂ ਕਰਮ-ਕਾਂਡੀ ਗਤੀਵਿਧੀਆਂ ਸਮੇਂ ਅਤੇ ਅਸਥਾਨ ਨਾਲ ਵੱਖ-ਵੱਖ ਹੁੰਦੀਆਂ ਹਨ। ਗੁਰੂ ਨਾਨਕ ਦੇਵ ਹਰ ਮਨੁੱਖੀ ਆਤਮਾਂ ਨੂੰ ਜਗਾਉਣਾ ਲੋਚਦੇ ਸਨ। ਉਹਨਾਂ ਦੀ ਬਾਣੀ ਦੇ ਬੈਰਾਗ ਮਈ ਬੋਲਾਂ ਤੋਂ ਪ੍ਰਭੂ ਮਿਲਣ ਦੀ ਤਾਂਘ ਦੇ ਦਰਸ਼ਨ ਹੁੰਦੇ ਹਨ:-

**ਕਬਹੂ ਸਾਹਿਬੁ ਦੇਖਿਆ ਭੈਣ ॥੧॥੪॥੯** *(੧੨੫੭)*

ਪਰਮਾਤਮਾ ਦੀ ਪੂਜਾ ਕਰਕੇ ਸੁਰਗ ਜਾਂ ਹੋਰ ਕਈ ਪਦਾਰਥਾਂ ਦੀ ਮੰਗ ਕਰਨੀ ਤਾਂ ਆਮ ਪ੍ਰਚਲਤ ਕਹਾਣੀ ਹੈ। ਪਰ ਪ੍ਰਭੂ ਮਿਲਾਪ ਲਈ ਮਨੁੱਖੀ ਹਿਰਦਿਆਂ ਵਿਚ ਤੜਪ ਪੈਦਾ ਕਰ ਦੇਣੀ, ਇਹ ਕ੍ਰਿਸ਼ਮਾ ਗੁਰੂ ਨਾਨਕ ਤੋਂ ਬਿਨਾਂ ਕਿਸੇ ਅਵਤਾਰ ਜਾਂ ਪੈਗੰਬਰ ਤੋਂ ਨਹੀਂ ਹੋ ਸਕਿਆ। ਆਪ ਦੇ ਦੋ ਸੌ ਬਰਸ ਤੋਂ ਵਧ ਸਮੇਂ ਤਕ ਦੇ ਪ੍ਰਭੂ ਮਿਲਣ ਦੀ ਲਹਿਰ ਸਦਕਾਂ ਅਨੇਕਾਂ ਰੂਹਾਂ ਦਾ ਉਧਾਰ ਹੋਇਆ। ਸਜਣ ਠੱਗੀ ਛੱਡ ਕੇ ਭਗਤੀ ਵਿਚ ਲੀਨ ਹੋ ਗਿਆ। ਇਨ੍ਹਾਂ ਦੇ ਮਿਸ਼ਨ ਬਾਰੇ ਹੇਠਲੀਆਂ ਸਤਰਾਂ ਵਿਚ ਸੰਕੇਤ ਮਿਲਦੇ ਹੈ

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ
ਲੈਨਿ ਮਿਲਾਏ ॥੨॥੭॥੫੪॥ *(ਪੰਨਾ ੭੪੯)*

ਇਸ ਗੱਲ ਵਿਚ ਕੋਈ ਸ਼ਕ ਨਹੀਂ ਜੇ ਕਰ ਗੁਰੂ ਨਾਨਕ ਸਾਹਿਬ ਭਗਤੀ ਲਹਿਰ ਨਾ ਚਲਾਂਦੇ ਤਾਂ ਖਾਲਸੇ ਨੇ ਕਿਵੇਂ ਪ੍ਰਗਟ ਹੋਣਾ ਸੀ? ਖਾਲਸੇ ਨੂੰ ਸਤਿਗੁਰਾਂ ਨੇ ਭਗਤੀ ਅਤੇ ਸ਼ੁਕਤੀ ਦਿੱਤੀ ਇਸ ਭਗਤੀ ਲਹਿਰ ਨੂੰ ਅਗੇ ਤੋਰਨ ਲਈ ਖਾਲਸੇ ਨੂੰ ਸੰਤ ਉਭਾਰਨ ਅਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਪੂਰਾ ਇਕ ਸੌ ਸਾਲ ਲੱਗਾ। ਵਿਚਾਰਾਂ ਦੀ ਜੰਗ ਅਜੇ ਵੀ ਖਾਲਸਾ ਲੜ ਰਿਹਾ ਹੈ ਅਤੇ ਲੜਦਾ ਰਹੇਗਾ।

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥
ਬਿਦਿਆ ਸੋਧੈ ਤਤੁ ਲਹੈ ਰਾਮਨਾਮ ਲਿਵ ਲਾਇ ॥
ਮਨਮੁਖ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥
ਪਾਧਾ ਗੁਰਮੁਖਿ ਆਖੀਐ ਚਾਟੜਿਆਂ ਮਤਿ ਦੇਇ ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ॥
ਜਿਸੁ ਰਾਮਨਾਮੁ ਗਲਿ ਹਾਰੁ ॥੫੪॥੧॥

*(ਰਾਮਕਲੀ ਦਖਣੀ ਓਅੰਕਾਰ ਮ: ੧-੯੩੮)*

◆◆◆

# 2. ਖਾਲਸਈ ਜੀਵਨ ਜੁਗਤਿ

ਇਹ ਧਾਰਨਾ ਪਰਚਲਤ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸੰਨ ੧੬੯੯ ਦੀ ਵਿਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦਾ ਸੀਸ ਭੇਟ ਕੌਤਕ ਵਰਤਾਅ ਕੇ ਖੰਡੇ ਦੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਤਾਂ ਉਦੋਂ ਹੀ ਸਿੱਖ ਲਈ ਰਹਿਤ ਮਰਯਾਦਾ ਦੀ ਪਿਰਤ ਪਾਈ। ਕੀ ਇਸ ਦਾ ਅਰਥ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤਕ ਸਿੱਖ ਪੰਥ ਵਿਚ ਕੋਈ ਰਹਿਤ ਮਰਯਾਦਾ ਹੈ ਹੀ ਨਹੀਂ ਸੀ? ਨਹੀਂ, ਇਉਂ ਨਹੀਂ ਹੈ। ਸਮੇਂ ਸਮੇਂ ਹਰ ਇਕ ਗੁਰੂ-ਵਿਅਕਤੀ ਆਪਣੇ ਸਿੱਖਾਂ ਨੂੰ ਮੌਖਿਕ ਅਥਵਾ ਗੁਰਬਾਣੀ ਰਾਹੀਂ ਉਪਦੇਸ਼ ਦਿੰਦੇ ਆਏ ਹਨ ਜੋ ਸਿੱਖ ਪੰਥ ਦੀ ਰਹਿਤ ਰਹਿਣੀ ਦਾ ਮੂਲ-ਆਧਾਰ ਬਣੇ ਰਹੇ ਹਨ। ਦਸਵੇਂ ਪਾਤਸ਼ਾਹ ਜੀ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ ਪੰਜ ਕਕਾਰੀ ਰਹਿਤ ਧਾਰਨ ਕਰਨੀ ਲਾਜ਼ਮੀ ਬਣਾਈ। ਇਸਦੇ ਨਾਲ ਚਾਰ ਬਜਰ ਕੁਰਹਿਤਾਂ ਦਾ ਵਿਧਾਨ ਭੀ ਪੱਕਾ ਕਰ ਦਿੱਤਾ ਕਿ ਜੇ ਕੋਈ ਸਿੱਖ ਇਹਨਾਂ ਚਾਰਾਂ ਵਿਚੋਂ ਕਿਸੇ ਇਕ ਕੁਰਹਿਤ ਨੂੰ ਕਰ ਬੈਠੇ ਤਾਂ ਉਹ ਸਿੱਖੀ ਤੋਂ ਖਾਰਜ ਮੰਨਿਆ ਜਾਏਗਾ। ਇਹ ਗੁਰੂ ਸਾਹਿਬ ਵੱਲੋਂ ਦ੍ਰਿੜ ਕਰਵਾਇਆ ਡਸਿਪਲਿਨ ਹੈ। ਇਹੋ 'ਗੁਰੂ ਕਾ ਭਾਣਾ' ਹੈ, ਗੁਰੂ ਦੀ ਮਨ-ਪਸੰਦ ਮੌਜ ਹੈ ਕਿ ਗੁਰੂ ਕਾ ਸਿੱਖ ਰੋਮਾਂ ਦੀ ਬੇਅਦਬੀ ਨਾ ਕਰੇ, ਪਰ-ਪੁਰਸ ਜਾਂ ਪਰ-ਇਸਤ੍ਰੀ ਦਾ ਸੰਗ ਨਾ ਕਰੇ, ਤਮਾਕੂ ਦਾ ਕਿਸੇ ਪ੍ਰਕਾਰ ਸੇਵਨ ਨਾ ਕਰੇ ਅਤੇ ਕੁੱਠਾਮਾਸ ਨਾ ਖਾਵੇ ਤਥਾ ਗੁਰਵਾਕ

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜੇ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**
**ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ**
**ਫਿਰਿ ਫਿਰਿ ਪਛੋਤਾਵੈ ॥੧ ॥੪ ॥੬** *(੬੦੧-੦੨)*

ਭਾਵ ਉਹੀ ਪਿਆਰਾ ਵੀਰ ਹੈ ਜੇਕਰ ਸਤਿਗੁਰਾਂ ਦੇ ਭਾਣੇ ਵਿਚ ਰਹਿੰਦਾ ਹੈ। ਮਨ- ਮਰਜ਼ੀ ਵਾਲੇ ਸਿੱਖ ਵਿਛੜ ਕੇ ਦੁਖ ਪਾਉਂਦੇ ਹਨ ਅਤੇ ਫਿਰ ਪਛਤਾਉਂਦੇ ਹਨ।

ਹੋਇਆ ਕੀ ਕਿ ਸੰਨ ੧੬੯੯ ਤੋਂ ੧੭੦੪ ਤੱਕ ਦਸਵੇਂ ਪਾਤਸ਼ਾਹ ਦੇ ਖਾਲਸਾ ਪੰਥ ਸਾਜਣ ਦੇ ਨਾਲ ਨਾਲ ਪਹਾੜੀ ਰਾਜਿਆਂ ਨੇ ਵੈਰ ਕਮਾਉਣਾ ਆਰੰਭ ਕਰ ਦਿੱਤਾ। ਮੁਗਲਾਂ ਨੂੰ ਭੀ ਚੜ੍ਹਾ ਕੇ ਲੈ ਆਏ। ਸਤਿਗੁਰਾਂ ਨੂੰ ਖਾਲਸੇ ਦੇ ਕੇਂਦਰ ਸ੍ਰੀ ਕੇਸਾਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਨੂੰ ਖਾਲੀ ਕਰਨਾ ਪਿਆ। ਪਰਿਵਾਰ ਵਿਛੜ ਗਿਆ ਤੇ ਸ਼ਹੀਦ ਹੋ ਗਿਆ। ਬੇਅੰਤ ਖਾਲਸਾ ਜੀ ਦੀ ਫੌਜ ਪਿਛਾ ਕਰ ਰਹੀ ਮੁਗਲ ਫੌਜ ਨਾਲ ਲੜ ਕੇ ਸ਼ਹੀਦ ਹੋ ਗਈ। ਇਹੋ ਜਿਹੇ (war times) ਸੰਘਰਸ਼ ਦੇ ਸਮੇਂ ਟਿਕ ਕੇ ਕੁਝ ਲਿਖਣਾ ਬੜਾ ਮੁਸ਼ਕਲ ਹੁੰਦਾ ਹੈ। ਸੋ ਸਤਿਗੁਰਾਂ ਦੇ ਆਪਣੇ ਹੱਥੀਂ ਲਿਖਿਆ ਰਹਿਤਨਾਮਾ ਤਾਂ ਕਿਤੇ ਨਹੀਂ ਮਿਲਦਾ। ਅਠ੍ਹਾਰਵੀਂ ਅਤੇ ਉਨ੍ਹੀਵੀਂ ਸਦੀ ਦੇ ਕੁਝ ਲਿਖਾਰੀਆਂ ਨੇ ਜੋ ਰਹਿਤਨਾਮੇ ਲਿਖੇ, ਉਹਨਾਂ ਵਿਚ ਬਹੁਤ ਕੁਝ ਬ੍ਰਹਮਣੀਵਾਦ ਦੇ ਤੱਤ ਆ ਰਲੇ। ਪਰ ਸਿੱਖ ਪੰਥ ਦੀ ਰਹਿਤ ਰਹਿਣੀ ਦਾ ਸਹੀ ਅਤੇ ਅਚੁੱਕ ਸੋਮਾ ਸਤਿਗੁਰਾਂ ਦੀ ਪਾਵਨ ਗੁਰਬਾਣੀ ਹੈ ਜੋ

**ਮੁੱਢ ਤੋਂ ਹੀ ਨਾਨਕ ਨਿਰਮਲ ਪੰਥ ਦੀ ਜੀਵਨ ਜੁਗਤਿ ਦਾ ਆਧਾਰ ਰਹੀ ਹੈ।**

ਸਤਿਗੁਰੂ ਨਾਨਕ ਦੇਵ ਜੀ ਦਾ ਸੰਨ ੧੪੬੯ ਵਿਚ ਪ੍ਰਕਾਸ਼ ਹੋਇਆ। ਉਸ ਸਮੇਂ ਭਾਰਤ ਵਿਚ ਦੋ ਹੀ ਵੱਡੀਆਂ ਕੌਮਾਂ ਸਨ-ਹਿੰਦੂ ਅਤੇ ਮੁਸਲਮਾਨ। ਹਿੰਦੂ ਦੀ ਰਹਿਤ ਮਰਯਾਦਾ ਦਾ ਸੋਮਾ ਮੰਨੂੰ ਸਿਮ੍ਰਤੀ, ਸ਼ਾਸਤਰ ਅਤੇ ਵੇਦ ਹਨ। ਹਿੰਦੂ ਧਰਮ ਦਾ ਸੰਚਾਲਕ ਬ੍ਰਾਹਮਣ ਹੈ। ਉਸ ਨੇ ਜੋ ਕਰਮਕਾਂਡ ਦੀ ਮਰਯਾਦਾ ਇਕਵਾਰ ਬੰਨ੍ਹ ਦਿੱਤੀ। ਉਸ ਨੂੰ ਆਮ ਸ਼ਰਧਾਵਾਨ ਹਿੰਦੂ ਕਦੀ ਭੰਗ ਨਹੀਂ ਕਰ ਸਕਦਾ। ਇਸੇ ਤਰ੍ਹਾਂ ਇਸਲਾਮ ਭੀ ਹਜ਼ਰਤ ਮੁਹੰਮਦ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਾ ਸੀ, ਰਹਿਤ ਰਹਿਣੀ ਹਰ ਧਰਮ ਦੀ ਉਚੀ ਅਤੇ ਸੁਚੀ ਬਣਾਈ ਜਾਂਦੀ ਹੈ ਜਿਸ ਦਾ ਆਧਾਰ ਉਸ ਸਮੇਂ ਦੀਆਂ ਆਦਰਸ਼ਕ ਕਦਰਾਂ ਕੀਮਤਾਂ ਹੁੰਦੀਆਂ ਹਨ। ਪਰ ਹੌਲੀ ਹੌਲੀ ਮਨੁੱਖ ਆਪਣੇ ਨਿੱਜ ਲਈ ਇਹਨਾਂ ਦੀ ਉਲੰਘਣਾ ਕਰਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਹਿੰਦੂ ਅਤੇ ਮੁਸਲਿਮ ਸਮਾਜ ਨੂੰ ਉਨ੍ਹਾਂ ਦੀਆਂ ਉਚੀਆਂ ਕਦਰਾਂ ਦੀ ਉਲੰਘਣਾ ਕਰਦਿਆਂ ਵੇਖ ਕੇ ਆਵਾਜ਼ ਉਠਾਈ

**ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆਂ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥੭**

*(ਧਨਾਸਰੀ ਮ: ੧, ਪੰਨਾ ੬੬੨)*

ਸੱਚ ਬੋਲਣਾ ਜਾਂ ਸੱਚਾ ਸੁੱਚਾ ਵਿਹਾਰ ਕਰਨਾ ਹਰ ਧਰਮ ਦਾ ਉਪਦੇਸ਼ ਹੁੰਦਾ ਹੈ, ਪਰ ਕਾਜ਼ੀ ਇਨਸਾਫ ਦੀ ਕੁਰਸੀ ਤੇ ਬੈਠ ਕੇ ਕੂੜ ਬੋਲਦਾ ਸੀ ਤੇ ਰਿਸ਼ਵਤ ਖਾਂਦਾ ਸੀ। ਇਉਂ ਬ੍ਰਾਹਮਣ ਜੋ ਹਿੰਦੂ ਸਮਾਜ ਦਾ ਧਾਰਮਿਕ ਆਗੂ ਸੀ, ਜੀਵਾਂ ਦੀ ਬਲੀ ਦੇ ਕੇ ਮਾਸ ਖਾਂਦਾ ਸੀ। ਹਾਲਾਂਕਿ ਹਿੰਦੂ ਧਰਮ ਉਤੇ ਅਹਿੰਸਾ ਦਾ ਕਾਫੀ ਪ੍ਰਭਾਵ ਪੈ ਚੁੱਕਾ ਸੀ। ਇਸੇ ਤਰ੍ਹਾਂ ਜੋਗੀ ਭੀ ਪ੍ਰਭੂ ਪ੍ਰਾਪਤੀ ਲਈ ਘਰ ਛੱਡ ਕੇ ਪਹਾੜਾਂ ਤੇ ਜਾ ਚੜ੍ਹਿਆ। ਗੁਰੂ ਜੀ ਤਿੰਨਾਂ ਦੀ ਜੀਵਨ ਜੁਗਤਿ ਨੂੰ ਰੱਦ ਕਰ ਰਹੇ ਹਨ ਕਿਉਂਕਿ ਤਿੰਨਾਂ ਦੀ ਬਾਹਰਲੀ ਰਹਿਤ ਰਹਿਣੀ ਭਾਵੇਂ ਚੰਗੀ ਦਿਸਦੀ ਹੋਵੇ ਪਰ ਅੰਦਰੋਂ ਤਿੰਨੇ ਧਾਰਮਕ ਆਗੂ ਖੋਖਲੇ ਸਨ। ਪਾਪ ਕਰਕੇ ਤੀਰਥਾਂ ਦੇ ਇਸ਼ਨਾਨ ਨਾਲ ਕੋਈ ਕਿਵੇਂ ਸੁੱਚਾ ਹੋ ਸਕਦਾ ਹੈ?

**ਮਨਿ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥ (੫੫੮)**

ਮੈਲਾ ਤਾਂ ਮਨ ਹੈ, ਸਾਫ ਤਾਂ ਮਨ ਨੂੰ ਕਰਨਾ ਚਾਹੀਦਾ ਹੈ। ਕਿਉਂਕਿ ਸ਼ੁਧ ਮਨ ਵਿਚ ਹੀ ਪਵਿੱਤਰ ਪਾਵਨ ਪ੍ਰਭੂ ਅਤੇ ਉਸਦੇ ਨਾਮ ਦਾ ਨਿਵਾਸ ਹੋ ਸਕਦੈ। ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਪ੍ਰਚਾਰ ਫੇਰੀਆਂ (ਉਦਾਸੀਆਂ) ਦੌਰਾਨ ਅਤੇ ਡੇਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਿਥੇ ਆਪ ਜੀ ਨੇ ਜੀਵਨ ਦੇ ਅੰਤਲੇ ੧੮ ਸਾਲ ਬੈਠ ਕੇ ਸਤਿਨਾਮ ਦਾ ਪ੍ਰਚਾਰ ਕੀਤਾ, ਆਪਣੇ ਸ਼ਰਧਾਲੂ ਸਿੱਖਾਂ ਨੂੰ ਕੁਝ ਖਾਸ ਰਹਿਤ ਧਾਰਨ ਕਰਨ ਦੀ ਤਾਕੀਦ ਕੀਤੀ ਜੋ ਉਹਨਾਂ ਦੀ ਪਾਵਨ ਬਾਣੀ ਵਿਚੋਂ ਲਭਦੀ ਹੈ। ਸ੍ਰੀ ਜਪੁਜੀ ਸਾਹਿਬ ਵਿੱਚ ਮਹਾਰਾਜ ਨੇ (sikh way of life) ਸਿੱਖ ਦੀ ਜੀਵਨ ਜੁਗਤਿ ਦੀ ਰਾਹ ਉਤੇ ਇਕ ਬੜਾ ਸੁੰਦਰ ਸਵਾਲ ਕੀਤੈ, ਉਹ ਭੀ ਇਸ ਸੰਦਰਭ ਵਿਚ ਕਿ ਆਲੇ ਦੁਆਲੇ ਦਾ ਸਮਾਜਿਕ ਜੀਵਨ ਕੂੜ ਨਾਲ ਭਰਪੂਰ ਸੀ।

**ਸਰਮ ਧਰਮ ਕਾ ਡੇਰਾ ਦੂਰਿ॥**
**ਨਾਨਕ ਕੂੜੁ ਰਿਹਾ ਭਰਪੂਰਿ॥** *(ਵਾਰ ਆਸਾ ਮ: ੧, ਪੰਨਾ ੪੭੧)*
ਸਭ ਲੁਕਾਈ ਲਈ ਆਪਨੇ ਇਹ ਸਵਾਲ ਰਖਿਆ:-
**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ?** *(ਜਪੁਜੀ)*

ਸਿਖ ਜੀਵਨ ਜਾਚ ਵਿੱਚ ਅੱਜ ਭੀ ਸਭ ਤੋਂ ਵੱਡਾ ਸਵਾਲ ਇਹੋ ਹੈ ਕਿ ਕਿਵੇਂ ਸਚਿਆਰ ਸਿੱਖ ਬਣਨਾ ਹੈ ਅਤੇ ਕੂੜੇ ਅਡੰਬਰ ਦਾ ਮੁਲੰਮਾ ਕਿਵੇਂ ਉਤਾਰਿਆ ਜਾਏ? ਕਿਉਂਕਿ ਕੇਵਲ ਸਚਿਆਰ ਹੀ ਗੁਰੂ ਅਤੇ ਅਕਾਲਪੁਰਖ ਦੀ ਨੇੜਤਾ ਪ੍ਰਾਪਤ ਕਰ ਸਕਦਾ ਹੈ। ਕੋਈ ਉਤੋਂ ਭਾਵੇਂ ਕਿਸੇ ਧਰਮ ਦਾ ਭੇਖ ਧਾਰਨ ਕਰ ਲਵੇ, ਪਰ ਸਤਿਗੁਰੂ ਜੀ ਦੀ ਦ੍ਰਿੜ੍ਹਾਈ ਹੋਈ ਰਹਿਤ ਰਹਿਣੀ ਦਾ ਸਭ ਤੋਂ ਪਹਿਲਾਂ ਕਦਮ ਹੈ ਸੱਚ ਜਿਸ ਦੀ ਉਹ ਆਪ ਵਿਆਖਿਆ ਕਰਦੇ ਹਨ।

### ੧. ਸੱਚੁ ਅਤੇ ਸੁੱਚ

ਸਤਿਗੂਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਹਿਰਦੇ ਵਿਚ ਸੱਚ ਧਾਰਨ ਕਰਨ ਲਈ ਜ਼ੋਰਦਾਰ ਪ੍ਰੇਰਣਾ ਦਿੱਤੀ। ਸਿੱਖ ਨੂੰ ਸੱਚੇ ਪਾਤਸ਼ਾਹ ਸਚਿਆਰ ਬਣਾਉਣਾ ਲੋਚਦੇ ਹਨ, ਇਸ ਲਈ ਸਚਿਆਰ ਬਣਨ ਲਈ **ਕੂੜ-ਕਿਰਿਆ ਛੱਡਣੀ ਅਤੇ ਪਾਖੰਡ ਦਾ ਤਿਆਗ ਕਰਨਾ ਲਾਜ਼ਮੀ ਦੱਸਿਆ।** ਕੂੜ ਦੀ ਰਹਿਤ ਦੇ ਸਹਾਰੇ ਮਨੁੱਖ ਆਪਣੇ ਆਲੇ ਦੁਆਲੇ ਜੋ ਕੂੜਾ ਮਾਣ-ਸਤਿਕਾਰ ਬਣਾਈ ਫਿਰਦਾ ਹੈ, ਉਸ ਸਾਰੇ ਨੂੰ ਛੱਡਣਾ ਹੀ ਚਾਹੀਦਾ ਹੈ। ਹਿਰਦੇ ਵਿੱਚ ਸੱਚ ਧਾਰਨ ਕੀਤੇ ਬਿਨਾਂ ਅੰਦਰੋਂ ਕੂੜ ਨਿਕਲ ਨਹੀਂ ਸਕਦਾ।

ਸੋ ਇਸ ਨਿਰਮਲ ਪੰਥ ਦੀ ਨਿਰਮਲ ਰਹਿਤ ਦਾ ਪਹਿਲਾਂ ਉਪਦੇਸ਼ ਹੈ ਸੱਚ ਨੂੰ ਧਾਰਨ ਕਰਨਾ। ਸੱਚ ਹੈ ਵਾਹਿਗੁਰੂ ਅਤੇ ਸੱਚ ਹੈ ਉਸਦਾ ਪਿਆਰਾ ਨਾਮ। ਗੁਰ ਉਪਦੇਸ਼ ਇਹ ਹੈ-

੧. **ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥**
**ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥**
੨. **ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥**
**ਨਾਉ ਸੁਣਿ ਮਨੁ ਰਹਸੀਐ, ਤਾ ਪਾਏ ਮੋਖ ਦੁਆਰੁ॥**
੩. **ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥**
**ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥**
੪. **ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥**
**ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥**
੫. **ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥**
**ਸਤਿਗੁਰੂ ਨੋ ਪੁਛਿ ਕੈ, ਬਹਿ ਰਹੈ ਕਰੇ ਨਿਵਾਸੁ॥**
੬. **ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥**
**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥੧੦॥**
*(ਵਾਰ ਆਸਾ ਮ: ੧, ਪੰਨਾ ੪੬੮)*

ਉਪਰੋਕਤ ਗੁਰੁ-ਫੁਰਮਾਨ ਸਪਸ਼ਟ ਕਰਦੇ ਹਨ ਕਿ-

੧. ਜਿਸ ਦੇ ਹਿਰਦੇ ਵਿੱਚ ਵਾਹਿਗੁਰੂ ਜੀ ਉਤੇ ਪੂਰਨ ਦ੍ਰਿੜ੍ਹ ਵਿਸ਼ਵਾਸ ਅਤੇ ਸਿਦਕ ਹੈ, ਉਹੀ ਸੱਚ ਦਾ ਧਾਰਨੀ ਮੰਨਿਆ ਜਾ ਸਕਦਾ ਹੈ। ਵਾਹਿਗੁਰੂ ਜੀ ਦੇ ਸੱਚੇ ਨਾਮ ਨਾਲ ਹੀ ਅੰਦਰੋਂ ਕੂੜ ਦੀ ਮੈਲ ਕੱਟੀ ਜਾਣੀ ਹੈ ਅਤੇ ਮੈਲ ਕੱਟਣ ਉਪਰੰਤ ਸੱਚ ਨਾਲ ਅੰਦਰੋਂ ਪਿਆਰ ਪੈਂਦਾ ਹੈ।

੨. ਉਸੇ ਮਨੁੱਖ ਵਿਚ ਸੱਚ ਦਾ ਵਾਸਾ ਮੰਨਿਆ ਜਾ ਸਕਦਾ ਹੈ ਜੋ ਅੰਦਰੋਂ ਸੱਚ ਨੂੰ ਪਿਆਰ ਕਰਦਾ ਹੈ ਅਤੇ ਸਤਿਗੁਰੂ ਤੋਂ ਪਰਮੇਸ਼ਰ ਦੇ ਨਾਉਂ ਨੂੰ ਪ੍ਰਾਪਤ ਕਰਕੇ ਮਨ ਵਿਚ ਵਸਾਉਂਦਾ ਹੈ। ਤਾਂ ਹੀ ਉਸਦੇ ਮਨ ਨੂੰ ਪ੍ਰਸੰਨਤਾ ਤੇ ਖੇੜਾ ਆ ਸਕਦਾ ਹੈ।

੩. ਉਸ ਮਨੁੱਖ ਵਿਚ ਵੀ ਸੱਚ ਦਾ ਨਿਵਾਸ ਮੰਨਿਆ ਜਾ ਸਕਦਾ ਹੈ ਜਿਸ ਨੂੰ ਜੀਵਨ ਜੀਉਣ ਦੀ ਸੱਚੀ ਤੇ ਸੁੱਚਜੀ ਜਾਚ ਆ ਗਈ ਹੋਵੇ। ਉਹ ਜਾਚ ਇਹੋ ਹੈ ਕਿ ਉਹ ਆਪਣੀ ਹਿਰਦੇ ਰੂਪ ਧਰਤੀ ਨੂੰ ਸਾਧੇ, ਨਿਰਮਲ ਕਰੇ ਅਤੇ ਫਿਰ ਉਸ ਵਿਚ ਪਰਮੇਸ਼ਰ ਦੇ ਨਾਮ ਦਾ ਬੀਜ ਬੀਜੇ।

੪. ਉਸ ਮਨੁੱਖ ਦੇ ਹਿਰਦੇ ਵਿਚ ਭੀ ਸੱਚ ਵਸ ਸਕਦਾ ਹੈ ਜੋ ਸਤਿਗੁਰੂ ਸਾਹਿਬ ਦੀ ਇਸ ਸਿਖਿਆ ਨੂੰ ਭੈ-ਭਾਵਨੀ ਸਹਿਤ ਧਾਰਨ ਕਰਦਾ ਹੈ। ਉਹ ਸਿਖਿਆ ਇਹੋ ਹੈ ਕਿ ਸਭ ਜੀਵਾਂ ਉਤੇ ਸਦਾ ਦਇਆ ਕਰਨੀ ਅਤੇ ਦਇਆ ਕਰਦਾ ਹੋਇਆਂ ਹੀ ਗਰੀਬ-ਅਨਾਥਾਂ ਲਈ ਪੁੰਨ-ਦਾਨ ਭੀ ਕਰਨਾ ਹੈ।

੫. ਉਸ ਮਨੁੱਖ ਵਿਚ ਸੱਚ ਦਾ ਨਿਵਾਸ ਮੰਨਿਆ ਜਾ ਸਕਦਾ ਹੈ ਜੋ ਦੁਨਿਆਵੀ ਤੀਰਥਾਂ ਉਤੇ ਇਸ਼ਨਾਨਾਂ ਨੂੰ ਛੱਡ ਕੇ ਕੇਵਲ ਆਪਣੇ ਆਤਮ-ਤੀਰਥ ਉਤੇ ਅੰਮ੍ਰਿਤ ਨਾਮ ਦਾ ਇਸ਼ਨਾਨ ਕਰਦਾ ਹੈ। ਇਸ ਮਨੋਰਥ ਲਈ ਸਾਤਗੁਰੂ ਜੀ ਤੋਂ ਦੀਖਿਆ ਲੈ ਕੇ ਆਤਮਕ ਤੀਰਥ 'ਚ ਵਾਸਾ ਕਰੇ ਅਤੇ ਇਉਂ ਸੱਚੇ ਨਾਮ ਦੀ ਕਮਾਈ ਕਰੇ। ਜਪੁਜੀ ਵਿਚ ਵੀ ਇਸੇ ਭਾਵ ਨੂੰ ਦ੍ਰਿੜ੍ਹ ਕਰਾਇਆ ਗਿਆ ਹੈ। ਅੰਤਰਗਤਿ ਤੀਰਥਿ ਮਲਿ ਨਾਉ॥੨੧॥

੬. ਇਉਂ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਕੇਵਲ ਸੱਚ ਦੀ ਰਹਿਤ ਹੀ ਸੰਸਾਰ ਦੇ ਸਮੂਹ ਰੋਗਾਂ ਦਾ ਦਾਰੂ ਹੈ, ਪਰ ਜੇ ਕੋਈ ਮਨੁੱਖ ਸੱਚ ਨੂੰ ਪੱਲੇ ਬੰਨ੍ਹ ਸਕੇ।

ਗੁਰੂ ਅਰਜਨ ਦੇਵ ਜੀ ਨੇ ਇਸ ਰਹਿਤ ਨੂੰ ਸੁਖਮਨੀ ਸਾਹਿਬ ਵਿੱਚ ਇਉਂ ਦਰਸਾਇਆ ਹੈ:

**ਸਚੁ ਕਰਣੀ ਸਚੁ ਤਾ ਕੀ ਰਹਤ॥**
**ਸਚੁ ਹਿਰਦੈ ਸਤਿ ਮੁਖਿ ਕਹਤ।**
**ਸਾਚੀ ਦ੍ਰਿਸਟਿ ਸਾਚਾ ਆਕਾਰੁ॥**
**ਸਚੁ ਵਰਤੈ ਸਾਚਾ ਪਾਸਾਰੁ॥**
**ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥**
**ਨਾਨਕ ਸੋ ਜਨੁ ਸਚਿ ਸਮਾਤਾ॥੮॥੧੫॥** (੨੮੩)

ਗੁਰਸਿੱਖ ਉਹ ਹੈ ਜਿਸ ਦੀ ਅਮਲੀ ਜ਼ਿੰਦਗੀ ਅਤੇ ਰਹਿਤ ਸੱਚ ਤੇ ਆਧਾਰਤ ਹੁੰਦੀ ਹੈ। ਉਸ ਦੇ ਹਿਰਦੇ ਵਿੱਚ ਸੱਚ ਦਾ ਵਾਸ ਹੁੰਦਾ ਹੈ ਅਤੇ ਬਚਨਾਂ ਵਿਚ ਵੀ ਸੱਚ ਹੀ ਹੁੰਦਾ ਹੈ। ਉਹ ਅੰਦਰੋਂ ਬਾਹਰੋਂ ਇਕ ਸਮਾਨ ਹੁੰਦਾ ਹੈ। ਉਸਦੀ ਦ੍ਰਿਸ਼ਟੀ ਵਿਚ ਸੱਚ ਦਾ ਵਾਸਾ ਹੋਣ ਕਰਕੇ, ਉਸ ਨੂੰ ਸਾਰਾ ਆਕਾਰ ਹੀ ਸੱਚ ਸਰੂਪ ਦਿਸਦਾ ਹੈ। ਉਹ ਪਾਰਬ੍ਰਹਮ ਸੱਚ-ਸਰੂਪ ਵਾਹਿਗੁਰੂ ਵਿਚ ਹੀ ਸਦਾ ਲਈ ਸਮਾਅ ਜਾਂਦਾ ਹੈ।

ਉਪਰੋਕਤ ਵੀਚਾਰ ਤੋਂ ਸਿੱਧ ਹੁੰਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਸੱਚ ਦੀ ਅੰਦਰਲੀ ਰਹਿਤ ਬਖ਼ਸ਼ੀ ਅਤੇ ਸੱਚ ਨੂੰ ਪੂਰੀ ਤਰ੍ਹਾਂ ਧਾਰਨ ਕਰਨ ਲਈ ਦ੍ਰਿੜ੍ਹ ਕਰਾਇਆ। ਇਹੋ ਕਾਰਨ ਹੈ ਕਿ ਭਾਵੇਂ ਮੁਗਲ ਕਾਲ ਵਿੱਚ ਸਿੱਖਾਂ ਉਤੇ ਕਿਤਨੀਆਂ ਸਖਤੀਆਂ ਹੋਈਆਂ, ਪਰ ਕਾਜ਼ੀਆਂ ਨੂੰ ਪੱਕਾ ਨਿਸਚਾ ਸੀ ਕਿ ਗੁਰੂ ਨਾਨਕ ਨਿਰਮਲ ਪੰਥ ਦਾ ਸਾਜਿਆ ਸਿੱਖ ਕਦੀ ਝੂਠ ਨਹੀਂ ਬੋਲ ਸਕਦਾ। ਉਸਦੀ ਦਿੱਤੀ ਗਵਾਹੀ ਲੋਕ ਪਰਲੋਕ ਵਿਚ ਮੰਨੀ ਜਾਂਦੀ ਸੀ। ਕਾਜ਼ੀ ਨੂਰ ਮੁਹੰਮਦ ਅਬਦਾਲੀ ਦੇ ਹਮਲਿਆਂ ਸਮੇਂ ਭਾਵੇਂ ਸਿੱਖਾਂ ਨੂੰ ਕੁੱਤਾ ਭੀ ਕਹਿੰਦਾ ਹੈ, ਪਰ ਸਿੱਖ ਆਚਰਨ ਦੇ ਗੁਣ ਗਾਏ ਬਿਨਾਂ ਨਹੀਂ ਰਹਿ ਸਕਿਆ। ਅਜੋਕੱ ਸਿਖ ਨੂੰ ਉਪਰੋਕਤ ਰਹਿਤ-ਰਹਿਣੀ ਨੂੰ ਮੁਖ ਰੱਖ ਕੇ ਆਪਣੇ ਅੰਦਰ ਸਚ ਧਾਰਨ ਕਰਨ ਦੀ ਲੋੜ ਹੈ।

**ਸੱਚ ਦਾ ਧਾਰਨੀ ਹੋਣਾ ਕੀ ਹੈ?** ਨਿਤ ਅੰਮ੍ਰਿਤ ਵੇਲੇ ਉਠਣਾ, ਸਾਵਧਾਨ ਹੋ ਕੇ ਨਾਮ ਜਪਣਾ, ਬਾਣੀ ਪੜ੍ਹਨੀ, ਕੀਰਤਨ ਕਰਨਾ, ਸੁਣਨਾ, ਹਾਜ਼ਰੀ ਭਰਨੀ। ਜਗਤ ਜੂਠ-ਤੰਬਾਕੂ ਤੋਂ ਪਰਹੇਜ਼ ਕਰਨਾ 'ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ' (ਪੰਨਾ ੫੫੪) ਸ਼ਰਾਬ ਆਦਿਕ ਝੂਠੇ ਨਸ਼ਿਆਂ ਤੋਂ ਪਰਹੇਜ਼ ਕਰਨਾ। ਇਉਂ ਖਾਣ ਪੀਣ ਵਿਚ ਸੰਜਮ ਰੱਖਣਾ, ਕਿਸੇ ਦਾ ਜੂਠਾ ਨਾ ਖਾਣਾ, ਬਾਜ਼ਾਰ ਦੀ ਜੂਠ ਮੂਠ ਤੋਂ ਬਚਣਾ। **ਇਹ ਅੰਦਰਲੀ ਸੁਚ ਨੂੰ ਕਾਇਮ ਰੱਖਣ ਦਾ ਬਾਹਰਮੁਖੀ ਸਰੂਪ ਹੈ। ਇਸਨੂੰ ਗੁਰਮਤਿ ਬਿਬੇਕ ਕਹਿੰਦੇ ਹਨ।** ਇਸਤ੍ਰੀ ਲਈ ਪਰ-ਪੁਰਖ ਦੇ ਸੰਗ ਤੋਂ ਅਤੇ ਮਰਦ ਦਾ ਪਰ-ਇਸਤ੍ਰੀ ਦੀ ਸੰਗਤ ਤੋਂ ਬਚਣਾ ਲਾਜ਼ਮੀ ਹੈ। ਜਤ ਸਤ ਕਾਇਮ ਰੱਖਣਾ ਆਤਮ-ਤੀਰਥ ਦੀ ਸੁਚਮਤਾ ਲਈ ਨਿਹਾਇਤ ਜ਼ਰੂਰੀ ਹੈ। ਆਤਮ-ਤੀਰਥ-ਯਾਤਰੀ ਨੇ ਸੱਚ ਦੇ ਸਰੋਵਰ ਵਿਚ ਇਸ਼ਨਾਨ ਕਰਨ ਲਈ ਆਪਣੇ ਆਚਾਰ ਅਤੇ ਵਿਚਾਰਾਂ ਨੂੰ ਹਰ ਤਰ੍ਹਾਂ ਸ਼ੁੱਧ ਤੇ ਨਿਰਮਲ ਰਖਣਾ ਹੈ। **ਸੋ ਅਜੋਕੀ ਰਹਿਤ ਵਿੱਚ ਬਾਹਰਲੀ ਰਹਿਤ-ਕੁਰਹਿਤ ਦੇ ਪਿੱਛੇ ਸੱਚ ਧਾਰਨ ਕਰਨ ਦੀ ਇਕ ਅੰਦਰਲੀ ਰਹਿਤ ਹੈ। ਅੰਦਰਲੀ ਸੁੱਚ ਹੀ ਬਾਹਰਮੁੱਖੀ ਸਿੱਖ ਸਦਾਚਾਰ ਦਾ ਸੋਮਾ ਹੈ।** ਗੁਰੂ ਪਾਤਸ਼ਾਹ ਸੁਣਾ ਤਾਂ ਬ੍ਰਾਹਮਣ ਨੂੰ ਰਹੇ ਹਨ, ਪਰ ਇਸ਼ਾਰੇ ਨਾਲ ਆਪਣੇ ਸਿੱਖਾਂ ਨੂੰ ਵੀ ਸਮਝਾ ਰਹੇ ਹਨ ਕਿ ਅੰਦਰਲੀ ਸੁੱਚ ਤੋਂ ਬਿਨਾਂ ਵਾਹਿਗੁਰੂ ਜੀ ਨਾਲ ਮੇਲ ਨਹੀਂ ਹੋ ਸਕਦਾ:-

**ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥**
**ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥੨॥੧੬॥**

*(ਵਾਰ ਆਸਾ ਪੰਨਾ ੪੭੨)*

ਭਾਵ-ਬ੍ਰਾਹਮਣ ਤਨ ਨਾਲ ਤਾਂ ਬਦਕਾਰੀ ਕਰਦੇ ਫਿਰਦੇ ਹਨ ਅਤੇ ਮੈਲੇ ਤੇ ਜੂਠੇ ਮਨ ਨਾਲ ਸੁਚੇ ਹੋਣ ਲਈ ਚੁਲੀਆਂ ਭਰਦੇ ਹਨ। ਚੁਲੀ ਭਰਨਾ ਇਕ ਪ੍ਰਕਾਰ ਦਾ ਪ੍ਰਣ ਕਰਨਾ ਹੈ। ਕਿਸੇ ਬੁਰੇ ਕੰਮ ਨੂੰ ਨ ਕਰਨ ਲਈ ਚੁਲੀ ਭਰੀ ਜਾ ਸਕਦੀ ਹੈ। ਰਾਜਾ ਠੀਕ ਨਿਆਉਂ ਕਰਨ ਲਈ ਚੁਲੀ ਭਰ ਕੇ ਪ੍ਰਣ ਲੈਂਦਾ ਹੁੰਦਾ ਸੀ। ਮਹਾਰਾਜ ਫੁਰਮਾਉਂਦੇ ਹਨ ਕਿ ਜੇਕਰ ਅੰਦਰਲੀ ਸੁੱਚ ਜਗਿਆਸੂ ਪਾਸ ਹੈ ਤਾਂ ਹੀ ਸੱਚੇ ਵਾਹਿਗੁਰੂ ਨੂੰ ਉਹ ਪਾ ਸਕਦਾ ਹੈ, ਐਵੇਂ ਨਹੀਂ। ਬਾਹਰੋਂ ਚੁਲੀਆਂ ਭਰਨ ਨਾਲ ਜਾਂ ਤਨ ਧੋਣ ਨਾਲ ਸੁਚੇ ਨਹੀਂ ਹੋ ਸਕੀਦਾ। **ਗੁਰਮਤਿ ਮੁੱਢ ਤੋਂ ਹੀ ਅੰਦਰਲੀ ਸੁਚ ਉਤੇ ਜ਼ੋਰ ਦਿੰਦੀ ਆਈ ਹੈ?**

ਉਪਰ ਇਹ ਜ਼ਿਕਰ ਚਲ ਰਿਹਾ ਸੀ ਕਿ ਸਤਿਗੁਰੂ ਜੀ ਨੇ ਹਿੰਦੂ ਧਰਮ ਅਤੇ ਇਸਲਾਮ ਦੀ ਬਾਹਰਲੀ ਰਹਿਤ ਨੂੰ ਚੰਗੀ ਤਰ੍ਹਾਂ ਦੇਖ ਲਿਆ ਸੀ ਅਤੇ ਇਹ ਭਾਂਪ ਲਿਆ ਸੀ ਕਿ ਇਹ ਦੋਵੇਂ ਧਰਮ ਅੰਦਰੋਂ ਖੋਖਲੇ ਹੋਏ ਪਏ ਹਨ। ਇਸ ਲਈ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਅੰਦਰਲੀ ਸੁਚਮਤਾ ਦੀ ਰਹਿਤ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਲਈ ਹੁਕਮ ਦਿੱਤਾ। ਗੋਕਲ ਚੰਦ ਨਾਰੰਗ ਨੇ ਆਪਣੀ ਪੁਸਤਕ 'ਟ੍ਰਾਂਸਫ਼ਾਰਮੇਸ਼ਨ ਆਫ਼ ਸਿੱਖਇਜ਼ਮ' ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਸਿੱਖ ਸੰਗਤ ਨੂੰ ਕੋਈ ਮਜ਼ਬੂਤ ਰਹਿਤ ਰਹਿਣੀ ਨਾ ਦਿੰਦੇ ਤਾਂ ਹੌਲੀ ਹੌਲੀ ਉਨ੍ਹਾਂ ਦਾ ਚਲਾਇਆ ਹੋਇਆ ਪੰਥ ਹਿੰਦੂ ਧਰਮ ਵਿੱਚ ਮਿਲਗੋਭਾ ਹੋ ਗਿਆ ਹੁੰਦਾ। ਸਤਿਗੁਰਾਂ ਦੀ ਬਖਸ਼ੀ ਰਹਿਤ-ਰਹਿਣੀ ਸਦਕਾ ਹੀ ਅੱਜ ਸਿੱਖ ਫ਼ਖ਼ਰ ਨਾਲ ਕਹਿੰਦਾ ਹੈ ਕਿ ਮੈਂ ਨਾ ਹਿੰਦੂ ਹਾਂ ਅਤੇ ਨਾ ਹੀ ਮੁਸਲਮਾਨ। ਕਿਉਂਕਿ ਉਸ ਪਾਸ ਗੁਰੂ ਦੀ ਬਖ਼ਸ਼ੀ ਰਹਿਤ ਹੈ। ਉਸ ਅੰਦਰਲੀ ਤੇ ਬਾਹਰਲੀ ਰਹਿਤ ਸਦਕਾ ਉਹ ਸਿੱਖ ਹੈ। ਮਾਝ ਕੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਸਦਾਚਾਰ ਦੇ ਕੁਝ ਗੁਣ ਧਾਰਨ ਕਰਨ ਦਾ ਉਪਦੇਸ਼ ਦਿਤਾ ਹੈ। ਭਾਵੇਂ ਸ਼ਬਦ ਮੁਸਲਮਾਨ ਧਰਮ ਦੇ ਆਗੂ ਨੂੰ ਸੰਬੋਧਨ ਹੈ, ਪਰ ਸਤਿਗੁਰਾਂ ਦਾ ਉਪਦੇਸ਼ ਸਾਰੇ ਜਹਾਨ ਲਈ ਸਾਂਝਾ ਹੈ। ਸਿੱਖ ਲਈ ਤਾਂ ਇਹ ਹੁਕਮੇ-ਇਲਾਹੀ ਹੈ-

**ਮਿਹਰ ਮਸੀਤ ਸਿਦਕੁ ਮੁਸਲਾ ਹੁਕ ਹਲਾਲੁ ਕੁਰਾਣੁ ॥**
**ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥**
**ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥**
**ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜਿ ॥੧॥੭॥**

*(ਵਾਰ ਮਾਝ ਕੀ ਮ: ੧-੧੪੦)*

ਸਤਿਗੁਰੂ ਜੀ ਇਸ ਸ਼ਬਦ ਵਿਚ ਇਸਲਾਮੀ ਰਹਿਤ ਦੇ, ਦੋ ਸਰੂਪਾਂ ਦਾ ਵਿਸਥਾਰ ਨਾਲ ਜ਼ਿਕਰ ਕਰਦੇ ਹਨ। ਇਕ ਅੰਦਰਲਾ ਸਰੂਪ ਹੈ, ਇਕ ਬਾਹਰਲਾ। ਬਾਹਰਲੇ ਚਿੰਨ੍ਹ ਹਮੇਸ਼ਾ ਕਿਸੇ ਅੰਦਰਲੀ ਡੂੰਘੀ ਸਚਾਈ ਤੇ ਪਰਤੀਕ ਹੁੰਦੇ ਹਨ।

ਮਿਹਰ (ਦਇਆ) ਧਾਰਨ ਕਰ ਕੇ ਮਸੀਤ ਵਿਚ ਜਾਣਾ ਪ੍ਰਵਾਨ ਹੈ, ਜੇ ਹਿਰਦੇ ਅੰਦਰ ਅੱਲਾ ਤੇ ਸਿਦਕ ਹੈ ਤਾਂ ਮੁੱਸਲੇ (ਨਿਮਾਜ਼ ਲਈ ਵਿਛਾਈ ਦਾ

ਕਪੜਾ) ਤੇ ਖੜੇ ਹੋ ਕੇ ਨਿਮਾਜ਼ ਪੜ੍ਹਨ ਦਾ ਲਾਭ ਹੈ। ਜੇਕਰ ਹੱਕ ਹਲਾਲ ਦੀ ਕਿਰਤ ਕਰਦੇ ਹੋ ਤਾਂ ਕੁਰਾਨ-ਸ਼ਰੀਫ ਦਾ ਪੜ੍ਹਨਾ ਸਫਲ ਹੈ। ਪਰਮਾਤਮਾ ਤੋਂ ਆਪਣੇ ਮਾੜੇ ਕੀਤੇ ਕੰਮਾਂ ਕਾਰਨ ਜੇਕਰ ਸੱਚੀ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ ਤਾਂ ਇਹ ਸੁਨੰਤ ਕਹੀ ਜਾ ਸਕਦੀ ਹੈ। ਜੇਕਰ ਸੁਭਾਅ ਵਿਚ ਸਹਿਨਸ਼ੀਲਤਾ ਹੈ ਤਾਂ ਇਹ ਰੋਜ਼ੇ ਰਖਣਾ ਹੈ। ਇਨ੍ਹਾਂ ਅੰਦਰੂਨੀ ਗੁਣਾਂ ਕਰਕੇ ਹੀ ਕੋਈ ਸੱਚਾ ਮੁਸਲਮਾਨ ਬਣ ਸਕਦਾ ਹੈ।

ਨਿਰਮਲ ਕਰਣੀ ਰਖਣਾ, ਕਾਅਬੇ ਦੇ ਯਾਤਰਾ ਸਮਾਨ ਹੈ, ਸੱਚ ਪੀਰ ਹੈ, ਉਸਦੀ ਬਖ਼ਸ਼ਸ਼ ਲਈ ਕਲਮਾ ਪੜ੍ਹਨਾ ਤੇ ਨਿਮਾਜ਼ ਪੜ੍ਹਨੀ ਕਬੂਲ ਹੈ। ਜੇ ਸਚੁ-ਪੀਰ (ਵਾਹਿਗੁਰੂ ਅੱਲਾ ਤਾਲਾ) ਸਾਡੀ ਲਾਜ ਰਖੇ , ਤੇ ਆਪਣਾ ਬਣਾ ਲਵੇ ਤਾਂ ਇਹ ਸਾਡੀ ਮਾਲਾ ਹੈ। ਨਹੀਂ ਤਾਂ ਉਪਰਲੀ ਮਾਲਾ ਫੇਰਨ ਵਾਲੀ ਰਹਿਤ ਕੇਵਲ ਦਿਖਾਵਾ ਹੀ ਹੋਵੇਗਾ।

**ਸਚ ਆਚਾਰ** - ਗੁਰੂ ਸਾਹਿਬ ਦੇ ਇਨ੍ਹਾਂ ਬਚਨਾਂ ਤੋਂ ਸਿਧ ਹੁੰਦਾ ਹੈ ਕਿ ਹਰੇਕ ਮਨੁੱਖ ਲਈ ਦਇਆਵਾਨ ਬਣਨਾ, ਦਸਾ ਨਹੁੰਆਂ ਦੀ ਧਰਮ ਦੀ ਕਿਰਤ ਕਰਨੀ, ਸੀਲ,ਸੰਜਮ ਅਤੇ ਨਿਰਮਲ ਕਰਣੀ ਧਾਰਨ ਕਰਨੀ ਜ਼ਰੂਰੀ ਹੈ। **'ਸਚ-ਅਚਾਰ' ਨੂੰ ਗੁਰੂ ਸਾਹਿਬ ਸਭ ਤੋਂ ਉੱਪਰ ਮੰਨਦੇ ਹਨ।**

ਸਤਿਗੁਰੂ ਜਾਣਦੇ ਸਨ ਕਿ ਜੇ ਕਿਸੇ ਕੌਮ ਦੀ ਅੰਦਰਲੀ ਰਹਿਤ ਜੇ ਖ਼ਤਮ ਹੋ ਜਾਏ ਤਾਂ ਬਾਹਰਲੀ ਰਹਿਤ ਕੇਵਲ ਮਖੌਟਾ ਹੀ ਰਹਿ ਜਾਂਦਾ ਹੈ ਅਤੇ ਅੰਦਰੋਂ ਉਹ ਕੌਮ ਥੋਥੀ ਹੋ ਜਾਂਦੀ ਹੈ। ਮੁਸਲਮਾਨ ਆਪਣੀ ਸ਼ਰਾ ਵਿਚ ਭਾਵੇਂ ਉਪਰੋਂ ਪੱਕਾ ਸੀ, ਪਰ ਅੰਦਰੋਂ ਖ਼ਾਲੀ ਸੀ। ਇਹੋ ਹਾਲ ਬ੍ਰਾਹਮਣ ਅਤੇ ਉਸਦੇ ਹਿੰਦੂ ਸਮਾਜ ਦਾ ਸੀ । ਅੰਦਰਲੀ ਰਹਿਤ ਤੋਂ ਬਿਨਾਂ ਬਾਹਰਲੀ ਰਹਿਤ ਕੇਵਲ ਵਖਾਵਾ ਹੀ ਹੁੰਦਾ ਹੈ। **ਅੱਜ ਖਾਲਸੇ ਦੀ ਦਸ਼ਾ ਕੁਝ ਇਸੇ ਤਰ੍ਹਾਂ ਦੀ ਨਜ਼ਰੀ ਆ ਰਹੀ ਹੈ।** ਅੰਦਰਲੀ ਰਹਿਤ ਜੇ ਨਹੀਂ ਤਾਂ ਬਾਹਰਲੀ ਰਹਿਤ ਨਿਰਾ ਪਖੰਡ ਹੈ। ਸੱਚੇ ਨਾਮ ਦੇ ਧਾਰਨੀ ਹੋਏ ਬਿਨਾਂ ਕੁਝ ਵੀ ਪਰਵਾਨ ਨਹੀਂ ਜੇ ਹੋਣਾ।

**ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥੮॥**

*(ਵਾਰ ਆਸਾ ਮ: ੧, ੪੬੭)*

**ਅਤੇ- ਨਾਮ ਬਿਨਾਂ ਜੇਤਾ ਬਿਉਹਾਰ ॥**

**ਜਿਉ ਮਿਰਤਕ ਮਿਥਿਆ ਸੀਗਾਰੁ ॥੨॥੧੦॥***(ਗਉੜੀ ਮ: ੫ ਪੰਨਾ ੨੪੦)*

ਸੋ ਸਭ ਤੋਂ ਪਹਿਲੀ ਗੱਲ ਸਿੱਖ ਦੀ ਰਹਿਤ ਸੰਬੰਧੀ ਸਤਿਗੁਰਾਂ ਨੇ ਸੱਚ ਨੂੰ ਹਿਰਦੇ ਵਿਚ ਬਚਨਾਂ ਰਾਹੀਂ ਅਤੇ ਕਾਰ ਵਿਹਾਰ ਵਿਚ ਧਾਰਨ ਕਰਨ ਦੀ ਤਾਕੀਦ ਕੀਤੀ ਹੈ।

**੨. ਦਇਆ-**

ਸਿਖ ਜੀਵਨ ਜੁਗਤਿ ਦਾ ਦੂਜਾ ਅੰਗ ਹੈ 'ਦਇਆ'। ਦਇਆ ਧਾਰਨ ਕਰਨ ਨਾਲ ਮਨ ਵਿਚ ਹਲੀਮੀ ਅਤੇ ਦੂਜਿਆਂ ਲਈ ਦਰਦ ਪੈਂਦਾ ਹੁੰਦਾ ਹੈ। ਦਇਆ ਧਰਮ ਦੀ ਮਾਂ ਹੈ ।(ਧੌਲ ਧਰਮ, ਦਇਆ ਕਾ ਪੂਤੁ)। ਜਿਸ ਧਰਮ ਵਿਚ

ਦਇਆ ਨਹੀਂ, ਉਹ ਧਰਮ ਨਿਰਦਾਈ ਹੁੰਦਾ ਹੈ। ਬਾਬਾ ਫਰੀਦ ਜੀ ਪ੍ਰਭੂ-ਦਰਸ ਦੇ ਚਾਹਵਾਨ ਨੂੰ ਉਪਦੇਸ਼ ਦੇਂਦੇ ਹਨ-

**ਸਭਨਾ ਮਨ ਮਾਣਿਕ ਠਾਹੁਣ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥**

*(ਸਲੋਕ ਫਰੀਦ ਜੀ, ਪੰਨਾ ੧੩੮੪)*

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਬ੍ਰਾਹਮਣ ਧਾਗੇ ਦਾ ਜਨੇਊ ਪਾਉਣ ਲਗਾ ਤਾਂ ਆਪ ਨੇ ਇਸ ਲਈ ਧਾਰਨ ਨਾ ਕੀਤਾ ਕਿਉਂਕਿ ਇਸ ਪਿਛੇ ਕੋਈ ਅੰਦਰਲੀ ਰਹਿਤ ਨਹੀਂ ਸੀ। ਬ੍ਰਾਹਮਣ ਬਾਹਰੋਂ ਧਾਗੇ ਵੱਟ ਕੇ ਲੋਕਾਂ ਨੂੰ ਪਾਈ ਜਾਂਦਾ ਸੀ ਤੇ ਕਹਿੰਦਾ ਸੀ ਕਿ ਇਹ ਧਾਰਨ ਕਰੀ ਰਖਣ ਨਾਲ ਤੂੰ ਪੱਕਾ ਹਿੰਦੂ ਬਣਿਆ ਰਹੇਂਗਾ। ਪਰ ਮਹਾਰਾਜ ਨੇ ਉਸਦਾ ਬਾਹਰਲੀ ਰਹਿਤ ਨੂੰ ਧਾਰਨ ਕਰਨ ਤੋਂ ਕੇਵਲ ਇਨਕਾਰ ਹੀ ਨਹੀਂ ਕੀਤਾ ਸਗੋਂ ਹਿੰਦੂ ਬਣਨ ਤੋਂ ਭੀ ਇਨਕਾਰ ਕੀਤਾ। ਉਹ ਖੋਖਲੀ ਹੋ ਚੁੱਕੀ ਕੌਮ ਵਿਚ ਸ਼ਾਮਿਲ ਨਹੀਂ ਸੀ ਹੋਣਾ ਚਾਹੁੰਦੇ। ਆਪ ਜੀ ਨੇ ਆਪ ਭੀ ਅਤੇ ਸਿੱਖਾਂ ਨੂੰ ਜੋ ਜਨੇਊ ਪਾਉਣ ਲਈ ਹੁਕਮ ਕੀਤਾ, ਉਹ ਇੰਜ ਹੈ:-

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥**
**ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥੧॥੧੫॥**

*(ਵਾਰ ਆਸਾ ਮ: ੧-੪੭੧)*

'ਦਇਆ', 'ਸਤ-ਸੰਤੋਖ' ਅਤੇ 'ਜਤ-ਸਤ' ਇਹ ਤਿੰਨੇ ਗੁਣ ਸਿੱਖ ਰਹਿਤ ਦੇ ਥੰਮ੍ਹ ਹਨ, ਜਿਨ੍ਹਾਂ ਉੱਤੇ ਸਮੁਚੀ ਸਿੱਖ ਰਹਿਤ ਅਤੇ ਸਿੱਖ-ਸਦਾਚਾਰ ਆਧਾਰਤ ਹੈ।

ਕੋੜ੍ਹੀਆਂ ਦੀ ਸੇਵਾ ਲਈ ਤਰਨ ਤਾਰਨ ਵਿਖੇ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਪ੍ਰੇਰ ਕੇ ਦੁਨੀਆਂ ਦਾ ਪਹਿਲਾ ਆਸ਼ਰਮ ਖੋਲ੍ਹਿਆ। ਇਹ ਦਇਆ ਦਾ ਪਰਤੀਕ ਹੈ। ਗਰੀਬਾਂ ਅਨਾਥਾਂ ਦੀ ਸੇਵਾ ਕਰਨਾ, ਦਇਆ ਹੈ। ਭਾਰਤ ਦੀਆਂ ਮਾਸੂਮ ਬਹੂ-ਬੇਟਿਆਂ ਨੂੰ ਜਰਵਾਣਿਆਂ ਤੋਂ ਛੁਡਾ ਕੇ ਘਰੋਂ ਘਰੀ ਪਹੁੰਚਾਉਣਾ ਦਇਆ ਦਾ ਪ੍ਰਤੱਖ ਪ੍ਰਮਾਣ ਹੈ। ਸਿੱਖ ਦੇ ਜੀਵਨ ਦਾ ਤਾਂ 'ਦਇਆ' ਇਕ ਬਹੁਤ ਵੱਡਾ ਥੰਮ੍ਹ ਹੈ। ਜਿਸ ਦੇ ਹਿਰਦੇ ਵਿਚ ਦਇਆ ਨਹੀਂ, ਉਹ ਗੁਰੂ ਕਰਤਾਰ ਨਾਲ ਪਿਆਰ ਨਹੀਂ ਕਰ ਸਕਦਾ। ਦਇਆ ਨੇ ਦਿਲ ਨੂੰ ਨਰਮ ਕਰਨਾ ਹੈ। ਨਰਮ ਦਿਲ ਵਿਚ ਹੀ ਪਿਆਰ ਅਤੇ ਵੈਰਾਗ ਨੇ ਪੈਦਾ ਹੋਣਾ ਹੈ। ਦਇਆ ਨੇ ਸਿੱਖ ਨੂੰ ਸਦਾ ਪਰਉਪਕਾਰ ਲਈ ਪ੍ਰੇਰਦੇ ਰਹਿਣਾ ਹੈ। ਸ਼ੁਭ ਕਰਮਨ ਇਸ ਦਾ ਬਾਹਰਲਾ ਸਰੂਪ ਹੈ, ਇਸ ਦੇ ਪਿੱਛੇ ਸਿੱਖ ਨੂੰ ਦਇਆ ਕਰਨੀ ਅੰਦਰਲੀ ਰਹਿਤ ਵਜੋਂ ਮਿਲੀ ਹੈ। ਸਮੁੱਚੇ ਗੁਰ-ਇਤਿਹਾਸ ਤੇ ਝਾਤ ਮਾਰਨ ਤੋਂ ਪਤਾ ਚਲਦਾ ਹੈ ਕਿ ਸਤਿਗੁਰੂ ਸਾਹਿਬਾਨ ਦਇਆ ਦੇ ਪੁੰਜ ਸਨ। ਸਮਾਜ ਦੇ ਮਹਾਂ ਪਾਪੀ, ਜਿਨ੍ਹਾਂ ਨੂੰ ਕਿਸੇ ਧਰਮ ਨੇ ਨਹੀਂ ਬਖ਼ਸ਼ਿਆ, ਉਨ੍ਹਾਂ ਮਹਾਂ ਬਿਖਾਦੀਆਂ ਤੇ ਦੁਸ਼ਟ ਅਪਵਾਦੀਆਂ ਨੂੰ ਭੀ ਬਖ਼ਸ਼ਣ

ਲਗਿਆ ਇਕ ਛਿਨ ਨਹੀਂ ਲਾਇਆ। ਸੱਜਣ ਠੱਗ ਅਤੇ ਭੂਮੀਏ ਡਾਕੂ ਵਰਗੇ ਸਤਿਗੁਰੂ ਜੀ ਨੇ ਦਇਆ ਕਰ ਕੇ ਬਖ਼ਸ਼ ਦਿਤੇ। ਇਸ ਲਈ ਸ੍ਰੀ ਗੁਰੂ ਰਾਮਦਾਸ ਜੀ ਕਿਆ ਸੁੰਦਰ ਬਚਨ ਕਰ ਰਹੇ ਹਨ-

**ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥੩॥੪੯॥**

*(ਗਉੜੀ ਬੈਰਾਗਣਿ ਮ: ੪, ਪੰਨਾ ੧੬੭)*

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ-

**ਜਿਸੁ ਪਾਪੀ ਕਉ ਮਿਲੈ ਨ ਢੋਈ॥ ਸਰਣਿ ਆਵੈ ਤਾਂ ਨਿਰਮਲੁ ਹੋਈ ॥੧॥੨੩॥**

*(ਭੈਰਉ ਮ: ੫-੧੧੪੧)*

੩. ਖਿਮਾ-

ਭਾਰਤ ਦੇ ਬਾਕੀ ਧਰਮਾਂ ਦੇ ਟਾਕਰੇ ਤੇ ਸਚਮੁਚ ਗੁਰੂ ਘਰ ਦਾ ਸਭ ਤੋਂ ਵਿਸ਼ੇਸ਼ ਗੁਣ ਜੋ ਉਭਰ ਕੇ ਸਾਹਮਣੇ ਆਇਆ ਹੈ, ਉਹ ਹੈ ਬਖ਼ਸ਼ ਲੈਣਾ। ਜੋ ਜੋ ਅਪਰਾਧੀ ਭੀ ਗੁਰੂ ਪਾਤਸ਼ਾਹ ਦੀ ਇਕਵਾਰੀ ਸ਼ਰਨ ਵਿਚ ਆ ਗਿਆ, ਉਸਨੂੰ ਬਖ਼ਸ਼ ਦਿੱਤਾ ਗਿਆ। ਹੁਣ ਭੀ ਗੁਰੂ ਕੇ ਪੰਜ ਪਿਆਰੇ ਅੰਮ੍ਰਿਤ ਸੰਚਾਰ ਸਮਾਗਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਮਹਾਂ ਮਹਾਂ ਅਪਰਾਧੀਆਂ ਨੂੰ ਬਖਸ਼ਦੇ ਆ ਰਹੇ ਹਨ, ਭਾਵੇਂ ਉਹਨਾਂ ਦੀ ਆਤਮਕ ਸ਼ੁਧੀ ਲਈ ਸੰਗਤ ਦੀ ਸੇਵਾ, ਅਤੇ ਬਾਣੀ ਦਾ ਪਾਠ ਤਨਖਾਹ (ਸਜ਼ਾ) ਵਜੋਂ ਲਗਾ ਕੇ ਬਖ਼ਸ਼ਦੇ ਹਨ। ਗੁਰਸਿੱਖ ਦੀ ਅੰਦਰਲੀ ਰਹਿਤ ਹੈ ਦਇਆ ਧਾਰਨ ਕਰਨਾ ਅਤੇ ਬਾਹਰਲੀ ਰਹਿਤ ਹੈ ਬਖ਼ਸ਼ ਦੇਣਾ। ਜਿਸ ਹਿਰਦੇ ਵਿਚ ਦਇਆ ਹੋਵੇਗੀ ਉਹੀ ਕਿਸੇ ਨੂੰ ਬਖ਼ਸ਼ ਸਕਦਾ ਹੈ। ਦਇਆ ਵਾਲੇ ਹਿਰਦੈ ਵਿਚੋਂ ਕ੍ਰੋਧ, ਈਰਖਾ, ਬਦਲੇ ਦੀ ਭਾਵਨਾ ਦਾ ਨਾਸ ਹੋ ਜਾਂਦਾ ਹੈ। ਜੋ ਸਿੱਖ ਕਿਸੇ ਨੂੰ ਬਖ਼ਸ਼ਦਾ ਨਹੀਂ, ਉਹ ਦਰਗਾਹ ਵਿਚ ਕਿਵੇਂ ਬਖ਼ਸ਼ਿਆ ਜਾਵੇਗਾ? ਮਨੁੱਖ ਭੁਲਣਹਾਰ ਹੈ, ਗੁਰੂ ਬਖ਼ਸ਼ਣਹਾਰ ਹੈ। ਗੁਰੂ ਦੀ ਮਤ ਲੈ ਕੇ ਸਿੱਖ ਭੀ ਉਹਨਾਂ ਨੂੰ ਬਖ਼ਸ਼ਦੇ ਆਏ ਹਨ ਜਿਨ੍ਹਾਂ ਨੇ ਪੰਥ ਪਾਸੋਂ, ਸਾਧ ਸੰਗਤ ਪਾਸੋਂ ਦਿਲੋਂ ਮਾਫੀ ਮੰਗੀ। ਬਖ਼ਸ਼ਣਾ ਜਾਂ ਮਾਫ਼ ਕਰਨਾ ਰੱਬੀ ਗੁਣ ਹੈ। ਅਸੀਂ ਵਾਹਿਗੁਰੂ ਜੀ ਪਾਸ ਭੀ ਦਇਆ ਅਤੇ ਬਖ਼ਸ਼ਸ਼ ਲਈ ਅਰਜ਼ੋਈਆਂ ਕਰਦੇ ਹਾਂ-

**ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ**

**ਕਢਿ ਲੇਵਹੁ ਸਬਦਿ ਸੁਭਾਇ ਜੀਉ ॥੪॥੧੨॥***(ਆਸਾ ਮ: ੪, ਪੰਨਾ ੪੪੬)*

**ਅਪਨੀ ਕਰਨੀ ਕਰਿ ਨਰਕ ਹੂ ਨ ਪਾਵਉ ਠਉਰ**

**ਤੁਮਰੇ ਬਿਰਦ ਕਰਿ ਆਸਰੋ ਸਮਾਰ ਹੌਂ॥**

*(ਕਬਿਤ ੫੦੩, ਭਾਈ ਗੁਰਦਾਸ ਜੀ)*

੪. ਨਿਮ੍ਰਤਾ-ਗਰੀਬੀ

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਸਿੱਖੀ ਰਹਿਤ ਰਹਿਣੀ ਲਈ

ਨਿਮ੍ਰਤਾ ਬਾਰੇ ਲਿਖਦੇ ਹਨ:

**ਗੁਰਮਤਿ ਰਿਦੈ ਗਰੀਬੀ ਆਵੈ।** *(ਭਾ: ਗੁਰਦਾਸ ਜੀ)*

ਗੁਰਬਾਣੀ ਵਿਚ ਜਿਥੇ ਨਾਮ ਜਪਣ ਤੇ ਜ਼ੋਰ ਦਿੱਤਾ ਗਿਆ ਹੈ ਉਥੇ ਨਿਮ੍ਰਤਾ ਧਾਰਨ ਕਰਨ ਤੇ ਭੀ ਜ਼ੋਰ ਦਿੱਤਾ ਗਿਆ ਹੈ ।

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥** *(ਪੰਨਾ ੧੧੦੨)*

ਭਾਵ ਅੰਦਰਲੀ ਹਉਮੈ ਮਾਰ ਕੇ ਹਉਮੈਂ ਭਰਿਆ ਜੀਵਨ ਛਡਿ ਕੇ ਸਭਨਾਂ ਦੀ ਚਰਨਧੂੜੀ ਬਣਨਾ ਪਰਵਾਨ ਹੈ ਤਾਂ ਸਾਡੇ ਪਾਸ ਸਿੱਖ ਬਣਨ ਲਈ ਆਉ। ਗੱਲ ਇਹ ਹੈ ਕਿ ਨਾਮ ਜਪਣ ਨਾਲ ਅੰਦਰਲੀ ਮੈਂ ਮੈਂ ਟੁੱਟ ਕੇ ਤੂੰਹੀ ਤੂੰਹੀ ਵਿਚ ਜਦੋਂ ਬਦਲ ਜਾਂਦੀ ਹੈ ਤਾਂ ਹਰ ਪਾਸੇ ਤੂੰਹੀ ਖਲੋਈਦਾ ਹੈ। ਤੂੰਹੀ ਤੂੰਹੀ ਦੇਦਰਸ਼ਨ ਹੁੰਦੇ ਹਨ। ਫਿਰ ਤੂੰਹੀ ਤੂੰਹੀ ਅਗੇ ਨਮਸਕਾਰ ਹੁੰਦੀ ਹੈ ਅਤੇ ਜਗਿਆਸੂ ਉਸ ਅਗੇ ਹੱਥ ਬੰਨ ਕੇ ਖੜਾ ਹੁੰਦਾ ਹੈ।

**ਆਪਸ ਕਉ ਜੋ ਜਾਣੈ ਨੀਚਾ॥**
**ਸੋਊ ਗਨੀਐ ਸਭ ਤੇ ਊਚਾ॥੬॥੩** *(ਗਉੜੀ ਸੁਖਮਨੀ ਮ: ੫, ਪੰਨਾ ੨੬੬)*

ਭਾਵ ਇਹ ਹੈ ਕਿ ਅੰਦਰੁਹ ਨਿੰਮ੍ਰਤਾ ਧਾਰਨ ਕਰੀ ਬੈਠਾ ਵਿਅਕਤੀ ਅਸਲੋਂ ਉਚਾ ਹੁੰਦਾ ਹੈ। ਰੂਹਾਨੀ ਮਾਰਗ ਤੇ ਚਲਣ ਵਾਲੇ ਨੂੰ ਤਾਂ ਆਕੜ ਵਾਲਾ ਵਿਹਾਰ ਸ਼ੋਭਦਾ ਹੀ ਨਹੀਂ। ਹਉਮੈਂ ਦਾ ਨਾਮ ਨਾਲ ਕਦੀ ਮੇਲ ਨਹੀਂ ਹੋਇਆ। ਸਤਿਗੁਰੂ ਨਾਨਕ ਦੇਵ ਜੀ ਨੇ ਪ੍ਰਚਾਰ ਫੇਰੀਆਂ ਦੌਰਾਨ ਪਰਮਾਤਮਾ ਦੇ ਉਹਨਾਂ ਪੀਰਾਂ ਫਕੀਰਾਂ, ਸਿਧ ਪੁਰਸ਼ਾਂ ਦੇ ਦਰਸ਼ਨ ਭੀ ਕੀਤੇ ਜਿਨ੍ਹਾਂ ਅੰਦਰ ਨਾ ਤਾਂ ਮਨੁੱਖੀ ਦਯਾ ਸੀ ਅਤੇ ਨਾ ਨਿੰਮ੍ਰਤਾ। ਪੀਰ ਵਲੀ ਕੰਧਾਰੀ (ਪੰਜਾ ਸਾਹਿਬ ਵਾਲਾ) ਪੀਰ ਹਮਾਜ਼ਾ ਗੌਸ (ਸਿਆਲਕੋਟ), ਅਨੇਕਾਂ ਸਿੱਧ ਸੁਮੇਰ ਪਰਬਤ ਵਾਲੇ ਜਾਂ ਅਚਲ ਬਟਾਲੇ ਮਹਾਂਪੁਰਸ਼ਾਂ ਵਿਚ ਆਪਣੇ ਤੱਪ ਦੀ ਤਪਸ਼ ਤਾਂ ਸੀ, ਪਰ ਨਿੰਮ੍ਰਤਾ ਦਾ ਅਭਾਵ ਸੀ। ਅਸਲ ਰਮਜ਼ (ਭੇਦ) ਸੂਫੀ ਫਕੀਰ ਬਾਬਾ ਫਰੀਦ ਜੀ ਨੇ ਸਮਝੀ ਤੇ ਗੁਰਬਾਣੀ ਵਿਚ ਦਰਜ ਹੋਈ।

**ਫਰੀਦਾ ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥**
**ਇਕ ਛਿਜਹਿ ਬਿਆ ਲਤਾੜੀਅਹਿ॥ ਤਾਂ ਸਾਈ ਦੈ ਦਰਿ ਵਾੜੀਅਹਿ॥੧੬॥**
*(੧੩੭੮)*

ਭਾਵ- ਧਰਤੀ ਦਾ ਘਾਹ ਬਣ ਜਾ ਜੇ ਸਾਈਂ ਦੇ ਦਰ ਦੀ ਚਾਹ ਹੈ
ਕੋਈ ਘਾਹ ਕਟਦਾ ਹੈ, ਕੋਈ ਪੈਰਾਂ ਹੇਠ ਲਿਤਾੜਦਾ ਹੈ
ਤਾਂ ਸਾਂਈ ਦੇ ਦਰ ਦਾਖਲ ਹੋਣ ਜੋਗ ਹੋਈਦਾ ਹੈ।

ਕਬੀਰ ਜੀ ਭੀ ਨਿੰਮ੍ਰਤਾ ਦਾ ਉਪਦੇਸ਼ ਦਿੰਦੇ ਹੋਏ ਫੁਰਮਾਉਂਦੇ ਹਨ-

**ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥**
**ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨ॥੧੪੬**
*(ਸਲੋਕ ਕਬੀਰ ਜੀ ੧੩੭੨)*

ਸਿੱਖ ਨਿੱਤ ਅਰਦਾਸ ਕਰਦਾ ਹੈ:-"ਮਨ ਨੀਵਾਂ ਮਤਿ ਉਚੀ,
ਮਤਿ ਕਾ ਰਾਖਾ ਆਪ ਅਕਾਲ ਪੁਰਖ॥"

**ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ,**
**ਗੁਰਮੁਖਿ ਨਿਮਾਣਾ ਹੋਹੁ॥**
**ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ॥**
**ਹੁਹੁ ਨਿਮਾਣਾ ਸਤਿਗੁਰੂ ਆਗੈ ਮਤ ਕਿਛੁ ਆਪੁ ਲਖਾਵਹੇ॥**
**ਆਪਣੈ ਅਹੰਕਾਰ ਜਗਤ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ॥੭॥**

*(ਆਸਾ ਮ: ੧, ੪੪੧)*

ਨਿੰਮ੍ਰਤਾ ਤਾਂ ਹੀ ਆ ਸਕਦੀ ਹੈ ਜੇ ਕੋਈ ਮਨੋਂ ਨੀਵਾਂ ਹੋਵੇ, ਮਤਿ ਉਚੀ ਅਤੇ ਸੁਚੀ ਹੋਵੇ। **ਅੱਜ ਹਾਲਤ ਇਹ ਹੈ ਕਿ ਅੰਮ੍ਰਿਤ ਤਾਂ ਸਿੱਖ ਨੇ ਛਕਿਆ ਹੁੰਦਾ ਹੈ ਪਰ ਉਸ ਅੰਦਰ ਜ਼ਾਤ ਦਾ ਗੁਮਾਨ ਸਭ ਤੋਂ ਉਪਰ ਹੁੰਦਾ ਹੈ। ਫਿਰ ਵਿਦਿਆ ਦਾ ਮਾਣ ਹੈ, ਸਮਾਜ ਵਿਚ ਰੁਤਬੇ ਦਾ ਭੀ ਮਾਣ ਹੈ। ਜੋਬਨ ਅਤੇ ਸੁੰਦਰਤਾ ਤੇ ਭੀ ਮਾਣ ਹੈ। ਇਹ ਸਾਰੇ ਬੜੇ ਉਚੇ-ਉਚੇ ਪਹਾੜ ਹਨ ਜੋ ਸਾਡੇ ਅੰਦਰਲੇ ਮਨ ਦੇ ਅੱਗੇ ਖੜੇ ਰਹਿੰਦੇ ਹਨ। ਇਸ ਸਬੰਧ ਵਿੱਚ ਭਾਈ ਗੁਰਦਾਸ ਜੀ ਇਉਂ ਸੇਧ ਦਿੰਦੇ ਹਨ:-**

**ਗਰਬ ਗੁਮਾਨ ਵਿਸਾਰਿ ਕੈ ਗੁਰਮਤਿ ਰਿਦੈ ਗਰੀਬੀ ਆਣੈ॥**
**ਸਚੀ ਦਰਗਾਹ ਮਾਣੁ ਨਿਮਾਣੈ॥** *(ਵਾਰ ੨੫, ਪਉੜੀ ੧੧)*

ਗੁਰੂ ਕੇ ਸਿੱਖ ਦੇ ਵਿਹਾਰ ਵਿਚ ਨਿੰਮ੍ਰਤਾ ਹੀ ਸੋਭਦੀ ਹੈ। ਨਿਸ਼ਾਨਾ ਸਾਡਾ "ਨਉਨਿਧਿ ਨਾਮੁ" ਹੈ ਇਸ ਲਈ ਰਾਹ, ਰਿਦੇ ਵਿਚ "ਗਰੀਬੀ" ਆਉਣ ਤੋਂ ਸ਼ੁਰੂ ਹੁੰਦਾ ਹੈ। **ਅਹੰਕਾਰ ਅਤੇ ਕ੍ਰੋਧ ਦੋ ਮਹਾਨ ਵੈਰੀ ਹਨ, ਜੋ ਕੇਵਲ ਨਾਮ ਅਤੇ ਨਿੰਮ੍ਰਤਾ ਨਾਲ ਹੀ ਜਿੱਤੇ ਜਾ ਸਕਦੇ ਹਨ।** ਇਸ ਲਈ ਸਿੱਖ ਨੇ ਜਿਥੇ ਨਾਮ ਅਭਿਆਸ ਕਮਾਈ ਕਰਨੀ ਹੈ ਉਥੇ ਉਸ ਨੇ ਆਪਣੇ ਜੀਵਨ ਵਿਚ ਇਸ ਗੱਲ ਦਾ ਭੀ ਅਭਿਆਸ ਕਰਨਾ ਹੈ:-

**ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥੪॥੭॥**

*(ਮਾਰੂ ਮ: ੧, ਪੰਨਾ ੯੯੧)*

**ਹਾਰਿ ਚਲੇ ਗੁਰਮੁਖਿ ਜਗ ਜੀਤਾ॥**

*(ਭਾਈ ਗੁਰਦਾਸ ਜੀ, ਵਾਰ ੧੦ ਪਉੜੀ ੧)*

**੫. ਮਿੱਠਾ ਬੋਲਣਾ**

ਖਿਮਾ ਅਤੇ ਨਿੰਮ੍ਰਤਾ ਦੇ ਨਾਲ ਮਿੱਠਾ ਬੋਲਣਾ ਭੀ ਸਿਖ ਆਚਾਰ ਦਾ ਅੰਗ ਹੈ। ਜੋ ਸਿੱਖ ਬਾਣੀ ਪੜ੍ਹਦਾ ਹੈ, ਉਸ ਨੂੰ ਮਿਠਾਸ ਦੀ ਗੁੜ੍ਹਤੀ ਸਹਿਜ ਸੁਭਾਏ ਮਿਲ ਜਾਂਦੀ ਹੈ। ਪਰ ਬਾਣੀ ਪੜ੍ਹਨ-ਪੜ੍ਹਨ ਵਿਚ ਫ਼ਰਕ ਹੈ। ਕਈ ਤਾਂ ਰਸਨਾ ਨਾਲ ਪੜ੍ਹ ਛੱਡਦੇ ਹਨ, ਪਰ ਉਸਦੀ ਮਿਠਾਸ ਅਤੇ ਰਸ ਨੂੰ ਅੰਦਰ ਹਿਰਦੇ ਤਕ ਨਹੀਂ ਜਾਣ ਦਿੰਦੇ। ਪਰ ਜਿਨ੍ਹਾਂ ਸੁਭਾਗੇ ਗੁਰਮੁਖਾਂ ਦੇ ਧੁਰ ਅੰਦਰ ਤਕ ਬਾਣੀ ਪਰਵੇਸ਼ ਕਰ ਜਾਂਦੀ ਹੈ, ਉਨ੍ਹਾਂ ਦੇ ਅੰਦਰੋਂ ਕੌੜਾ ਬੋਲ ਨਿਕਲ ਹੀ ਨਹੀਂ ਸਕਦਾ। ਉਨ੍ਹਾਂ ਨੂੰ ਅੰਦਰੋਂ

ਗਿਆਨ ਹੋ ਜਾਂਦਾ ਹੈ :

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥**

*(ਮ: ੫, ਪੰਨਾ ੧੩੮੧)*

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥**
**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥**
**ਫਿਕਾ ਦਰਗਹ ਸਟੀਐ ਮੁਹਿ ਥੁਕਾਂ ਫਿਕੇ ਪਾਇ ॥**
**ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥੨੦॥**

*(ਆਸਾ ਕੀ ਵਾਰ, ਪੰਨਾ ੪੭੩)*

ਮੰਦਾ ਜਾਂ ਫਿਕਾ ਬੋਲਣਾ ਗੁਰਮਤਿ ਅਨੁਕੂਲ ਨਹੀਂ। ਐਸੇ ਫਿਕੇ ਪੁਰਖ ਨੂੰ ਗੁਰਮੁਖ ਤਾਂ ਕੀ ਆਖਣਾ ਹੈ, ਸਗੋਂ ਮੂਰਖੁ ਆਖਿਆ ਗਿਆ ਹੈ ਤੇ ਉਸਨੂੰ ਸਚੀ ਦਰਗਾਹ ਵਿਚ ਥਾਂ ਤਾਂ ਕੀ ਮਿਲਣੀ ਹੈ, ਉਲਟਾ ਸਜ਼ਾ ਮਿਲਦੀ ਹੈ ਕੌੜੇ ਬੋਲ ਬੋਲਣ ਕਰਕੇ। ਇਸ ਲਈ ਇਹ ਤਿੰਨ ਗੁਣ : **ਖਿਮਾ, ਨਿੰਮ੍ਰਤਾ ਅਤੇ ਮਿਠਾ ਬੋਲਣਾ ਸਿੱਖ ਰਹਿਤ ਰਹਿਣੀ ਦੇ ਬੁਨਿਆਦੀ ਥੰਮ ਹਨ। ਬਾਬਾ ਫਰੀਦ ਜੀ ਫੁਰਮਾਉਂਦੇ ਹਨ:-**

**ਨਿਵਣੁ ਸੁ ਅਖਰੁ ਖਵਣੁ ਗਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥** *(ਪੰਨਾ ੧੩੮੪)*

ਫਰੀਦ ਜੀ ਦੇ ਉਪਰੋਕਤ ਪ੍ਰਮਾਣ ਨੂੰ ਆਮ ਤੌਰ ਤੇ ਸਿਖ ਜਗਤ ਵਿਚ ਰਾਗੀ ਸਿੰਘ ਸਦਾ ਬੀਬੀ ਦੇ ਅੰਨਦ ਕਾਰਜ ਸਮੇਂ ਯੋਗ ਸਿਖਿਆ ਵਜੋਂ ਕੇਵਲ ਬੀਬੀ ਨੂੰ ਹੀ ਦਿੰਦੇ ਹਨ। ਵਿਚਾਰਨ ਵਾਲੀ ਗੱਲ ਹੈ ਕਿ ਕੀ ਉਪਰੋਕਤ ਤਿੰਨੇ ਹੀ ਗੁਣ ਇਕ ਸਚਿਆਰ ਸਿੱਖ ਲਈ ਲਾਜ਼ਮੀ ਨਹੀਂ ਹਨ? ਸਿੰਘ ਸਿੰਘਣੀ ਦੋਨਾਂ ਲਈ ਲਾਜ਼ਮੀ ਹੈ ਮਿੱਠਾ ਬੋਲਣਾ।

ਅਮਲੀ ਤੌਰ ਤੇ ਇਹ ਤਾਂ ਹਰ ਸਿੱਖ ਦੀ ਆਪੋ ਆਪਣੀ ਅਭਿਆਸ ਕਮਾਈ ਹੈ। ਗੁਰੂ ਕੇ ਸਿੱਖ ਨੂੰ ਗੁਰਮਤਿ ਰਹਿਣੀ ਦੀਆਂ ਸੰਭਾਵਨਾਵਾਂ ਅਤੇ ਲੋੜੀਂਦੇ ਤੱਤਾਂ ਦਾ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ। ਜੋ ਵਿਚਾਰ ਕਰਕੇ ਵਿਹਾਰ ਨਹੀਂ ਕਰਦੇ ਤਾਂ ਲੇਬਲ ਜ਼ਰੂਰ ਸਿਖ ਦਾ ਲਗਾ ਹੁੰਦਾ ਹੈ, ਪਰ ਅੰਦਰੋਂ ਉਹ ਸਿੱਖ ਸੰਸਾਰੀ ਬਿਰਤੀ ਵਾਲਾ ਬਣਿਆ ਰਹੇਗਾ। ਅੰਮ੍ਰਿਤ ਛੱਕ ਕੇ, ਨਾਮ ਅਭਿਆਸ ਦੀਆਂ ਅਤੁਟ ਕਮਾਈਆਂ ਤਾਂ ਹੀ ਸਫਲ ਹੁੰਦੀਆਂ ਹਨ ਜੇਕਰ ਸਾਡੇ ਅੰਦਰ ਨਿੰਮ੍ਰਤਾ, ਮਿਠਾਸ ਅਤੇ ਖਿਮਾ ਜਿਹੇ ਉਤਮ ਗੁਣ ਭੀ ਪ੍ਰਵੇਸ਼ ਕਰ ਜਾਣ।

**੬. ਗੁਰੂ ਲਈ ਭੈ ਅਤੇ ਭਾਵਨੀ**

ਸਿਖ ਜੀਵਨ ਜੁਗਤਿ ਦੀ ਵਿਚਾਰ ਕਰਦਿਆਂ ਇਕ ਅੰਤਮ ਚੀਜ਼ ਹੈ। ਆਪਣੇ ਗੁਰੂ ਲਈ ਅਤੁੱਟ ਭੈ-ਭਾਵਨੀ, ਅਦਬ ਸਤਿਕਾਰ ਅਤੇ ਪ੍ਰੇਮ। ਪਹਿਲਾਂ ਅਦਬ ਸਤਿਕਾਰ ਦੇ ਅਰਥ-ਭਾਵ ਸਮਝਣ ਦਾ ਜਤਨ ਕਰੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਪ੍ਰਤੱਖ ਭਾਸੇ, ਪ੍ਰਗਟ ਪਹਾਰੇ ਸ਼ਬਦ ਗੁਰੂ ਦੀ ਹੋਂਦ ਅੰਦਰੋਂ

**ਮਹਿਸੂਸ ਹੋਵੇ। ਇਸ ਸੇਧ ਵਿਚ ਸਾਡਾ ਵਿਵਹਾਰ ਬਣੇ,ਇਹ ਹੈ ਅਦਬ, ਭੈ, ਸਤਿਕਾਰ।** ਹਜ਼ੂਰੀ ਵਿਚ ਅਦਬ ਨਾਲ ਸਜਣਾ, ਅਦਬ ਨਾਲ ਬੋਲਣਾ, ਸਤਿਗੁਰੂ ਜੀ ਵਲੋਂ ਦੁਖ ਸੁਖ ਦੇ ਜੋ ਭਾਣੇ ਵਰਤਾਏ ਜਾਣ, ਉਨ੍ਹਾਂ ਵਿਚ ਅਦਬ ਅਤੇ ਪੂਰਨ ਵਿਸ਼ਵਾਸ਼ ਵਿਚ ਟਿਕੇ ਰਹਿਣਾ, ਤੇ ਆਪਣੇ ਆਪ ਨੂੰ ਡਿਗਣ-ਡੋਲਣ ਨਾ ਦੇਣਾ, ਇਹ ਹੈ ਸੱਚੀ ਭੈ-ਭਾਵਨੀ।

ਭਾਈ ਨੰਦ ਲਾਲ ਜੀ ਭੀ ਇਹੋ ਅਰਦਾਸ ਕਰਦੇ ਹਨ-

**ਐ ਖ਼ੁਦਾ ਹਰ ਬੇ-ਅਦਬ ਰਾ ਦੇ ਅਦਬ॥**

ਭੈ- ਭਾਵਨੀ ਵਾਲਾ ਗੁਰਸਿੱਖ ਜਦੋਂ ਭੀ ਬੋਲਦਾ ਹੈ, ਗੁਰੂ ਦੀ ਹਜ਼ੂਰੀ ਵਿਚ ਬੜੇ ਸਲੀਕੇ ਨਾਲ, ਸੋਹਣੇ ਮਿੱਠੇ ਬੋਲਾਂ ਵਿਚ ਮਿਠਾਸ ਖਲੇਰਦਾ ਹੈ। ਜੇ ਸਿੱਖ ਨੂੰ ਆਪਣੇ ਗੁਰੂ ਦਾ ਹੀ ਭੈ ਨਹੀਂ ਤਾਂ ਉਸ ਨੂੰ ਕਿਸੇ ਦਾ ਕੀ ਡਰ ਹੋ ਸਕਦਾ ਹੈ? ਤਾਂ ਹੀ ਤਾਂ ਸਤਿਗੁਰੂ ਜੀ ਫੁਰਮਾਉਂਦੇ ਹਨ:-

**ਭੈ ਬਿਨੁ ਘਾੜਤ ਕਚੁ ਨਿਕਚੁ॥ ਅੰਧਾ ਸਚਾ ਅੰਧੀ ਸਟ॥੨॥੩॥੧॥**

*(ਗਉੜੀ ਮ: ੧, ਪੰਨਾ ੧੫੧)*

ਭਾਵ, ਜਿਨ੍ਹਾਂ ਦੀ ਭਗਤੀ ਗੁਰ ਦੇ ਭੈ ਤੋਂ ਰਹਿਤ ਹੈ, ਉਹ ਬਿਲਕੁਲ ਹੀ ਕਚੀ ਭਗਤੀ ਹੈ ਤੇ ਅਜਿਹਾ ਸਿੱਖ ਕੱਚਾ ਸਿੱਖ ਹੈ। ਅੱਗੋਂ ਉਸਦੀ ਔਲਾਦ ਭੀ ਉਸੇ ਸਾਂਚੇ ਵਿਚੋਂ ਜਨਮ ਲੈਂਦੀ ਹੋਈ ਕਚੇ ਸਿੱਖ ਹੀ ਬਣਦੇ ਹਨ।

**੭. ਗੁਰੂ ਕੀਆਂ ਖ਼ੁਸ਼ੀਆਂ-**

ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਰਹਿਣ ਲਈ ਹਰ ਮਨੁੱਖ ਆਪਣੇ ਭਾਈਚਾਰੇ ਦੀਆਂ ਖ਼ੁਸ਼ੀਆਂ ਲੈਣ ਦਾ ਜਤਨ ਕਰਦਾ ਹੈ। ਉਹ ਭਾਈਚਾਰੇ ਦੀ ਦੰਦ-ਕਥਾ ਤੋਂ ਇਤਨਾ ਡਰਦਾ ਹੈ ਕਿ ਉਸ ਨੂੰ ਬਹੁਤੀ ਵੇਰ ਆਪਣੇ ਸੁਭਾਉ ਨੂੰ ਲੋਕ-ਰੀਤ ਅਨੁਸਾਰ ਬਦਲਣਾ ਪੈਂਦਾ ਹੈ। ਉਸਦਾ ਖਾਨ-ਪੀਨ, ਵਰਤਣ ਵਰਤਾਣ, ਬਸਤਰ ਪਹਿਰਣ ਆਦਿ ਲੋਕ-ਰੀਤ ਦੇ ਅਨੁਕੂਲ ਹੀ ਹੁੰਦਾ ਹੈ। ਉਹ ਹਮੇਸ਼ਾਂ ਲੋਕਾਂ ਨੂੰ ਖੁਸ਼ ਰੱਖਣ ਅਤੇ ਅੰਦਰੋਂ-ਅੰਦਰੀ ਮਨ-ਮਰਜ਼ੀ ਕਰਨ ਦਾ ਹੌਲੀ-ਹੌਲੀ ਆਦੀ ਬਣ ਜਾਂਦਾ ਹੈ, ਜਾਂ ਇਉਂ ਕਹੋ ਕਿ ਉਹ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਣ ਦਾ ਪਖੰਡ ਕਬੂਲ ਕਰਕੇ ਜੀਵਨ ਵਿਚ ਵਿਚਰਦਾ ਹੈ।

ਸਿੱਖ ਨੇ **ਗੁਰਮਤਿ ਧਾਰਨ ਕਰ ਕੇ ਪਖੰਡੀ ਜੀਵਨ ਤੋਂ ਬਚਣਾ ਹੈ। ਸੰਸਾਰੀ ਹਮੇਸ਼ਾ ਇਹੋ ਸੋਚਦਾ ਹੈ, 'ਜੇ ਮੈਂ ਇਉਂ ਕੀਤਾ ਤਾਂ ਲੋਕੀਂ ਕੀ ਆਖਣਗੇ?'**

ਪਰ ਬਲਿਹਾਰ ਜਾਈਐ ਉਹਨਾਂ ਗੁਰਸਿੱਖਾਂ ਦੇ, ਜੋ ਦੁਨਿਆਵੀ ਵਿਵਹਾਰਾਂ ਕਾਰਾਂ ਵਿਚ ਇਹ ਸੋਚਦੇ ਹਨ, "ਜੇ ਮੇਰਾ ਵਿਹਾਰ ਸਚਾ ਸੁੱਚਾ ਨ ਹੋਵੇ ਤਾਂ "ਮੇਰਾ ਗੁਰੂ ਕੀ ਆਖੇਗਾ?" ਗੁਰਮਤਿ ਰਹਿਤ ਰਹਿਣੀ ਦੀ ਪਰਵਾਹ ਨਾ ਕਰਕੇ, ਲੋਕਾਂ ਨੂੰ ਖ਼ੁਸ਼ ਕਰਕੇ ਅਸੀਂ ਆਪਣੇ ਗੁਰੂ ਦੀ ਹਜ਼ੂਰੀ ਵਿਚ ਕਿਸ ਮੂੰਹ ਨਾਲ ਜਾਵਾਂਗੇ?

ਬਾਬਾ ਫਰੀਦ ਜੀ ਬੜਾ ਸੁੰਦਰ ਸੁਝਾਅ ਦਿੰਦੇ ਹਨ:

**ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥੫੯॥** *(ਪੰਨਾ ੧੩੮੧)*

ਗੁਰਦੇਵ ਸਤਿਗੁਰੂ ਜੀ ਭੀ ਇਹੋ ਸਿਧਾਂਤਕ ਗੱਲ ਇਉਂ ਸਮਝਾਂਦੇ ਹਨ:

**ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥**
**ਐਸੀ ਕਲਾ ਨਾ ਖੇਡੀਐ ਜਿਤੁ ਦਰਗਾਹ ਗਇਆਂ ਹਾਰੀਐ ॥੧੨॥**

*(ਪੰਨਾ ੪੪੮)*

ਸਪਸ਼ਟ ਹੈ, ਇਕ ਸੰਸਾਰੀ ਨੇ ਹਮੇਸ਼ਾ ਲੋਕਾਂ ਦੀਆਂ ਖ਼ੁਸ਼ੀਆਂ ਅਤੇ 'ਵਾਹ-ਵਾਹ' ਲੈਣੀ ਹੁੰਦੀ ਹੈ। ਇਹੋ ਉਸਦਾ ਅੰਤਮ ਆਦਰਸ਼ ਹੈ ਅਤੇ ਇਸੇ ਨਾਲ ਹੀ ਉਹ ਸੰਸਾਰ ਵਿਚ ਕਾਮਯਾਬ ਮਨੁੱਖ ਹੋ ਨਿਬੜਦਾ ਹੈ। ਪਰ ਇਕ ਰਹਿਤਵਾਨ ਸਿੱਖ ਦੇ ਆਸ਼ੇ-ਮਨੋਰਥਾਂ ਵਿਚ ਅਤੇ ਇਕ ਸੰਸਾਰੀ ਦੇ ਮਨੋਰਥਾਂ ਵਿਚ ਜ਼ਮੀਨ ਆਸਮਾਨ ਦ ਫ਼ਰਕ ਹੈ। ਗੁਰੂ ਕੇ ਸਿੱਖ ਨੇ ਸਦਾ ਉਹ ਕੰਮ ਕਰਨਾ ਹੈ ਜਿਸ ਨਾਲ ਉਸ ਨੂੰ ਗੁਰੂ ਪਾਤਸ਼ਾਹ ਦੀਆਂ ਖ਼ੁਸ਼ੀਆਂ ਤੇ ਅਸੀਸਾਂ ਪ੍ਰਾਪਤ ਹੋਣ ਅਤੇ ਕੀਤੇ ਕੰਮ ਨਾਲ ਉਸ ਨੂੰ (ਤ੍ਰੈਗੁਣੀ) ਮਾਇਆ ਦੀ ਮੈਲ ਨਾ ਲਗੇ।

**ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥੧॥ ਰਹਾਉ ॥** *(ਗਉੜੀ ਮ: ੫-੧੯੯)*

ਬਸ ਇਹੋ ਇਕ ਬੁਨਿਆਦੀ ਅੰਤਰ ਹੈ ਸਿੱਖ ਰਹਿਤ ਰਹਿਣੀ ਦਾ, ਜੋ ਸਿੱਖ ਨੂੰ ਸੰਸਾਰੀ ਹੁੰਦੇ ਹੋਏ ਭੀ ਸੰਸਾਰੀ ਨਹੀਂ ਬਣਨ ਦਿੰਦੀ। ਇਸੇ ਗੱਲ ਨੂੰ ਮੁੱਖ ਰੱਖ ਕੇ ਬਾਣੀ ਅੰਦਰ ਫੁਰਮਾਨ ਆਇਆ ਹੈ:

**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥੧੬॥**

*(ਪਉੜੀ ਮਾਝ ਕੀ ਵਾਰ, ਮ: ੧-੧੪੫)*

**ਸਿਖ ਇਕ ਭਗਤ ਹੈ। ਸੰਸਾਰ ਵਿਚ ਰਹਿੰਦਾ ਜ਼ਰੂਰ ਹੈ, ਪਰ ਉਸਦਾ ਨਿਸ਼ਾਨਾ ਕੇਵਲ ਸੰਸਾਰ ਵਿਖੇ ਪੁਗਖਲੋਣਾ ਨਹੀਂ, ਬਲਕਿ ਇਸ ਤੋਂ ਅਗਲੀ ਖੇਡ ਵਿਚ ਪੁਗਣਾ ਹੈ। ਹਲਤਮੁਖੀ ਹੁੰਦੇ ਹੋਏ ਵੀ ਸਿੱਖ ਦਾ ਨਿਸ਼ਾਨਾ ਪਲਤ ਲਈ ਇਥੇ ਰਹਿ ਕੇ ਤਿਆਰੀ ਕਰਨੀ ਹੈ। ਸੰਸਾਰ ਵਿਚੋਂ ਹਰ ਇਕ ਨੇ ਤੁਰ ਜਾਣਾ ਹੈ। ਅਗੋਂ ਕੀਤੇ ਕੰਮਾਂ ਅਨੁਸਾਰ** ਹੀ ਆਤਮਕ ਵਿਕਾਸ ਦੀ ਪਉੜੀ ਚੜ੍ਹਨੀ ਹੈ। ਪੰਚਮ ਸਤਿਗੁਰੂ ਜੀ ਸਿਰੀ ਰਾਗ ਬਾਣੀ ਵਿਚ ਬੜੇ ਪ੍ਰੇਮ ਨਾਲ ਸਮਝਾਉਂਦੇ ਹਨ:

**ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥**
**ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥**
**ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ ॥੩॥੭੩** *(ਪੰਨਾ ੪੩)*

ਇਸ ਸੰਸਾਰ ਦੀ ਮਾਇਆ-ਫਾਸ ਵਿਚੋਂ ਉਹੀ ਨਿਕਲਦੇ ਹਨ ਜੋ ਗੁਰੂ ਪਾਤਸ਼ਾਹ ਦੀਆਂ ਅਸੀਸਾਂ ਤੇ ਖ਼ੁਸ਼ੀਆਂ ਲੈਂਦੇ ਹਨ।

ਭੈ, ਅਦਬ, ਸਤਿਕਾਰਾ ਦੇ ਨਲ-ਨਾਲ ਗੁਰੂ ਪਾਤਸ਼ਾਹ ਲਈ ਸਿੱਖ ਦੇ ਹਿਰਦੇ ਵਿਚ ਅਤੁੱਟ ਪਿਆਰ ਹੁੰਦਾ ਹੈ। ਹਰ ਸਿੱਖ ਦੇ ਆਪਣੇ ਅੰਦਰ ਗੁਰੂ ਪਾਤਸ਼ਾਹ ਲਈ ਪਿਆਰ ਦੀ ਇਕ ਡੂੰਘਾਈ ਹੁੰਦੀ ਹੈ। ਜਿਉਂ-ਜਿਉਂ ਪਿਆਰ ਡੂੰਘਾ ਹੁੰਦਾ ਜਾਂਦਾ ਹੈ ਤਿਉਂ-ਤਿਉਂ ਸਿਖ ਦੀ ਰਹਿਤ ਵਿਚ ਨਿਖਾਰ ਆਉਂਦਾ ਜਾਂਦਾ ਹੈ। ਤਿਉਂ-ਤਿਉਂ ਉਹ ਇਹ ਲਭਣ ਦਾ ਜਤਨ ਕਰਦਾ ਹੈ ਕਿ ਸੱਚੇ ਸੁੱਚੇ

ਵਿਹਾਰ ਲਈ ਗੁਰੂ ਆਸ਼ਾ ਕੀ ਹੈ? ਗੁਰਬਾਣੀ ਉਸਦੀ ਸਦਾ ਅਗਵਾਈ ਕਰਦੀ ਹੈ।

**੮. ਬੱਧਾ-ਚੱਟੀ ਤੋਂ ਬਚਣਾ-**

ਇਕ ਹੋਰ ਵਿਚਾਰਨ ਵਾਲੀ ਗੱਲ ਹੈ ਕਿ ਸਿੱਖ ਨੇ ਨਿਤ ਦੇ ਕਰਮ-ਧਰਮ, ਕਿਤੇ ਰਸ-ਹੀਨ ਕਰਮ ਹੀ ਨਾ ਬਣ ਕੇ ਰਹਿ ਜਾਣ। ਹੱਠ ਨਾਲ ਕੀਤੇ ਕੰਮ ਜਾਂ ਚੱਟੀ-ਬੱਧੇ ਕੰਮ ਲੇਖੇ ਨਹੀਂ ਲਗਦੇ। ਆਤਮਕ ਵਿਕਾਸ ਲਈ ਖੇੜੇ ਵਿਚ ਕੀਤਾ ਨਾਮ ਅਭਿਆਸ ਅਤੇ ਬਾਣੀ-ਅਭਿਆਸ ਹੀ ਸਹਾਈ ਹੁੰਦੇ ਹਨ, ਬਾਕੀਆਂ ਬਾਰੇ ਗੁਰੂ ਪਾਤਸ਼ਾਹ ਹੀ ਜਾਣਦੇ ਹਨ। ਲੋਕਾਂ ਨੂੰ ਵਿਖਾ ਕੇ ਕੀਤੇ ਜਾਂਦੇ ਸਾਰੇ ਧਰਮਾਂ-ਕਰਮਾਂ ਬਾਰੇ ਗੁਰਬਾਣੀ ਵਿਚ ਇਉਂ ਫੁਰਮਾਨ ਹੈ:-

**ਜਿਨਿ ਆਤਮ ਤਤੁ ਨਾ ਚੀਨਿਆ॥**
**ਸਭ ਫੋਕਟ ਧਰਮ ਅਬੀਨਿਆ॥੫॥੧॥** *(੧੩੫੧)*

ਗੱਲ ਇਥੇ ਮੁਕਦੀ ਹੈ ਕਿ ਸਿੱਖ ਲਈ ਗੁਰੂ ਪਾਤਸ਼ਾਹ ਨੇ ਜੋ ਰਹਿਤ ਮਰਿਯਾਦਾ ਇਕ ਵਾਰੀ ਬੰਨ੍ਹ ਦਿੱਤੀ ਹੈ, ਉਸ ਨੂੰ ਸਿੱਖ ਨੇ ਸਿਰ ਮੱਥੇ ਪਿਆਰ ਸਹਿਤ ਕਬੂਲ ਕਰਨਾ ਹੈ, ਕਿਉਂਕਿ ਪਿਆਰ ਹੀ ਇਕ ਅਜਿਹੀ ਵਡਮੁਲੀ ਵਸਤੂ ਹੈ ਜੋ ਸਿੱਖ ਨੂੰ ਗੁਰੂ ਨਾਲ ਤੇ ਪਰਮ ਸੱਚ ਪ੍ਰਭੂ ਪਰਮਾਤਮਾ ਨਾਲ ਜੋੜੀ ਰੱਖਦੀ ਹੈ। ਯਾਦ ਰਹੇ ਕਿ ਪਰਮ ਸੱਚ ਪਰਮਾਤਮਾ ਆਪ "ਬਿਰਹਾ ਤੂੰ ਸੁਲਤਾਨ ਹੈ" ਅਤੇ ਉਹ ਗੁਰੂ ਗੋਬਿੰਦ ਸਿੰਘ ਦੇ ਕਥਨ ਅਨੁਸਾਰ ਪਿਆਰ ਦੇ ਰੂਪ ਵਿਚ ਹੀ ਪਸਰਿਆ ਹੋਇਆ ਹੈ। "ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ"। ਉਸ ਤਕ ਪਹੁੰਚਣ ਦਾ ਕੇਵਲ ਇਕੋ ਹੀ ਰਸਤਾ ਹੈ।

**"ਸਾਚ ਕਹੋਂ ਸੁਣ ਲੇਹੁ ਸੁਭੈ**
**ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ"** *(ਸਵੇਯਾ ਪਾ: ੧੦)*

**ਜੇ ਸਿੱਖ ਦੇ ਹਿਰਦੇ ਵਿਚ ਪਿਆਰ ਨਹੀਂ ਤਾਂ ਫਿਰ ਕੁਝ ਵੀ ਨਹੀਂ-**

**ਅੰਦਰ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ॥੧॥੧੫॥**

*(ਸਿਰੀਰਾਗ ਮ: ੧, ਪੰਨਾ ੬੨)*

ਗੁਰੂ-ਪ੍ਰੇਮ ਤੋਂ ਬਿਨਾਂ ਸਿੱਖ ਹਿਰਦਾ ਸਦਾ ਖਾਲੀ ਖਾਲੀ ਰਹੇਗਾ। ਗੁਰ-ਇਤਿਹਾਸ ਵਲ ਝਾਤ ਮਾਰਿਆਂ ਸੋਚ ਆਉਂਦੀ ਹੈ ਕਿ ਆਖਰ ਉਹ ਕੀ ਚੀਜ਼ ਸੀ ਜਿਸ ਨੇ ਸਿੱਖਾਂ ਨੂੰ ਗੁਰੂ ਲਈ, ਅਤੇ ਗੁਰੂ-ਅਸਥਾਨਾਂ ਦੀ ਪਵਿੱਤਰਤਾ ਲਈ ਸਭ ਕੁਝ ਕੁਰਬਾਨ ਕਰਨ ਲਈ ਪ੍ਰੇਰਿਆ। ਬੰਦ ਬੰਦ ਕਟਵਾਉਣਾ, ਚਰਖੜੀਆਂ ਤੇ ਚੜ੍ਹ ਕੇ ਤੂੰਬਾ ਤੂਬੰਾ ਉਡਵਾ ਕੇ ਕੁਰਬਾਨ ਹੋ ਜਾਣਾ, ਹਸ ਹਸ ਕੇ ਸ਼ਹੀਦੀਆਂ ਪਾਉਣੀਆਂ ਕੋਈ ਮਾਮੂਲੀ ਖੇਡ ਨਹੀਂ, ਪਰ ਗੁਰਸਿੱਖਾਂ ਨੇ ਉਹ ਸਭ ਕੁਝ ਕਰ ਦਿਖਾਇਆ ਜੋ ਆਮ ਸੰਸਾਰੀਆਂ ਲਈ ਅਸੰਭਵ ਲਗਦਾ ਹੈ ਅੱਜ ਭੀ ਮੌਜੂਦਾ ਮਾਦਪ੍ਰਾਸਤੀ ਦੇ ਜ਼ਬਰਦਸਤ ਪ੍ਰਭਾਵ ਦੇ ਬਾਵਜੂਦ ਅਨੇਕਾਂ ਗੁਰੂ ਕੇ ਪਿਆਰਿਆਂ ਨੇ ਆਪਣੇ ਗੁਰੂ ਪਾਤਸ਼ਾਹ ਨਾਲ ਪਿਆਰ ਦੀਆਂ ਪੀਂਘਾਂ ਪਾਈਆਂ ਤੇ ਆਪਣੀਆਂ ਜਾਨਾਂ ਤੇ ਖੇਲ ਗਏ। **ਸਿੱਖ ਜੀਵਨ ਜੁਗਤਿ ਕੇਵਲ ਗੁਰੂ ਲਈ ਭੈ-ਭਾਵਨੀ ਦੇ ਆਸਰੇ**

**ਟਿਕੀ ਹੋਈ ਹੈ। ਜੇ ਕਿਸੇ ਸਮੇਂ ਅੰਦਰੋਂ ਪ੍ਰੀਤ ਖਤਮ ਹੋ ਗਈ ਤਾਂ ਸਿੱਖ ਰਹਿਤ ਰਹਿਣੀ ਦਾ ਬਹਾਰਮੁਖੀ ਸਰੂਪ ਮਖੋਟਾ ਬਣ ਕੇ ਰਹਿ ਜਾਏਗਾ।**

**੯. ਸੰਤੋਖ**

ਹੁਣ ਤੱਕ ਸਿੱਖ ਦੀ ਅੰਦਰਲੀ ਰਹਿਤ ਤੇ ਵਿਚਾਰ ਕਰਦਿਆਂ ਸੱਚ, ਦਇਆ, ਖਿਮਾ, ਗਰੀਬੀ, ਮਿੱਠਾ ਬੋਲਣਾ ਅਤੇ ਗੁਰੂ ਲਈ ਪ੍ਰੇਮ ਤੇ ਵਿਚਾਰ ਕੀਤੀ ਗਈ ਹੈ। ਸੰਤੋਖ ਇਸ ਲੜੀ ਦੀ ਅੰਤਿਮ ਕੜੀ ਹੈ। ਗੁਰੂ ਨਾਨਕ ਦੇਵ ਜਪੁਜੀ ਸਾਹਿਬ ਵਿਚ ਜਿੱਥੇ ਇਹ ਲਿਖਦੇ ਹਨ ਕਿ "ਧੌਲ ਧਰਮ ਦਇਆ ਕਾ ਪੂਤ" ਹੈ ਉਸ ਦੇ ਨਾਲ ਹੀ ਇਹ ਵੀ ਲਿਖਿਆ ਕਿ ਇਸ ਨੂੰ ਸੰਤੋਖ ਨੇ ਹੀ ਟਿਕਾਣੇ ਸਿਰ ਰੱਖਿਆ ਹੈ। "ਸੰਤੋਖ ਥਾਪ ਰੱਖਿਆ ਜਿਨਿ ਸੂਤੁ"। ਸੰਤੋਖ ਤੋਂ ਬਿਨਾਂ ਧਰਮ, ਧਰਮ ਨਹੀਂ ਰਹੇਗਾ। ਸੰਤੋਖ ਬਾਰੇ ਤਾਂ ਬਾਣੀ ਵਿਚ ਬੇਅੰਤ ਸੰਕੇਤ ਹਨ। ਇਥੇ ਕੇਵਲ ਟੂਕ ਮਾਤਰ ਹੀ ਦਿੱਤਾ ਜਾਂਦਾ ਹੈ।

**ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥੩॥੩੧॥**

*(ਸਿਰੀਰਾਗੁ, ਮ: ੧, ਪੰਨਾ ੨੫)*

ਜਿਤਨਾ ਮਿਲ ਜਾਏ ਉਸ ਤੇ ਸੰਤੁਸ਼ਟ ਰਹਿਣਾ ਅਤੇ ਲੋਭ ਨਹੀਂ ਕਰਨਾ। ਸਦਾ ਸ਼ੁਕਰ ਵਿਚ ਰਹਿਣਾ, ਇਹ ਸੰਤੋਖ ਹੈ। ਸੰਤੋਖ ਦੋ ਚੀਜ਼ਾਂ ਹਿਰਦੇ ਦੇ ਅੰਦਰ ਪੈਦਾ ਕਰਦਾ ਹੈ - **ਪਹਿਲੀ ਚੀਜ਼ : ਸਦਾ ਸ਼ੁਕਰ ਵਿਚ ਰਹਿਣਾ, ਅਥਵਾ ਰਜ਼ਾ ਵਿਚ ਰਹਿਣਾ, ਦੂਸਰੀ ਚੀਜ਼ ਹੈ ਲੋਭ ਲਾਲਚ ਤੋਂ ਬਚੇ ਰਹਿਣਾ।** ਭਾਈ ਗੁਰਦਾਸ ਨੇ ਸਿੱਖ ਦੇ ਜੀਵਨ ਨੂੰ ਪ੍ਰਾਹੁਣੇ ਵਾਂਗ ਲਿਖਿਆ ਹੈ। ਪ੍ਰਾਹੁਣੇ ਨੂੰ ਜੋ ਮਿਲ ਜਾਏ ਉਸ ਉਤੇ ਹੀ ਸ਼ੁਕਰ ਗੁਜ਼ਾਰ ਰਹਿੰਦਾ ਹੈ। ਸਿੱਖ ਨੇ ਉਪਰੋਕਤ ਗੁਣਾਂ ਨੂੰ ਧਾਰਨ ਕਰਕੇ ਪੰਜੇ ਮਹਾਂਬਲੀਆਂ ਨਾਲ ਅੰਦਰੋਂ ਘੋਲ ਕਰਦੇ ਰਹਿਣਾ ਹੈ। ਪੱਛਮੀ ਵਿਦਿਆ ਦੀ ਮਾਇਕ ਦੌੜ ਨੇ ਸਿੱਖ ਨੂੰ ਲੋਭੀ ਬਣਾ ਦਿੱਤਾ ਹੈ। ਉਸਦੇ ਮੁਨਾਫ਼ੇ ਦੀ ਕੋਈ ਸੀਮਾ ਨਹੀਂ ਰਹੀ। ਉਸਦੇ ਅੰਦਰੋਂ ਸੰਤੋਖ ਉਡ ਗਿਆ ਹੈ। ਮਾਇਆ ਕਾਰਨ ਕੇਵਲ ਦੌੜ ਭੱਜ ਹੀ ਸਾਡੇ ਪੱਲੇ ਰਹਿ ਗਈ ਹੈ। ਮਾਇਆ ਨੇ ਸਾਨੂੰ ਗੁਰੂ ਤੋਂ ਦੂਰ ਕਰ ਦਿਤੈ।

ਸੰਤੋਖ ਇਕ ਮਹਾਨ ਤਪ ਹੈ। **ਨਵਾਬ ਕਪੂਰ ਸਿੰਘ ਨਵਾਬੀ ਨੂੰ ਤੁਛ ਸਮਝਦਾ ਸੀ। ਅਜ ਸਿੱਖ ਵਜ਼ੀਰੀਆਂ ਮਗਰ ਕਿਵੇਂ ਦੌੜਿਆ ਫਿਰਦਾ ਹੈ?** ਦੋਵੇਂ ਪ੍ਰਕਾਰ ਦੇ ਸਿੱਖਾਂ ਵਿਚਾਲੇ ਕੇਵਲ ੧੫੦ ਸਾਲ ਦੀ ਵਿੱਥ ਹੈ। ਨਵਾਬ ਕਪੂਰ ਸਿੰਘ ਸੰਤੋਖੀ ਸੂਰਮਾ ਸੀ, ਈਰਖਾ ਤੋਂ ਉੱਪਰ ਸੀ। ਅੱਜ ਦਾ ਸਿੱਖ ਆਪਣੇ ਅੰਦਰ ਝਾਤ ਮਾਰੇ। ਕਈ ਵਾਰੀ ਇਸ ਪ੍ਰਸ਼ਨ ਤੇ ਵਿਚਾਰ ਹੁੰਦੀ ਹੈ **ਕਿ ਕੀ ਗੁਰੂ ਸਾਹਿਬਾਨ ਨੇ ਖਾਲਸੇ ਦਾ ਜੋ ਆਦਰਸ਼ ਸੰਸਾਰ ਸਾਹਮਣੇ ਪੇਸ਼ ਕੀਤਾ ਕੀ ਉਸ ਵਿਚ ਰਾਜ ਕਰਨ ਦੀ ਭੁੱਖ ਪਾਈ ਸੀ?** ਉਸਦੀ ਜੋ ਤਸਵੀਰ ਗੁਰਬਾਣੀ ਵਿਚ ਮਿਲਦੀ ਹੈ ਉਹ ਟੁਟੀ ਫੁਟੀ ਝੁਗੀ ਵਿਚ ਸ਼ੁਕਰ ਵਿਚ ਵਸਦਾ ਹੋਇਆ ਮਨੁੱਖ, ਸਮੁੱਚੇ ਜਗਤ ਦਾ ਰਾਜਾ ਹੈ ਜੇਕਰ ਉਸਦਾ ਮਨ ਹਰਿ ਨਾਮ ਨਾਲ ਭਿਜਾ ਹੋਇਆ ਹੈ। ਕੋਈ ਫਰਕ ਨਹੀਂ ਪੈਂਦਾ ਉਸਦੀ ਜਾਤਿ ਨੀਵੀਂ ਹੈ ਅਤੇ ਉਸਦੇ ਮਿਤਰ ਸਾਕ ਭੀ ਕੋਈ ਨਹੀਂ ਹਨ, ਫੁਰਮਾਨ ਹੈ:

**ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥ ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥**

**ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ॥**

**ਰਾਜਾ ਸਗਲੀ ਸ੍ਰਿਸਟੀ ਕਾ ਹਰਿ ਨਾਮਿ ਮਨੁ ਭਿੰਨਾ॥੭॥**

*(ਪਉੜੀ ਪੰਨਾ ੭੦੭)*

ਮਹਾਰਾਜਾ ਰਣਜੀਤ ਸਿੰਘ ਨੇ ਬੜੀਆਂ ਘਾਲਣਾਂ ਘਾਲ ਕੇ ਸਿੱਖ ਰਾਜ ਸਥਆਪਿਤ ਕੀਤਾ, ਪਰ ਸਿੱਖ ਰਹਿਤ ਰਹਿਣੀ ਦੇ ਅੰਦਰੂਨੀ ਤੱਤਾਂ ਤੋਂ ਸਖਣੇ ਹੋਣ ਕਰਕੇ ੪੦ ਵਰ੍ਹਿਆਂ ਦੀ ਕਰੜੀ ਘਾਲ ਥੋੜੇ ਚਿਰਾਂ ਵਿਚ ਹੀ ਖਤਮ ਹੋ ਗਈ।

੧੦. ਈਰਖਾ

ਜਿਹੜਾ ਵਿਅਕਤੀ ਅੰਮ੍ਰਿਤ ਛਕ ਲੈਂਦਾ ਹੈ ਕੀ ਉਸਨੂੰ ਜ਼ਹਿਰ ਪੀਣਾ ਸੋਬਦਾ ਹੈ? ਈਰਖਾ ਜ਼ਹਿਰ ਹੈ। ਘੁਲ ਘੁਲ ਕੇ ਮਾਰਨ ਵਾਲਾ ਜ਼ਹਿਰ (slow poison) ਗੁਰਬਾਣੀ ਵਿਚ ਇਸ ਨੂੰ ਤਾਤਿ-ਪਰਾਈ ਦਾ ਨਾਮ ਦਿੱਤਾ ਗਿਆ ਹੈ:

**ਜਿਸ ਅੰਦਰਿ ਤਾਤਿ ਪਰਾਈ ਹੋਵੈ ਤਿਸਦਾ ਕਦੇ ਨ ਹੋਵੀ ਭਲਾ**

*(ਮ: ੪, ੩੦੮)*

ਸ੍ਰੀ ਗੁਰੂ ਅਰਜਨ ਦੇਵ ਜੀ ਈਰਖਾਲੂ ਬਾਰੇ ਇਉਂ ਫੁਰਮਾਉਂਦੇ ਹਨ-

**ਸੁਆਦ ਬਾਦ ਈਰਖ ਮਦ ਮਾਇਆ॥**

**ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥੩॥੧੯**

*(ਸੂਹੀ ਮ: ੫, ੭੪੧)*

ਸਿੱਖ ਨੇ ਜਨਮ ਸਫਲਾ ਕਰਨ ਲਈ ਤਾਂ ਅੰਮ੍ਰਿਤ ਛਕਣਾ ਹੈ, ਪਰ ਅੰਮ੍ਰਿਤ ਛਕ ਕੇ ਈਰਖਾ ਕਰਨੀ, ਦੂਜਿਆਂ ਨਾਲ ਵੈਰ ਭਾਵ ਰਖਣਾ, ਬਦਲਾ ਲੈਣ ਦੇ ਵਿਚਾਰ ਮਨ ਵਿਚ ਧਾਰਨੇ ਅਤੇ ਕਿਸੇ ਨੂੰ ਬਖਸ਼ਣਾ ਨਾ, ਇਸ ਨਾਲ ਛਕਿਆ ਹੋਇਆ ਅੰਮ੍ਰਿਤ ਰਸਮੀ ਤੌਰ ਤੇ ਤਾਂ ਠੀਕ ਹੈ, ਪਰ ਉਹ ਸਿੱਖ ਅੰਦਰੋਂ ਮਉਲਦਾ ਨਹੀਂ ,ਉਸ ਅੰਦਰ ਖੇੜਾ ਕਦੇ ਨਹੀਂ ਆ ਸਕਦਾ। ਮੁਸ਼ਕਲ ਇਹ ਹੈ ਕਿ ਅਸੀਂ ਅੰਦਰਲੇ ਨੂੰ ਗੁਰਬਾਣੀ ਦੇ ਉਪਰੋਕਤ ਉਪਦੇਸ਼ਾਂ ਰਾਹੀਂ ਮਾਂਜ ਮਾਂਜ ਕੇ ਸਵਾਰਦੇ ਨਹੀਂ, ਗੰਦੇ ਭਾਂਡੇ ਵਿਚ ਅੰਮ੍ਰਿਤ ਪਵਾ ਲੈਂਦੇ ਹਾਂ। ਫਿਰ ਕਹਿੰਦੇ ਹਾਂ ਕਿ ਅੰਮ੍ਰਿਤ ਛਕ ਕੇ ਅੰਮ੍ਰਿਤ ਦਾ ਸਰੂਰ ਨਹੀਂ ਆਇਆ। ਜੇ ਦੁੱਧ ਚੋਹਣ ਦੇ ਭਾਂਡੇ ਨੂੰ ਗਰਮ ਪਾਣੀ ਨਾਲ ਧੋ ਮਾਂਜ ਕੇ ਧੁਪੇ ਸੁਕਾਉਣਾ ਪੈਂਦਾ ਹੈ, ਕੀ ਜਿਸ ਭਾਂਡੇ ਵਿਚ ਅੰਮ੍ਰਿਤ ਪਾਉਣਾ ਹੈ ਉਸ ਭਾਂਡੇ ਨੂੰ ਸਾਫ ਸੁਥਰਾ ਨਹੀਂ ਕਰਨਾ ਚਾਹੀਦਾ? ਅਤੇ ਇਹ ਭਾਂਡਾ ਗੁਰਬਾਣੀ ਅਨੁਸਾਰ ਜੀਵਨ ਢਾਲਣ ਨਾਲ ਸਾਫ ਹੁੰਦਾ ਹੈ-ਭਾਈ ਸਾਹਿਬ ਵੀਰ ਸਿੰਘ ਜੀ ਨੇ ਆਪਣੀ ਇਕ ਕਵਿਤਾ (ਲਹਿਰ ਹੁਲਾਰੇ ਵਿਚੋਂ) ਵਿਚ ਬੜਾ ਸੁੰਦਰ ਤਖੀਅਲ ਬੰਨ੍ਹਿਆ ਹੈ। ਇਕ ਸੰਸਾਰੀ ਬਿਰਤੀ ਵਾਲਾ ਮਨੁੱਖ ਗੁਰੂ ਪਾਸੋਂ ਆਪਣੇ ਭਾਂਡੇ ਵਿਚ ਅੰਮ੍ਰਿਤ ਦੀ ਦਾਤ ਪੁਆਣ ਲਈ ਜਾਂਦਾ ਹੈ ਤਾਂ ਗੁਰੂ ਉਸ ਨੂੰ ਆਪਣੇ ਭਾਂਡੇ ਨੂੰ ਮਾਂਜਣ ਲਈ ਕਿਵੇਂ ਕਹਿੰਦਾ ਹੈ:-

ਸਿਰ ਕਚਕੌਲ ਬਨਾ ਹਥ ਲੀਤਾ, ਪੜ੍ਹਿਆਂ ਦੁਆਰੇ ਫਿਰਿਆ।
ਦਰ ਦਰ ਦੇ ਟੁਕ ਮੰਗ ਮੰਗ ਪਾਏ, ਤੁੰਨ ਤੁੰਨ ਕੇ ਭਰਿਆ।
ਭਰਿਆ ਵੇਖ ਆਫਰਿਆ ਮੈਂ ਸਾਂ, ਜਾਣਾ ਪੰਡਿਤ ਹੋਇਆ।
ਟਿਕੇ ਨ ਪੈਰ ਜ਼ਿਮੀ ਤੇ ਮੇਰਾ, ਉਚਾ ਹੋ ਹੋ ਟੁਰਿਆ॥
ਇਕ ਦਿਨ ਇਹ ਕਚਕੌਲ ਲੈ ਗਿਆ ਮੁਰਸ਼ਦ ਮੂਹਰੇ ਧਰਿਆ।
ਜੂਠ ਜੂਠ ਕਰ ਉਸ ਉਲਟਾਇਆ, ਖਾਲੀ ਸਾਰਾ ਕਰਿਆ।
ਮਲ ਮਲ ਕੇ ਫਿਰ ਧੋਤਾ ਇਸਨੂੰ, ਮੈਲ ਇਲਮ ਦੀ ਲਾਹੀ।
ਵੇਖੋ ਇਹ ਕਚਕੌਲ ਲਿਸ਼ਕਿਆ, ਕੰਵਲ ਵਾਂਗ ਫਿਰ ਖਿੜਿਆ।

ਉਪਰੋਕਤ ਕਵਿਤਾ ਵਿਚ ਭਾਈ ਵੀਰ ਸਿੰਘ ਜੀ ਅਜੋਕੇ ਸਿੱਖ ਨੂੰ ਬੜੇ ਪਿਆਰ ਨਾਲ ਸਮਝਾਅ ਰਹੇ ਹਨ ਕਿ ਮੁਰਸ਼ਦ ਗੁਰੂ ਕੋਲੋਂ ਜੇ ਅੰਮ੍ਰਿਤ ਵਰਗੀ ਦਾਤ ਲੈਣੀ ਹੈ ਤਾਂ ਇਲਮ ਤੋਂ ਉਪਜੀ ਹਉਮੈ ਦੀ ਮੈਲ ਨੂੰ ਉਤਾਰਨਾ ਪਵੇਗਾ। ਕਿਵੇਂ ਉਤਰਨਾ ਹੈ? ਗੁਰਬਾਣੀ ਅਨੁਸਾਰ ਅੰਦਰਲੀ ਰਹਿਤ ਪਹਿਲਾਂ ਧਾਰਨ ਕਰੇ। ਗੁਰਬਾਣੀ ਅੰਦਰ ਦਰਸਾਈਆਂ ਕਦਰਾਂ ਕੀਮਤਾਂ ਨੂੰ ਪਹਿਲਾਂ ਆਪਣੇ ਜੀਵਨ ਵਿਚ ਅਮਲੀ ਰੂਪ ਦੇਵੇ। **ਅੰਮ੍ਰਿਤ ਛਕਣ ਤੋਂ ਪਹਿਲਾਂ ਤਿਆਰੀ ਕਰਨੀ ਲਾਜ਼ਮੀ ਹੈ।** ਫਿਰ ਅੰਮ੍ਰਿਤ ਛਕੋ, ਕੇਵਲ ਐਸੇ ਵਿਅਕਤੀ ਦਾ ਜੀਵਨ ਸਫਲ ਹੁੰਦਾ ਹੈ। ਸਿਖੀ ਧਾਰਨ ਕਰਨੀ ਗੁਰੂ ਨਾਨਕ ਦੇਵ ਜੀ ਵਲੋਂ ਦਰਸਾਈ ਗਈ ਜੀਵਨ-ਜਾਚ ਧਾਰਨ ਕਰਨ ਦਾ ਨਾਮ ਹੈ।

◆◆◆

# 3. ਖਾਲਸਾ ਜੀ ਕੇ ਬੋਲ-ਬਾਲੇ

ਪੰਥ ਪ੍ਰਵਾਨਤ ਅਰਦਾਸ ਵਿਚ ਖਾਲਸਾ ਜੀ ਕੇ ਬੋਲ-ਬਾਲੇ ਲਈ ਜਾਚਨਾ ਸਿੱਖ ਸੰਗਤ ਵਲੋਂ ਕਈ ਹੋਰ ਮੰਗਾਂ ਦੇ ਨਾਲ ਕੀਤੀ ਜਾਂਦੀ ਹੈ:-

"ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਦੇਗ-ਤੇਗ ਫਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲ-ਬਾਲੇ, ਬੋਲੋ ਜੀ ਵਾਹਿਗੁਰੂ ।"

ਸਦੀਆਂ ਤੋਂ ਇਹ ਪੰਥਕ ਅਰਦਾਸ ਇਉਂ ਜਾਪਦਾ ਹੈ ਸਾਰੇ ਸਿੱਖ ਜਗਤ ਵਿਚ ਰਸਮੀ ਤੌਰ 'ਤੇ ਹੁੰਦੀ ਆ ਰਹੀ ਹੈ ਅਤੇ ਅੱਗੋਂ ਭੀ ਹੁੰਦੀ ਰਹੇਗੀ। ਪਰ ਕੀ ਕਦੀ ਧਿਆਨ ਦੇਕੇ ਸੋਚਿਆ ਹੈ ਕਿ ਆਖਰ ਖਾਲਸਾ ਜੀ ਨੇ ਆਪਣਾ ਬੋਲ-ਬਾਲਾ ਗੁਰੂ ਪਾਤਸ਼ਾਹ ਪਾਸੋਂ ਕਿਉਂ ਮੰਗਿਆ ਹੈ? ਖਾਲਸਾ ਜੀ ਤਾਂ ਨਿਮਰਤਾ ਦਾ ਧਾਰਨੀ ਹੈ ਇਸ ਨੂੰ ਬੋਲ-ਬਾਲੇ ਕਰਾਉਣ ਦੀ ਕਿਉਂ ਲੋੜ ਪੈ ਗਈ? ਅਫਸੋਸ ਇਹ ਹੈ ਕਿ ਅਸੀਂ ਖੁਲ੍ਹ ਕੇ ਹੁਣ ਤਕ ਕਿਸੇ ਨੂੰ ਇਹ ਨਹੀਂ ਦਸ ਸਕੇ ਕਿ ਖਾਲਸਾ ਜੀ ਦੇ ਬੋਲ-ਬਾਲੇ ਦਾ ਸਰੂਪ ਕੀ ਹੈ, ਭਾਵੇਂ ਅਸੀਂ "ਬੋਲ-ਬਾਲੇ" ਦੇ ਸ਼ਬਦਾਂ ਨੂੰ ਅਰਦਾਸ ਵਿਚੋਂ ਲੈ ਕੇ 1978 ਦੇ ਅਨੰਦਪੁਰ ਸਾਹਿਬ ਦੇ ਮੱਤੇ ਵਿਚ ਭੀ ਜੋੜ ਬੈਠੇ। ਅਰਦਾਸ ਵਿਚ ਤਾਂ ਇਹ ਸ਼ਬਦ ਸ਼ੋਭਦੇ ਹਨ, ਪਰ ਕਿਸੇ ਸਿਆਸੀ ਮੰਗ-ਪਤਰ ਵਿਚ ਇਨ੍ਹਾਂ ਨੂੰ ਸ਼ਾਮਿਲ ਕਰਨ ਨਾਲ ਕਾਂਗਰਸ ਅਤੇ ਦੇਸ਼ ਦੀਆਂ ਹੋਰ ਸਿਆਸੀ ਪਾਰਟੀਆਂ ਨੇ ਬਹੁਤ ਰੌਲਾ ਪਾਇਆ। ਖ਼ੁਦ ਅਕਾਲੀ ਪਾਰਟੀ 'ਬੋਲ-ਬਾਲੇ' ਬਾਰੇ ਤਸੱਲੀਬਖ਼ਸ਼ ਸਪਸ਼ਟੀਕਰਨ ਨਹੀਂ ਦੇ ਸਕੀ। ਸਿੱਖ ਬੁੱਧੀ ਜੀਵੀਆਂ ਨੇ ਭੀ ਇਸ ਸੰਬੰਧ ਵਿਚ ਸਿੱਖ ਸੰਗਤਾਂ ਨੂੰ ਕੋਈ ਖਾਸ ਚਾਨਣ ਨਹੀਂ ਪਾਇਆ। ਬਦਕਿਸਮਤੀ ਇਹ ਰਹੀ ਕਿ ਵਿਰੋਧੀ ਪਾਰਟੀਆਂ ਨੇ ਇਸ ਨੂੰ ਸਿੱਖਾਂ ਵੱਲੋਂ ਵੱਖਰੇ ਰਾਜ "ਖਾਲਿਸਤਾਨ" ਦੀ ਮੰਗ ਦਾ ਇਕ ਲੁਕਵਾਂ ਜਤਨ ਮੰਨ ਕੇ ਸਿੱਖਾਂ ਉਤੇ ਦੇਸ਼-ਧ੍ਰੋਹੀ ਹੋਣ ਦਾ ਦੋਸ਼ ਲਗਾਇਆ। ਇਸ ਤੋਂ ਪੰਜਾਬ ਵਿਚ 1984 ਦਾ ਦੁਖਾਂਤ ਵਾਪਰਿਆ ਅਤੇ ਹੋਰ ਬੜਾ ਕੁਝ ਹੋਇਆ।

'ਬੋਲ-ਬਾਲੇ' ਫਾਰਸੀ ਤੋਂ ਬਣਿਆ ਮੁਹਾਵਰਾ ਹੈ। ਬਾਲਾ ਦੇ ਅਰਥ ਹਨ ਉਪਰ, ਵਧੀਆ। ਭਾ: ਕਾਨ੍ਹਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਬੋਲ-ਬਾਲਾ= **"ਸਭ ਦੇ ਉਪਰ ਬਚਨ, ਸਭ ਹੁਕਮ ਮੰਨਣ, ਸਭ ਉਤੇ ਹਕੂਮਤ।"** *(ਪੰਨਾ ੮੯੨, ਛਾਪ ੧੯੭੪)*

ਜਿਥੋਂ ਤੱਕ "ਸਭ ਦੇ ਉਪਰ ਬਚਨ" ਦੀ ਗੱਲ ਹੈ, ਇਸ ਤੋਂ ਖਾਲਸਾ ਜੀ ਦੇ ਉਚੇ ਸੁੱਚੇ ਜੀਵਨ ਵਲ ਸੰਕੇਤ ਮਿਲਦਾ ਹੈ। ਸਿੱਖ ਇਤਿਹਾਸ ਵਿਚ ਐਸੀਆਂ ਮਿਸਾਲਾਂ ਮਿਲਦੀਆਂ ਹਨ ਕਿ ਇਸਲਾਮਿਕ ਕਚਹਿਰੀਆਂ ਵਿਚ ਸਿੱਖ ਦੀ ਗਵਾਹੀ ਨੂੰ "ਬਾਲਾ" ਮੰਨਿਆ ਜਾਂਦਾ ਸੀ। ਮੁਸਲਮਾਨ ਹਾਕਮਾਂ ਅਤੇ ਜੱਜਾਂ ਨੂੰ ਪਤਾ ਸੀ ਕਿ ਸਿੱਖ ਝੂਠ ਕਦੀ ਨਹੀਂ ਬੋਲਦਾ। ਮੁਸਲਿਮ ਸਮਾਜ, ਜੋ ਖਾਲਸੇ ਦਾ ਕਦੀ ਕੱਟੜ ਵੈਰੀ ਹੁੰਦਾ ਸੀ, ਅੰਦਰ ਖਾਲਸੇ ਦੇ ਸੱਚੇ ਸੁੱਚੇ ਜੀਵਨ ਦੀ ਧਾਕ ਚਿਰਾਂ ਤੋਂ ਬੈਠੀ ਹੋਈ ਸੀ। ਉਨ੍ਹਾਂ ਨੂੰ ਪਤਾ ਸੀ ਕਿ ਸਿੱਖਾਂ ਦੇ ਗੁਰੂਆਂ ਨੇ ਆਪਣੀ ਕੌਮ ਨੂੰ

ਸਚ ਧਾਰਨ ਕਰਨ ਦਾ ਮਹਾਨ ਉਪਦੇਸ਼ ਦਿੱਤਾ ਹੋਇਆ ਹੈ। ਸਿੱਖ ਮੌਤ ਤਾਂ ਕਬੂਲ ਕਰ ਲਵੇਗਾ ਪਰ ਝੂਠ ਬੋਲ ਕੇ ਜੀਉਣ ਨੂੰ ਉਹ ਕਦੀ ਪਸੰਦ ਨਹੀਂ ਕਰਦਾ। ਭਗਤੀ ਕਰਨੀ ਰੱਬ ਦੀ, ਤੇ ਫਿਰ ਰੱਬ ਦੇ ਬੰਦਿਆਂ ਅਗੇ ਝੂਠ ਬੋਲਣਾ, ਇਹ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਨਹੀਂ ਹੈ। ਸਿੱਖ ਨੂੰ ਪਤਾ ਹੈ ਸਭ ਅੰਦਰ ਰੱਬ ਦਾ ਨਿਵਾਸ ਹੈ ਫਿਰ ਝੂਠ ਬੋਲ ਕੇ ਰੱਬ ਨੂੰ ਕੀ ਮੂੰਹ ਵਿਖਾਏਗਾ? ਗੁਰਬਾਣੀ ਸਿੱਖ ਨੂੰ ਚੇਤੇ ਕਰਾਉਂਦੀ ਹੈ:-

**ਮੇਰਾ ਪ੍ਰਭ ਅੰਤਰਿ ਬੈਠਾ ਵੇਖੈ ॥੮॥੨੨॥੨੩॥** *(ਮਾਂਝ ਮ: ੩, ਪੰਨਾ ੧੨੩)*

ਪ੍ਰੇਮਾ ਭਗਤੀ ਕਰਨ ਵਾਲੇ ਖਾਲਸੇ ਨੂੰ ਗੁਰੂ ਅਤੇ ਅਕਾਲਪੁਰਖ ਦੀ ਸਦਾ ਅੰਗ ਸੰਗ ਹਜ਼ੂਰੀ ਦਾ ਅਹਿਸਾਸ ਹੁੰਦਾ ਰਿਹਾ ਹੈ। ਇਸ ਅਹਿਸਾਸ ਸਦਕਾ ਖਾਲਸਾ ਨਿਰਭਉ ਅਤੇ ਨਿਰਵੈਰ ਹੋ ਕੇ ਵਿਚਰਦਾ ਰਿਹਾ । ਉਹ ਸਦਾ ਚੜ੍ਹਦੀ ਕਲਾ ਵਿਚ ਅਤੇ ਪ੍ਰਭੂ ਦੀ ਰਜ਼ਾ ਵਿਚ ਸ਼ੁਕਰ ਕਰਦਾ ਜੰਗਲ ਬੇਲਿਆਂ ਦੀਆਂ ਕਠਿਨਾਈਆਂ ਵਿਚ ਵੀ ਨਾਮ ਅਤੇ ਬਾਣੀ ਨਾਲ ਜੁੜਿਆਂ ਰਿਹਾ ਹੈ। ਖਾਲਸੇ ਨੇ ਸਤਿਗੁਰੂ ਨੂੰ ਪੁੱਛ ਕੇ ਸੱਚ ਦੇ ਆਤਮ ਤੀਰਥ ਉੱਤੇ ਨਿਵਾਸ ਕਰਨ ਲਈ ਕਮਰ ਕੱਸਾ ਕੀਤਾ। ਉਹ ਸੰਤ ਵੀ ਹੈ ਅਤੇ ਸਿਪਾਹੀ ਵੀ। ਉਸ ਦੇ ਬੋਲਾਂ ਵਿਚ ਨਿਰਭੈਤਾ ਹੁੰਦੀ ਸੀ। ਉਸਦੀ ਸੋਚ ਵਿਚੋਂ ਸਰਬਤ ਦੇ ਭਲੇ ਦੀ ਖ਼ੁਸ਼ਬੂ ਆਉਂਦੀ ਸੀ। ਉਹ ਨਿਡਰ ਹੋ ਕੇ ਸਦਾ ਸੱਚ ਬੋਲਦਾ ਸੀ। ਅਰਦਾਸ ਵਿਚ ਖਾਲਸੇ ਜੀ ਕੇ ਬੋਲ-ਬਾਲੇ ਲਈ ਜਾਂਚਨਾ ਕਰਨੀ, ਮੇਰਾ ਵਿਚਾਰ ਹੈ, ਉਹ ਗੁਰੂ-ਅਕਾਲਪੁਰਖ ਪਾਸੋਂ ਸੱਚੇ ਸੁੱਚੇ ਜੀਵਨ ਦੀ ਦਾਤ ਲਈ ਜਾਚਨਾ ਕਰਦਾ ਰਿਹਾ ਹੈ। ਖਾਲਸੇ ਦੇ ਤਜਰਬੇ ਵਿਚ ਇਹ ਗੱਲ ਆ ਚੁੱਕੀ ਸੀ ਕਿ ਉਚੇ ਸੁੱਚੇ ਜੀਵਨ ਵਾਲੇ ਬੰਦੇ ਦੀ ਹਰ ਮਨੁੱਖੀ ਸਮਾਜ ਵਿਚ ਕਦਰ ਹੁੰਦੀ ਹੈ। ਲੋਕੀਂ ਉਸਦੀ ਗੱਲ ਨੂੰ ਉਸਦੇ ਉੱਚੇ ਆਚਰਣ ਨੂੰ ਧਿਆਨ ਵਿਚ ਰੱਖ ਕੇ ਮੰਨ ਲੈਂਦੇ ਹਨ। ਖਾਲਸੇ ਨੇ ਨਿਮਰਤਾ ਵਿਚ ਰਿਹਣ ਦਾ ਪ੍ਰਣ ਲਿਆ ਹੋਇਆ ਹੁੰਦਾ ਹੈ, ਉਹ ਹੋਰਨਾਂ ਉਤੇ ਰੋਹਬ ਜਾਂ ਦਬਾਉ ਪਾ ਕੇ ਆਪਣੀ ਗੱਲ ਕਦੀ ਨਹੀਂ ਸੀ ਮੰਨਵਾਉਂਦਾ। ਹਕੂਮਤ ਜਾਂ ਰਾਜ-ਕਾਜ ਨੇ ਤਾਂ ਖਾਲਸੇ ਦੇ 1799 ਵਿਚ ਆਪ ਆ ਕੇ ਚਰਨ ਪਰਸੇ। ਕਰਤਾ ਪੁਰਖ ਨੇ ਇਕ ਸੌ ਸਾਲ ਦੀ ਕਰੜੀ ਪ੍ਰੀਖਿਆ ਅਤੇ ਘੋਲ ਤੋਂ ਮਗਰੋਂ ਖਾਲਸੇ ਨੂੰ ਰਾਜ ਦਿੱਤਾ।

ਬੋਲ-ਬਾਲੇ ਦੇ ਅਰਥ ਹਕੂਮਤ ਕਰਨ ਵਿਚ ਉਦੋਂ ਬਦਲ ਗਏ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਖਾਲਸੇ ਰਾਜ ਦਾ ਵਿਸਥਾਰ ਕਰਨਾ ਆਰੰਭ ਕੀਤਾ। ਸਿੱਖ ਸਰਦਾਰਾਂ ਨੇ ਜਗੀਰਦਾਰਾਂ ਵਾਂਗ ਆਪੋ ਆਪਣੇ ਇਲਾਕਿਆਂ ਵਿਚ ਹਕੂਮਤ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਹਕੂਮਤ ਕਰਨ ਦੇ ਢੰਗ ਵਿਚ ਅਤੇ ਮੁਸਲਮਾਨ ਨਵਾਬਾਂ ਅਤੇ ਜਗੀਰਦਾਰਾਂ ਦੇ ਰਵਾਇਤੀ ਪ੍ਰਬੰਧ ਵਿਚ ਉੱਨੀ-ਵੀਹ ਦਾ ਫਰਕ ਭਾਵੇਂ ਮੰਨਿਆ ਜਾ ਸਕਦਾ ਹੈ ਪਰ ਹਕੂਮਤ ਵਿਚ ਨਰਮੀ ਨਹੀਂ ਹੁੰਦੀ। ਅੰਗਰੇਜ਼ ਨੇ 1849 ਈ: ਵਿਚ ਪੰਜਾਬ ਦਾ ਰਾਜ-ਭਾਗ ਜਦੋਂ ਆਪਣੇ ਹੱਥਾਂ ਵਿਚ ਲਿਆ, ਤਾਂ ਸਿੱਖ ਜਾਗੀਰਦਾਰਾਂ ਅਤੇ ਮੁਸਲਮਾਨ ਜਾਗੀਰਦਾਰਾਂ ਵਿਚ ਉਸਨੂੰ ਕੋਈ ਫ਼ਰਕ ਨਹੀਂ ਲਗਾ ਸਿਵਾਏ ਇਸ ਗੱਲ ਦੇ ਕਿ ਦੋਵੇਂ ਤਰ੍ਹਾਂ ਦੇ ਜਾਗੀਰਦਾਰਾਂ ਦਾ ਮੂਲ

ਧਰਮ ਵੱਖ ਵੱਖ ਸੀ। ਸਿੱਖ ਜਾਗੀਰਦਾਰਾਂ ਦਾ ਅੱਧੀ ਸਦੀ ਵਿਚ ਹੀ ਖਾਲਸਈ ਜੀਵਨ ਨਹੀਂ ਸੀ ਰਹਿ ਗਿਆ। ਉਨ੍ਹਾਂ ਨੇ ਭੀ ਹੋਰਨਾਂ ਜਾਗੀਰਦਾਰਾਂ ਵਾਂਗ ਅੰਗਰੇਜ਼ ਦੀ ਸਹਾਇਤਾ ਕੀਤੀ। ਚੀਫ਼ ਖਾਲਸਾ ਦੀਵਾਨ ਸਰਕਾਰ ਦੀ ਪਿਠੂ ਜਮਾਤ ਸਿੱਖ ਜਾਗੀਰਦਾਰਾਂ ਦੀ ਹੀ ਬਣੀ। ਇਨ੍ਹਾਂ ਜਾਗੀਰਦਾਰਾਂ ਦੀ ਰਹਿਣੀ ਬਹਿਣੀ ਪੁਰਾਤਨ ਖਾਲਸੇ ਵਾਲੀ ਨਹੀਂ ਸੀ ਰਹੀ, ਬੋਲ ਬਾਲਾ ਤਾਂ ਕੀ ਰਹਿਣਾ ਸੀ।

ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ ਪੰਜਾਬ ਵਿਚ ਪ੍ਰੇਮਾ-ਭਗਤੀ ਦੀ ਇਕ ਪ੍ਰਚੰਡ ਲਹਿਰ ਚਲੀ। ਇਸਦਾ ਸਮਾਂ 1499 ਤੋਂ 1606 ਈ: ਤਕ ਦਾ ਕਿਹਾ ਜਾ ਸਕਦਾ ਹੈ ਜਿਉਂ ਜਿਉਂ ਸਤਿਗੁਰੂ ਸਾਹਿਬਾਨ ਦੇ ਮਨੁੱਖੀ ਬਰਾਬਰੀ, ਕੇਵਲ ਸਰਬ ਸਾਂਝੇ ਅਕਾਲਪੁਰਖ ਦੀ ਹਸਤੀ, ਉਸਦੀ ਪੂਜਾ ਅਤੇ ਉਸਦੀ ਰਜ਼ਾ ਵਿਚ ਜੀਵਨ ਜੀਉਣ ਦੇ ਉਪਦੇਸ਼ਾਂ ਦਾ ਪ੍ਰਸਾਰ ਹੋਇਆ **ਤਿਉਂ ਤਿਉਂ ਭਾਰਤ ਦੇ ਹਰ ਧਰਮ ਅਤੇ ਹਰ ਵਰਗ ਦੇ ਲੋਕ ਗੁਰੂ ਸਾਹਿਬਾਨ ਦੇ ਸਿੱਖ ਬਣਨ ਵਿਚ ਫ਼ਖ਼ਰ ਮਹਿਸੂਸ ਕਰਨ ਲੱਗ ਪਏ।** ਸਤਿਗੁਰੂ ਨਾਨਕ ਦੇਵ ਜੀ ਦੇ ਉਤਮ ਵੀਚਾਰਾਂ ਨੇ ਇਕ ਸੌ ਸਾਲ ਦੇ ਸਮੇਂ ਅੰਦਰ ਇਕ ਵਿਸ਼ੇਸ਼ ਕਿਸਮ ਦੀ ਕ੍ਰਾਂਤੀ ਲਿਆਂਦੀ ਜਿਸ ਨੇ ਮਨੁੱਖ ਨੂੰ ਸਿਖਿਆ ਦਿਤੀ ਕਿ ਧਰਮ ਦੇ ਨਾਂ ਉਤੇ ਊਚ-ਨੀਚ ਦਾ ਵਰਗੀਕਰਣ ਰੱਬੀ ਵਿਉਂਤ ਅਨੁਸਾਰ ਨਹੀਂ ਬਲਕਿ ਚਾਤਰ ਮਨੁੱਖਾਂ ਦੀ ਕਾਢ ਹੈ। ਸਾਰੇ ਮਨੁੱਖ, ਕੀ ਹਿੰਦੂ, ਕੀ ਮੁਸਮਲਮਾਨ, ਰੱਬ ਦੇ ਬਣਾਏ ਹੋਏ ਹਨ। ਅਸੀਂ ਸਾਰੇ ਰੱਬ ਦੇ ਪਰਿਵਾਰ ਦੇ ਬਾਲ ਬੱਚੇ ਹਾਂ। ਕੋਈ ਕਾਫ਼ਰ ਜਾਂ ਮੋਮਿਨ ਨਹੀਂ । ਇਸ ਨਵੀਂ ਸੋਚ ਨਾਲ ਭਾਰਤੀ ਸਮਾਜ ਵਿਚ ਨੀਵੇਂ ਸਮਝੇ ਜਾਂਦੇ ਲੋਕਾਂ ਵਿੱਚ ਮਨੁੱਖੀ ਚੇਤੰਨਾ ਦਾ ਅਹਿਸਾਸ ਜਾਗਿਆ। ਗੁਰੂ ਸਾਹਿਬ ਦੁਆਰਾ ਆਰੰਭੀ ਸਿੱਖ ਲਹਿਰ ਦਾ ਉਤੱਰੀ ਭਾਰਤ ਵਿਚ ਬੋਲ-ਬਾਲਾ ਹੋਇਆ ਜਿਸ ਨੂੰ ਕਈ ਇਸਲਾਮੀ ਪੀਰ, (ਸ਼ੇਖ਼ ਅਹਿਮਦ ਸਰਹੰਦੀ ਅਲਫ ਸਾਨੀ ਵਰਗੇ ਬਰਦਾਸ਼ਤ ਨਾ ਕਰ ਸਕੇ) ਉਨ੍ਹਾਂ ਦਾ ਸਰਕਾਰ ਉੱਤੇ ਦਬਾਉ ਹੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਣ ਬਣਿਆ।

ਪੰਜਵੇਂ ਸਤਿਗੁਰਾਂ ਦੇ **ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਅਤੇ ਸੰਪਾਦਨਾ** ਨੇ ਇਹ ਸਿੱਧ ਕਰ ਦਿਤਾ ਕਿ ਗੁਰੂ ਸਾਹਿਬਾਨ ਦੇ ਬਚਨ ਅਤੇ ਉਪਦੇਸ਼ ਭਾਰਤੀ ਸਮਾਜ (ਹਿੰਦੂ ਅਤੇ ਇਸਲਾਮੀ) ਦੀ ਧਾਰਮਿਕ ਵਿਚਾਰਧਾਰਾ ਦੇ ਖੇਤਰ ਵਿਚ ਸਭ ਤੋਂ ਉਪਰ ਹਨ। **ਵੇਖਿਆ ਜਾਏ ਤਾਂ ਖਾਲਸੇ ਨੂੰ ਵਿਚਾਰਧਾਰਕ ਬੋਲ-ਬਾਲਾ ਗੁਰੂ ਨਾਨਕ ਸਾਹਿਬ ਤੋਂ ਵਿਰਸੇ ਵਿਚ ਪ੍ਰਾਪਤ ਹੋਇਆ।** ਇਸ ਬੋਲ-ਬਾਲੇ ਨੂੰ ਈਰਖਾਲੂ ਨਾ ਤਾਂ ਸਮਝ ਸਕੇ ਅਤੇ ਨਾ ਹੀ ਬਰਦਾਸ਼ਤ ਕਰ ਸਕੇ। ਓਨੀਂ ਦਿਨੀਂ ਸਿੱਖ ਨੂੰ ਬੜੇ ਸਤਿਕਾਰ ਨਾਲ ਵੇਖਿਆ ਜਾਂਦਾ ਸੀ, ਕਿਉਂਕਿ ਉਸ ਦੀਆਂ ਨੈਤਿਕ ਕਦਰਾਂ ਕੀਮਤਾਂ ਗੁਰੂ ਨਾਨਕ ਦੇਵ ਜੀ ਦੇ ਨਵੀਨ ਵਿਚਾਰਾਂ ਨੇ ਆਪ ਘੜੀਆਂ। ਗ੍ਰਹਿ ਨਛਤਰਾਂ ਦੇ ਬਦਲਣ ਦੇ ਵਹਿਮਾਂ ਸ਼ਗਨ-ਅਪਸ਼ਗਨ ਦੇ ਭੈ, ਦੇਵੀ ਦੇਵਤਿਆਂ ਦੇ ਨਾਰਾਜ਼ ਹੋ ਜਾਣ ਦੇ ਡਰ ਤੋਂ ਮੁਕਤ ਹੋ ਕੇ ਸਿੱਖ ਇਕ ਅਕਾਲਪੁਰਖ ਦੇ ਭਰੋਸੇ, ਨਿਰਭਉ ਅਤੇ ਨਿਰਵੈਰ ਹੋ ਕੇ ਹਰ ਪ੍ਰਕਾਰ ਦੀਆਂ ਸ਼ਰ੍ਹਾ ਸ਼ਰੀਅਤਾਂ ਤੋਂ ਆਜ਼ਾਦ ਹੋ ਕੇ ਵਿਚਾਰਦਾ ਹੁੰਦਾ। ਗੁਰੂ ਅਰਜਨ ਦੇਵ ਜੀ ਭੀ ਐਸੇ ਸਿੱਖ ਵਲ ਸ਼ਾਇਦ ਸੰਕੇਤ

ਕਰਦੇ ਹਨ:-

**ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥**
**ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥੧੪**

*(ਮਾਰੂ ਮ: ਪੰਨਾ ੧੦੦੨)*

ਗੁਰੂ ਨੇ ਸਿੱਖ ਦੇ ਪੈਰਾਂ ਵਿਚ ਸਦੀਆਂ ਤੋਂ ਰਸਮੋ-ਰਿਵਾਜਾਂ, ਅਤੇ ਫੋਕੇ ਕਰਮ-ਕਾਂਡ ਦੀਆਂ ਜ਼ੰਜੀਰਾਂ ਕੱਟ ਕੇ ਉਸ ਨੂੰ ਆਜ਼ਾਦ ਕੀਤਾ। **ਇਹ ਆਜ਼ਾਦ ਹੋਏ ਮਨੁੱਖ ਦਾ ਸਿੱਖ ਰੂਪ ਵਿਚ ਚਿਤਰ ਹੈ।** ਸਿੱਖਾਂ ਨੂੰ ਸਮਾਜ ਨੇ ਰੱਜ ਕੇ ਸਨਮਾਨ ਦਿੱਤਾ। ਗੁਰੂ ਅਰਜਨ ਦੇਵ ਜੀ ਤੱਕ ਸਿੱਖ ਧਰਮ ਦਾ ਕਾਫੀ ਦੂਰ ਦੂਰ ਤਕ ਪ੍ਰਚਾਰ ਹੋਇਆ ਅਤੇ ਬੋਲ-ਬਾਲਾ ਰਿਹਾ।

ਸੰਨ 1606 ਤੋਂ ਫਿਰ ਸ਼ਹੀਦੀ ਯੁਗ ਆਰੰਭ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੂੰ ਮੁਗ਼ਲ ਸਮਰਾਟ ਜਹਾਂਗੀਰ ਦੇ ਹੁਕਮ ਨਾਲ ਯਾਸਾ ਵਿਧੀ (ਖ਼ੂਨ ਨ ਨਿਕਲੇ) ਅਨੁਸਾਰ ਸ਼ਹੀਦ ਕੀਤਾ ਗਿਆ। ਉਸ ਸਮੇਂ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਵਿਚ ਇਕ ਨਵਾਂ ਮੋੜ ਆਇਆ। ਮਨੁੱਖ ਲਈ ਜਿਥੇ ਧਰਮੀ ਬਣ ਕੇ ਧਰਮ ਕਮਾਉਣਾ ਜ਼ਰੂਰੀ ਹੈ ਉਥੇ ਧਰਮੀ ਨੂੰ ਆਪਣੇ ਧਰਮ ਦੀ ਰੱਖਿਆ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਇਸਲਮਾਮਿਕ ਹਕੂਮਤ ਗ਼ੈਰ ਮੁਸਲਿਮ ਲੋਕਾਂ ਨੂੰ ਧੱਕੇ ਨਾਲ ਮੁਸਲਮਾਨ ਬਣਾਉਣ ਲਈ ਜ਼ੁਲਮ ਕਰਦੀ ਆ ਰਹੀ ਸੀ। ਗੁਰੂ ਨਾਨਕ ਦੇਵ ਦੀ ਚਲਾਈ ਭਗਤੀ ਲਹਿਰ ਉਪਰ ਇਸਲਾਮ ਨੇ ਧਰਮ ਦੇ ਖੇਤਰ ਵਿਚ ਗੁਰੂ ਅਰਜਨ ਦੇਵ ਦੀ ਸ਼ਹੀਦੀ ਪਹਿਲੀ ਵਾਰਦਾਤ ਹੈ। ਗੁਰੂ ਹਰਿ ਗੋਬਿੰਦ ਸਾਹਿਬ ਅਤੇ ਫਿਰ ਉਨ੍ਹਾਂ ਦੇ ਪੋਤੇ ਗੁਰੂ ਗੋਬਿੰਦ ਸਿੰਘ ਜੀ ਨੇ (ਖਾਲਸਾ ਪੰਥ ਦੀ ਸਾਜਨਾ ਕਰਕੇ) ਸਿੱਖ ਕੌਮ ਨੂੰ ਧਰਮ ਦੀ ਰਖਿਆ ਕਰਨ ਲਈ ਤਿਆਰ ਕੀਤਾ। 1606 ਈ: ਤੋਂ 1708 ਈ: ਤੱਕ, ਅਗਲੇ ਇਕ ਸੌ ਬਰਸ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਦਾ ਭਾਰਤ ਦੇ ਪੂਰਬ, ਪੱਛਮ, ਉਤਰ ਅਤੇ ਦੱਖਣ ਤਕ ਸਿੱਖ ਪ੍ਰਚਾਰਕਾਂ ਰਾਹੀਂ ਪ੍ਰਚਾਰ ਨਿਰੰਤਰ ਹੁੰਦਾ ਰਿਹਾ। **ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਉਪਦੇਸ਼ ਦਿਤਾ ਕਿ ਜ਼ੁਲਮ ਵਿਰੁੱਧ ਲੜਨਾ ਧਰਮ ਹੈ ਅਤੇ ਧਰਮੀ ਬਣ ਕੇ ਸਦਾ ਅਣਖ ਨਾਲ ਜੀਉਣਾ ਚਾਹੀਦਾ ਹੈ।**

1708 ਈ: ਵਿਚ ਗੁਰੂ ਗੋਬਿੰਦ ਸਿੰਘ ਨਾਂਦੇੜ ਵਿਖੇ ਜੋਤੀ ਜੋਤਿ ਸਮਾਅ ਗਏ। ਬੰਦਾ ਸਿੰਘ ਬਹਾਦਰ ਨੇ ਪੰਜਾਬ ਆ ਕੇ ਖਾਲਸੇ ਨਾਲ ਮਿਲਕੇ ਮੁਗਲਾਂ ਦੇ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ। ਫਿਰ ਤਾਂ ਲੱਗ-ਭੱਗ ਇਕ ਸੌ ਸਾਲ (1710-1799) ਤਕ ਖਾਲਸੇ ਨੇ ਇਸਲਾਮਿਕ ਜਬਰ ਵਿਰੁਧ ਵਾਹ ਵਾਹ ਤੇਗ ਵਹਾਈ। ਖਾਲਸਾ ਮਿਸਲਾਂ ਦੇ ਰੂਪ ਵਿਚ ਜਥੇਬੰਦਿਆਂ ਬਣਾ ਕੇ ਆਪੋ ਆਪਣੇ ਇਲਾਕਿਆਂ ਵਿਚ 'ਰਾਖੀ ਸਿਸਟਮ' ਰਾਹੀਂ ਇਲਾਕੇ ਦੇ ਲੋਕਾਂ ਦੀ ਜਾਨ ਮਾਲ ਦੀ ਰਖਿਆ ਕਰਕੇ ਬੋਲ-ਬਾਲੇ ਦਾ ਜਸ ਲੈਂਦਾ ਰਿਹਾ। ਸਿੱਖ ਇਤਿਹਾਸ ਵਿਚ ਅਠ੍ਹਾਰਵੀਂ ਸਦੀ **ਖਾਲਸੇ ਦੇ ਬੋਲਬਾਲੇ ਦੀ ਸ਼ਤਾਬਦੀ** ਆਖੀ ਜਾ ਸਕਦੀ ਹੈ। ਸਿੱਖਾਂ ਨੂੰ ਖਤਮ ਕਰਨ ਲਈ ਮੁਗ਼ਲ ਹਕੂਮਤ ਵਲੋਂ ਸਿੱਖਾਂ ਦੇ ਸਿਰ ਧੜ ਨਾਲੋਂ ਕੱਟ

ਕੇ ਲਿਆਉਣ ਵਾਲੇ ਨੂੰ ਇਨਾਮ ਦਿੱਤਾ ਜਾਂਦਾ । ਐਸੇ ਬਿਖੜੇ ਸਮਿਆਂ ਵਿਚ ਭੀ ਖਾਲਸਾ ਡੋਲਿਆ ਨਹੀਂ।

ਉਨ੍ਹਾਂ ਦਾ ਅਰਦਾਸ ਵਿਚ ਖਾਲਸੇ ਜੀ ਦੇ ਮਾਣ ਸਤਿਕਾਰ ਨੂੰ ਕਾਇਮ ਰਖਣ ਲਈ ਜਾਚਨਾ ਕਰਨਾ ਇਕ ਸੁਭਾਵਕ ਗੱਲ ਸੀ। ਖਾਲਸੇ ਨੇ ਗੁਰੂ ਪਾਸੋਂ ਮਹਿਲ-ਮਾੜੀਆਂ ਜਾਂ ਰਾਜ ਭਾਗ ਨਹੀਂ ਮੰਗਿਆ, **ਪਰ ਅਣਖ ਨਾਲ ਜੀਊਣ ਦੀ ਜਾਚ ਤਾਂ ਸਤਿਗੁਰਾਂ ਨੇ ਉਨ੍ਹਾਂ ਨੂੰ ਆਪ ਹੀ ਸਿਖਾਈ ਸੀ।** ਇੰਝ ਲਗਦਾ ਹੈ ਖਾਲਸਾ ਜੀ ਦੇ ਅੰਦਰੋਂ ਇਕ ਹੂਕ ਜਿਹੀ ਨਿਕਲੀ ਸੀ ਜੋ ਅੰਬਰਾਂ ਨੂੰ ਚੀਰ ਕੇ ਸਤਿਗੁਰਾਂ ਤਕ ਜਾ ਪੁੱਜੀ ਅਤੇ ਇਹ ਅਰਦਾਸ ਕਬੂਲ ਹੋਈ। ਸਤਿਗੁਰਾਂ ਨੇ ਹਰ ਮੈਦਾਨੇ ਖਾਲਸੇ ਦੀ ਰਖਿਆ ਕੀਤੀ, ਦੇਗ਼ ਅਤੇ ਤੇਗ਼ ਦੀ ਫਤਹਿ ਬਖਸ਼ੀ, ਅਤੇ ਅੰਤ, ਰਾਜ ਭਾਗ ਦੇ ਕੇ ਖਾਲਸੇ ਦੀ ਜੈ ਜੈ ਕਾਰ ਕਰਾਈ। ਖਾਲਸਾ ਜੀ ਕੇ ਬੋਲ ਬਾਲੇ ਹੋਏ। "ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਦੇਗ਼ ਤੇਗ਼ ਫਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਖਾਲਸਾ ਜੀ ਬੋਲ ਬਾਲੇ।" ਸਰਬਤ ਖਾਲਸੇ ਲਈ ਰਛਿਆ ਅਤੇ ਰਿਆਇਤ ਮੰਗੀ, ਭਾਵੇਂ ਖਾਲਸਾ ਕਿਤੇ ਵੀ ਵਸਦਾ ਹੋਵੇ। ਬਿਰਦ ਬਾਣੇ ਦੀ ਲਾਜ ਰੱਖਦੇ ਹੋਏ ਪਾਤਸ਼ਾਹ ਅਗੇ ਅਰਜ਼ੋਈ ਕੀਤੀ, ਕਿ ਖਾਲਸਾ ਪੰਥ ਦੀ ਜਿੱਤ ਹੋਵੇ, ਦੇਗ਼ ਤੇਗ਼ ਫਤਹਿ ਹੋਵੇ ਭਾਵ, ਲੰਗਰ ਮਸਤਾਨੇ ਨ ਹੋਣ, ਦੁਸ਼ਮਣਾਂ ਉੱਤੇ ਵੀ ਤੇਗ਼ ਚਲਦੀ ਰਵੇ। ਇਹ ਸਭ ਕਿਸ ਲਈ? ਹੇ ਪਾਤਸ਼ਾਹ ਤੇਰੇ ਖਾਲਸੇ ਨੂੰ ਅਣਖ ਨਾਲ ਜਿਉਣ ਲਈ। 1799 ਈ ਵਿਚ ਖਾਲਸੇ ਦਾ ਪੰਜਾਬ ਵਿਚ ਰਾਜ ਸਥਾਪਤ ਹੋ ਗਿਆ। ਇਉਂ ਖਾਲਸੇ ਦੀ ਗੁਰੂ ਪਾਤਸ਼ਾਹ ਅਗੇ ਕੀਤੀ ਹੋਈ ਅਰਦਾਸ ਪੂਰਨ ਹੋਈ। ਫਿਰ ਅਗਲੇ 40 ਸਾਲ ਜਿਥੇ ਜਿਥੇ ਵੀ ਖਾਲਸਾ ਜੀ ਨੇ ਚੜ੍ਹਾਈਆਂ ਕੀਤੀਆਂ ਉਥੇ ਉਥੇ ਖਾਲਸਈ ਨਿਸ਼ਾਨ ਸਾਹਿਬ ਝੁਲਾ ਦਿੱਤੇ। ਖਾਲਸਾ ਜੀ ਦੇ ਬੋਲ-ਬਾਲੇ ਹੋਏ। ਕੀ ਸਤਿਗੁਰੂ ਸਾਹਿਬਾਨ ਨੇ ਖਾਲਸੇ ਨੂੰ ਰਾਜ ਕਰਨ ਦੀ ਕਦੀ ਸਿਖਿਆ ਜਾਂ ਸਿਖਲਾਈ ਦਿਤੀ ਸੀ? ਕਦੀ ਨਹੀਂ! ਬਾਣੀ ਤਾਂ ਬੜੇ ਸਪਸ਼ਟ ਸ਼ਬਦਾਂ ਵਿਚ ਉਪਦੇਸ਼ ਦਿੰਦੀ ਹੈ

**ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥**
**ਨਵ ਖੰਡਨ ਕਉ ਰਾਜ ਕਮਾਵੈ ਅੰਤਿ ਚਲੈਗੋ ਹਾਰੀ॥੧॥੨॥**

*(ਟੋਡੀ ਮ: ੫, ਪੰਨਾ ੭੧੨)*

ਕਿਉਂਕਿ ਰਾਜ ਜਦੋਂ ਆ ਜਾਂਦਾ ਹੈ, ਤਾਂ ਹਰੀ ਪ੍ਰਭੂ ਵਿਸਰ ਜਾਂਦਾ ਹੈ- ਇਸ ਲਈ ਬਾਣੀ ਰਾਜ ਕਰਨ ਦਾ ਉਪਦੇਸ਼ ਨਹੀਂ ਦਿੰਦੀ।

**ਰਾਜ ਮਿਲਖ ਸਿਕਦਾਰੀਆਂ ਅਗਨੀ ਮਹਿ ਜਾਲੁ॥**

*(ਬਿਲਾਵਲ ਮ: ੫ ਪੰਨਾ-੮੧੧)*

ਖਾਲਸੇ ਨੂੰ ਜਦੋਂ 1799 ਈ: ਵਿਚ ਰਾਜ ਕਰਨ ਦਾ ਮੌਕਾ ਮਿਲਿਆ ਤਾਂ ਅਗਲੇ ਚਾਲੀ ਸਾਲ ਖਾਲਸੇ ਨੇ ਰਾਜ ਦੇ ਵਿਸਥਾਰ ਕਰਨ ਵਿਚ ਲਾਏ। ਜਮਰੌਦ ਤਕ ਖਾਲਸਈ ਨਿਸ਼ਾਨ ਝੁਲਾਏ। ਖਾਲਸੇ ਨੇ ਬਲੇ ਬਲੇ ਤਾਂ ਖੱਟੀ, ਪਰ ਉਸ ਵੇਲੇ ਤਕ ਖਾਲਸਈ ਰਹਿਤ ਰਹਿਣੀ ਦੀ ਪਰਪਕਤਾ ਤੋਂ ਖਾਲਸੇ ਨੇ ਕਾਂਪ ਖਾਂਦੀ। ਸਿੱਖ

ਮਹਾਰਾਜੇ ਦਾ ਅਤੇ ਸਿੱਖ ਸਰਦਾਰਾਂ ਦਾ ਉਚ ਆਚਰਣ ਨ ਰਿਹਾ। ਖਾਲਸੇ ਦੀ ਆਪੋ ਵਿਚ ਦੀ ਖਹਿਬਾਜ਼ੀ ਅਤੇ ਈਰਖਾ ਨੇ ਰਾਜ ਭਾਗ ਦਾ ਭੋਗ ਪਾ ਦਿੱਤਾ। ਅੰਗਰੇਜ਼ਾਂ ਨੇ 1850 ਤਕ ਖਾਲਸੇ ਤੋਂ ਰਾਜ ਖੋਹ ਲਿਆ, ਨਿਰਾ ਰਾਜ ਹੀ ਨਹੀਂ ਖੋਹਿਆ, ਖਾਲਸੇ ਨੂੰ ਸ਼ਸਤਰਹੀਣ ਭੀ ਕਰ ਦਿੱਤਾ। 1850 ਈ: ਤੋਂ 1913 ਤਕ ਖਾਲਸੇ ਨੂੰ ਕਿਰਪਾਨ ਨਹੀਂ ਪਾਉਣ ਦਿਤੀ। ਖਾਲਸੇ ਨੂੰ 1913 ਵਿਚ ਕਿਰਪਾਨ ਐਕਟ ਰਾਹੀਂ ਕਿਰਪਾਨ ਧਾਰਨ ਕਰਨ ਦੀ ਆਗਿਆ ਮਿਲੀ। ਇਸ ਲਈ ਭਾਰਤ ਦੇ ਮੌਜੂਦਾ ਸੰਵਿਧਾਨ ਵਿਚ ਖਾਲਸੇ ਨੇ ਕਿਰਪਾਨ ਧਾਰਨ ਕਰਨ ਦਾ ਸੰਵਿਧਾਨਿਕ ਅਧਿਕਾਰ ਰਾਖਵਾਂ ਕਰਵਾਇਆ। ਪਰ ਅੱਜ ਸਿੱਖਾਂ ਦੇ ਨੌਜਵਾਨ ਬਚੇ ਬੱਚੀਆਂ ਚਾਹੇ ਦੇਸ਼ ਵਿਚਲੇ ਜਾਂ ਵਿਦੇਸ਼ੀ ਵਸਦੇ, ਖਾਲਸੇ ਦੇ ਸ਼ਾਨਦਾਰ ਵਿਰਸੇ ਤੋਂ ਬਾਗ਼ੀ ਹੋ ਰਹੇ ਹਨ। ਕਾਰਣ ਭਾਵੇਂ ਕੁਝ ਵੀ ਹੋਵੇ, ਪੰਥ ਨੂੰ ਇਸ ਪਾਸੇ ਸੰਜੀਦਗੀ ਨਾਲ ਸੋਚਣਾ ਪਵੇਗਾ ਅਤੇ ਸੋਚਣਾ ਚਾਹੀਦਾ ਹੈ ਕਿ ਕੀ ਕਾਰਣ ਹੈ ਸਾਡੀ ਨੌਜਵਾਨ ਪੀੜ੍ਹੀ ਸਿੱਖੀ ਤੋਂ ਪਰੇ ਕਿਉਂ ਹੱਟ ਰਹੀ ਹੈ?

19ਵੀਂ ਸਦੀ ਵਿਚ ਰਾਜ ਪ੍ਰਾਪਤ ਕਰਕੇ ਖਾਲਸੇ ਨੇ ਜੋ ਕੁਝ ਖਟਿਆ ਉਸ ਤੋਂ ਵੱਧ ਗਵਾਇਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ ਵੱਡੇ ਵੱਡੇ ਸਰਦਾਰਾਂ ਦੀ ਆਪਸੀ ਲੜਾਈ ਨੇ ਬਾਬਾ ਬੀਰ ਸਿੰਘ ਵਰਗੀ ਸੰਤ ਮੂਰਤ ਨੂੰ ਭੀ ਤੋਪ ਦੇ ਗੋਲੇ ਨਾਲ ਉਡਾ ਦਿੱਤਾ। "ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ"। ਜਦੋਂ ਖਾਲਸਾ ਪੰਥ ਬਿਲਕੁਲ ਖ਼ਤਮ ਹੋਣ ਦੇ ਖਤਰਨਾਕ ਮੋੜ 'ਤੇ ਸੀ, ਉਦੋਂ ਬੋਲ-ਬਾਲੇ ਅਤੇ ਰਛਿਆ ਰਿਆਇਤ ਲਈ ਅਰਦਾਸ ਉਸ ਦੇ ਹਿਰਦੇ ਵਿਚੋਂ ਨਿਕਲੀ ਸੀ। ਪਰ ਜਦੋਂ ਖਾਲਸਾ ਪੰਥ ਧੜਿਆਂ ਵਿਚ ਹੀ ਵੰਡਿਆ ਗਿਆ ਅਤੇ ਇਕ ਦੂਜੇ ਨੂੰ ਖ਼ਤਮ ਕਰਨ ਉੱਤੇ ਤੁਲ ਗਿਆ ਤਾਂ ਸਤਿਗੁਰੂ ਜੀ ਇਕ ਪਾਸੇ ਖੜ੍ਹੇ ਹੋ ਕੇ ਖਾਲਸੇ ਦਾ ਤਮਾਸ਼ਾ ਨਾ ਵੇਖਦੇ ਤਾਂ ਕੀ ਕਰਦੇ? ਅਜ ਵੀ 20 ਵੀਂ ਸ਼ਤਾਬਦੀ ਦੇ ਅੰਤ ਵਿਚ ਖਾਲਸੇ ਦੇ ਤ੍ਰੈ-ਸ਼ਤਾਬਦੀ ਦੇ ਅਵਸਰ ਤੇ ਖਾਲਸਾ ਪੰਥ ਅਜੇ ਵੀ ਵੰਡਿਆ ਹੋਇਆ ਹੈ। ਗੁਆਂਢੀ ਕੌਮਾਂ ਖਾਲਸੇ ਨੂੰ ਝਗੜਦਿਆਂ ਵੇਖਕੇ ਮਖ਼ੌਲ ਉਡਾ ਰਹੀਆਂ ਹਨ।

ਖਾਲਸਾ ਸਾਜਨਾ ਦੀ 1799 ਈ: ਵਾਲੀ ਪਹਿਲੀ ਸ਼ਤਾਬਦੀ ਖਾਲਸੇ ਨੂੰ ਮੁਗਲਾਂ ਤੇ ਅਬਦਾਲੀ ਨੇ ਮਨਾਉਣ ਨ ਦਿੱਤੀ। 1899ਈ: ਦੀ ਦੂਜੀ ਸ਼ਤਾਬਦੀ ਸਮੇਂ ਅੰਗਰੇਜ਼ ਸਰਕਾਰ ਨਹੀਂ ਸੀ ਚਾਹੁੰਦੀ ਕਿ ਖਾਲਸਾ ਇਸ ਕਿਸਮ ਦਾ ਕੋਈ ਜਸ਼ਨ ਕਰੇ। ਉਦੋਂ ਭੀ ਤਾਂ ਖਾਲਸੇ ਦੇ ਦੋ ਧੜੇ ਬਣੇ ਹੋਏ ਸਨ-ਇਕ ਸਿੰਘ ਸਭਾ ਅੰਮ੍ਰਿਤਸਰ ਸੀ ਜਿਥੇ ਬ੍ਰਾਹਮਣਵਾਦੀ ਪਰੰਪਰਾ ਦਾ ਜ਼ਿਆਦਾ ਪ੍ਰਭਾਵ ਸੀ। ਬੇਦੀ ਖੇਮ ਸਿੰਘ ਆਪਣੇ ਆਪ ਨੂੰ ਬੇਦੀ ਸਾਹਿਬਜ਼ਾਦੇ ਹੋਣ ਵਜੋਂ ਸਿੱਖਾਂ ਦਾ ਗੁਰੂ ਅਖਵਾਉਣ ਵਿਚ ਸੰਕੋਚ ਨਹੀਂ ਸੀ ਕਰਦਾ। ਸ੍ਰੀ ਅਕਾਲ ਤਖ਼ਤ ਉੱਤੇ ਉਹ ਮੁਖੀ ਸੀ। ਉਸ ਨੇ ਸਿੰਘ ਸਭਾ ਲਾਹੌਰ ਦੇ ਅਗਾਂਹ ਵਧੂ, ਅਤੇ ਵਿਦਵਾਨ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਪੰਥ ਵਿਚੋਂ ਇਸੇ ਲਈ ਛੇਕਿਆ ਸੀ ਤਾਂ ਕਿ ਲਾਹੌਰ ਵਾਲੀ ਸਿੰਘ ਸਭਾ ਕਮਜ਼ੋਰ ਹੋ ਜਾਏ। ਐਸੇ ਪੰਥਕ ਵਾਦ ਵਿਵਾਦ ਵਿਚ ਦੂਜੀ ਸ਼ਤਾਬਦੀ ਦਾ ਮਨਾਉਣਾ ਕਿਸ ਦੀ ਸੋਚ ਵਿਚ ਆਉਂਦਾ। ਵੱਡੇ ਭਾਗਾਂ ਨਾਲ ਤੀਜੀ ਸ਼ਤਾਬਦੀ ਸਾਡੀ ਹਯਾਤੀ ਵਿਚ ਆਈ ਤਾਂ ਵੀ ਬਾਦਲ ਅਤੇ ਟੋਹੜੇ ਦੀ ਆਪਸੀ ਲੜਾਈ ਨੇ

ਪੰਥ ਵਿਚਲੀ ਫੁੱਟ ਨੂੰ ਖ਼ੂਬ ਉਛਾਲਿਆ। 20ਵੀਂ ਸਦੀ ਦੇ ਅੰਤ ਵਿਚ ਵੀ ਪੰਥ ਵਿਚ ਏਕਤਾ ਨਹੀਂ ਹੈ। ਸੰਤ ਸਮਾਜ ਵੀ ਦੋ-ਫਾੜ ਹੈ। ਭਾਵੇਂ ਅਕਾਲੀ ਪਾਰਟੀ ਦੀ ਸਰਕਾਰ ਨੇ ਆਪਣੇ ਵਲੋਂ ਪੂਰੀ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਬੜੇ ਸੁੰਦਰ ਢੰਗ ਨਾਲ ਤ੍ਰੈ-ਸ਼ਤਾਬਦੀ ਮਨਾਉਣ ਦਾ ਉਪਰਾਲਾ ਕੀਤਾ, ਪਰ ਉੱਥੇ ਟੋਹੜਾ ਅਤੇ ਰਣਜੀਤ ਸਿੰਘ ਨੇ ਵਖਰੀ ਸਟੇਜ ਲਗਾ ਕੇ ਸਾਰਾ ਮਜ਼ਾ ਕਿਰਕਿਰਾ ਕਰਨ ਦਾ ਜਸ ਖਟਿਆ। ਸ੍ਰੀ ਅੰਨਦਪੁਰ ਸਾਹਿਬ ਸਮੁੱਚੇ ਵਿਸ਼ਵ ਵਿਚ ਪਵਿਤਰ ਅਤੇ ਮਹਾਨ ਨਗਰ ਕਰਕੇ ਪ੍ਰਚਾਰਿਆ ਗਿਆ, ਨਿਸ਼ਾਨੇ-ਖਾਲਸਾ, ਖਾਲਸਾ ਹੈਰੀਟੇਜ ਅਤੇ ਖਾਲਸਾ ਮਿਊਜ਼ੀਅਮ ਵਰਗੇ ਪ੍ਰੋਜੈਕਟ ਖਾਲਸੇ ਦੀ ਸਿਰਜਨਾ ਦੀ ਸਦਾ ਯਾਦ ਤਾਜ਼ਾ ਕਰਨਗੇ। ਦਸਵੇਂ ਪਾਤਸ਼ਾਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ ਖਾਲਸੇ ਨੂੰ ਵੇਖ ਵੇਖ ਕੇ ਕਿਵੇਂ ਖ਼ੁਸ਼ ਹੁੰਦੇ? ਤ੍ਰੈ-ਸ਼ਤਾਬਦੀ ਦੇ ਮੌਕੇ ਦੋ ਸਟੇਜਾਂ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਭਾਸ਼ਣਾਂ ਵਿਚ ਇਕ ਦੂਜੇ ਦੀਆਂ ਕਮਜ਼ੋਰੀਆਂ ਨੂੰ ਲੋਕਾਂ ਸਾਹਮਣੇ ਰਖਿਆ ਗਿਆ, ਅਖ਼ਬਾਰਾਂ ਰਾਹੀਂ ਸਾਰੇ ਭਾਰਤ ਅਤੇ ਵਿਦੇਸ਼ਾਂ ਵਿਚ ਭੀ ਤ੍ਰੈ-ਸ਼ਤਾਬਦੀ ਦੇ ਮਹਾਨ ਅਵਸਰ ਸਮੇਂ ਖਾਲਸੇ ਜੀ ਦੀ ਕੀ ਤਸਵੀਰ ਬਣੀ ਹੋਵੇਗੀ? ਇਹ ਹੈ ਸਾਡਾ ਬੋਲ-ਬਾਲਾ?

1982-84 ਦੇ ਧਰਮ ਯੁੱਧ ਮੋਰਚੇ ਸਮੇਂ ਪੰਜਾਬ ਵਿਚ ਖਾੜਕੂਵਾਦ ਉਭਰਿਆ। ਉਨ੍ਹਾਂ ਬਾਗ਼ੀ ਹੋਏ ਨੌਜਵਾਨਾਂ ਨੇ ਭਾਵੇਂ ਆਪਣੇ ਵਲੋਂ ਪੰਥ ਦੇ ਭਲੇ ਲਈ ਕੁਝ ਕਰ ਗੁਜ਼ਰਨ ਲਈ ਕਮਰ-ਕੱਸੇ ਕੀਤੇ, ਪਰ ਇਸ ਲਹਿਰ ਨੂੰ ਤਾਰਪੀਡੋ ਕਰਨ ਲਈ ਐਸੇ ਨਕਲੀ ਸਿੱਖ ਉਨ੍ਹਾਂ ਨਾਲ ਆ ਰਲੇ ਜਿਨ੍ਹਾਂ ਦੇ ਗ਼ਲਤ ਕਿਸਮ ਦੇ ਕਾਰਨਾਮਿਆਂ-ਲੁੱਟਾਂ, ਖੋਹਾਂ, ਬਲਤਕਾਰ ਆਦਿ ਕਾਰਨ ਸਮੁੱਚੀ ਸਿੱਖ ਕੌਮ ਨੂੰ ਭਾਰਤ ਅਤੇ ਵਿਦੇਸ਼ਾਂ ਵਿਚ ਬਦਨਾਮ ਕੀਤਾ। ਹਾਲਾਤ ਐਸੇ ਵਿਗੜੇ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਮਗਰੋਂ ਭਾਰਤ ਦੇ ਕਈ ਨਗਰਾਂ ਵਿਚ ਸਿੱਖਾਂ ਦਾ ਕਤਲੇ-ਆਮ ਹੋਇਆ, ਜਿਸ ਤਰ੍ਹਾਂ ਕਦੀ ਮੁਗ਼ਲਾਂ ਵੇਲੇ ਹੁੰਦਾ ਸੀ। ਇਸ ਮੰਦਭਾਗੀ ਦਸ਼ਾ ਵਿਚੋਂ ਖਾਲਸਾ ਪੰਥ ਅਜੇ ਪੂਰੀ ਤਰ੍ਹਾਂ ਨਹੀਂ ਸੀ ਨਿਕਲਿਆ ਕਿ ਅਕਾਲੀ ਦਲ ਵਿਚ ਆਪਸੀ ਫੁੱਟ ਨੇ ਤ੍ਰੈ-ਸ਼ਤਾਬਦੀ ਜਸ਼ਨਾਂ ਦਾ ਮਜ਼ਾ ਕਿਰਕਿਰਾ ਕਰ ਦਿੱਤਾ। ਇਹ ਠੀਕ ਹੈ ਸਿੱਖ ਕੌਮ ਇਕ ਬਹਾਦਰ ਕੌਮ ਹੈ ਪਰ ਹੁਣ ਦੁਨੀਆਂ ਇਹ ਜਾਣਨ ਲੱਗ ਪਈ ਹੈ ਕਿ ਸਿੱਖ ਕੌਮ ਦੇ ਧਰਮ ਸਿਧਾਂਤ ਭਾਵੇਂ ਸਾਰੇ ਧਰਮਾਂ ਨਾਲੋਂ ਉਚੇ ਹਨ, ਪਰ ਸਿੱਖ ਜੇਕਰ ਆਪਣੇ ਗੁਰੂਆਂ ਦੀਆਂ ਸਿਖਿਆਵਾਂ ਉਤੇ ਚਲਦੇ ਹੁੰਦੇ ਤਾਂ ਸੱਚ ਮੁੱਚ ਇਸ ਧਰਤੀ ਉਤੇ ਖਾਲਸਈ ਨਿਸ਼ਾਨ ਝੂਲਦਾ ਹੁੰਦਾ। ਅਸੀਂ ਆਪਣਾ ਵਕਾਰ ਆਪ ਗਵਾਇਆ, ਆਪਣੀਆਂ ਗ਼ਲਤ ਕਰਤੂਤਾਂ ਕਰਕੇ, ਆਪਣੇ ਗ਼ਲਤ ਆਚਰਣ ਕਾਰਣ, ਅਤੇ ਆਪਣੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਨੂੰ ਪਿੱਠ ਦੇ ਕੇ ਅੱਜ ਅਸੀਂ ਕਿਸ ਮੂੰਹ ਨਾਲ ਖਾਲਸਾ ਜੀ ਕੇ ਬੋਲ-ਬਾਲੇ ਦੀ ਜਾਚਨਾ ਕਰਦੇ ਹਾਂ?

ਚੋਣਾਂ ਵਿਚ ਹੇਰਾ ਫੇਰੀਆਂ ਕਰਕੇ ਅਕਾਲੀ ਪਾਰਟੀ ਦੀ ਜਿੱਤ ਨੂੰ ਪੰਥ ਦੀ ਜਿੱਤ ਮੰਨਣਾ ਕੀ ਸਾਨੂੰ ਸ਼ੋਭਦਾ ਹੈ? ਹੋਰ ਤਾਂ ਹੋਰ ਇਕ ਧਾਰਮਿਕ ਸੰਸਥਾ ਸ਼੍ਰੋ: ਗੁ. ਪ੍ਰ. ਕਮੇਟੀ ਦੀਆਂ ਚੋਣਾਂ ਵਿਚ ਭੀ ਸ਼ਰਾਬ ਦੀ ਵਰਤੋਂ ਅਤੇ ਹੇਰਾ-ਫੇਰੀਆਂ ਖਾਲਸੇ

ਲਈ ਕਿਵੇਂ ਸੁਭਾਇਮਾਨ ਹੋ ਸਕਦੀਆਂ ਹਨ? ਅਕਾਲੀ ਸਰਕਾਰ ਹੁਣ ਤਕ ਲੋਕਾਂ ਨੂੰ ਸਾਫ਼ ਸੁਥਰਾ ਪ੍ਰਸ਼ਾਸ਼ਨ ਨਹੀਂ ਦੇ ਸਕੀ। ਸਿੱਖ ਧਰਮ ਅਤੇ ਸਿੱਖ ਸਿਆਸਤ ਨੂੰ ਰੱਲ ਗੱਡ ਕਰਨਾ ਸਾਡੀ ਸਭ ਤੋਂ ਵੱਡੀ ਭੁੱਲ ਹੈ। ਪਤਾ ਨਹੀਂ ਕਿਸੇ ਗ਼ੈਰ ਜ਼ਿੰਮੇਵਾਰ ਵਿਅਕਤੀ ਨੇ ਸਿੱਖ ਨੌਜਵਾਨਾਂ ਨੂੰ 1980-90 ਦੇ ਦਹਾਕੇ ਵਿਚ ਇਹ ਨਾਅਰਾ ਦੇ ਦਿੱਤਾ?

**ਰਾਜ ਬਿਨਾਂ ਨਹ ਧਰਮ ਚਲੈ ਹੈ॥ ਰਾਜ ਬਿਨਾਂ ਸਭ ਦਲੇ ਮਲੈ ਹੈ॥**

*(ਕਿਸੇ ਦੀ ਕਵਿਤਾ ਹੈ।*

ਅਤੇ ਪ੍ਰਚਾਰ ਇਹ ਕੀਤਾ ਗਿਆ ਕਿ ਇਹ ਦਸਵੇਂ ਪਾਤਸ਼ਾਹ ਦੀ ਬਾਣੀ ਹੈ। ਇਹ ਸਰਾਸਰ ਝੂਠ ਹੈ। ਜ਼ਰਾ ਆਪਣੇ ਇਤਿਹਾਸ ਉੱਤੇ ਪੰਛੀ-ਝਾਤ ਮਾਰ ਕੇ ਵੇਖੋ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਪਾਸ 239 ਸਾਲ ਦੇ ਸਮੇਂ ਵਿਚ ਕਿਹੜਾ ਰਾਜ ਸੀ, ਜਿਸ ਕਰਕੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਨੇ ਸਿੱਖਰਾਂ ਛੋਹ ਲਈਆਂ? ਅੱਜ ਇਸ ਨਾਅਰੇ ਨੂੰ ਬਦਲਣ ਦੀ ਲੋੜ ਹੈ ਕਿ **ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਅਧਰਮ** ਦੇ ਆਧਾਰ ਤੇ ਚਲਾਇਆ ਜਾਂਦਾ ਰਾਜ ਅਤਿ ਦਰਜੇ ਦਾ ਕੁਰਪੱਟ ਰਾਜ ਤਾਂ ਹੋ ਸਕਦਾ ਹੈ ਪਰ ਚੰਗਾ ਅਤੇ ਜਨਤਾ ਦੀ ਭਲਾਈ ਦਾ ਰਾਜ ਕਦੀ ਨਹੀਂ ਹੋ ਸਕਦਾ। ਸਚ ਤਾਂ ਇਹ ਹੈ:-

**ਧਰਮ ਬਿਨਾਂ ਨਹ ਰਾਜ ਚਲੈ ਹੈਂ॥ ਧਰਮ ਬਿਨਾਂ ਸਭ ਦਲੇ ਮਲੈ ਹੈਂ॥**

ਰਾਜ ਪ੍ਰਾਪਤੀ ਰਾਹੀਂ ਖਾਲਸੇ ਦੇ ਬੋਲ-ਬਾਲੇ ਨਹੀਂ ਹੋਣੇ, ਸਗੋਂ ਖਾਲਸਈ ਜੀਵਨ ਦੀਆਂ ਕਦਰਾਂ ਕੀਮਤਾਂ ਹੀ ਖਾਲਸੇ ਜੀ ਦੇ ਬੋਲ-ਬਾਲੇ ਦੇ ਜ਼ਾਮਨ ਬਣਨਗੇ। ਫਰੀਦ ਜੀ ਦੇ ਬੋਲ ਹਨ :-

**ਆਪੁ ਸਵਾਰਹਿ ਮੈ ਮਿਲਹਿ ਮੈਂ ਮਿਲਿਆ ਸੁਖੁ ਹੋਇ॥**
**ਫਰਦੀ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥੯੫॥**

*(ਸਲੋਕ ਫਰੀਦ ਜੀ ਪੰਨਾ ੧੩੮੨)*

◆◆◆

# 4. ਸਨੇਹੁੜੇ ਮਰਦ ਅੰਗਮੜੇ ਦੇ

ਖਾਲਸੇ ਦੀ ਤ੍ਰੈ-ਸ਼ਾਤਬਦੀ ਮਨਾਉਣ ਲਈ ਕਿਸੇ ਇਤਿਹਾਸਕ ਗੁਰ ਅਸਥਾਨ ਉੱਤੋਂ ਸੰਗਤ ਦਾ ਭਾਰੀ ਇਕੱਠ ਹੈ। ਸ੍ਰੀ ਆਸਾ ਕੀ ਵਾਰ ਦੇ ਕੀਰਤਨ ਦਾ ਭੋਗ ਪੈਣ ਵਾਲਾ ਸੀ। ਉਸ ਉਪਰੰਤ ਇਕ ਗੁਰਮੁਖ ਪਿਆਰੇ ਨੇ ਕਥਾ ਕਰਨੀ ਸੀ। ਉਹ ਗੁਰਮੁਖ ਸਜਣ ਸਾਧਾਰਣ ਜਿਹੇ ਸਫ਼ੈਦ ਕੱਪੜਿਆਂ ਵਿਚ ਸ਼ਾਇਦ ਪਹਿਲੀ ਵਾਰ ਇਥੇ ਸੰਗਤ ਦੇ ਦਰਸ਼ਨ ਕਰਨ ਆਇਆ ਸੀ। ਉੱਪਰ ਦੀ ਗਾਤਰੇ ਕਿਰਪਾਨ ਹੈ। ਨੀਲਾ ਦਸਤਾਰਾ ਹੈ। ਸੰਤ ਨਹੀਂ ਲੱਗਦਾ। ਨੈਨ ਮੁੰਦੇ ਹੋਏ ਹਨ। ਕਿਸੇ ਆਤਮ-ਖਿੜਾਉ ਵਿਚ ਟਿਕਿਆ ਹੋਇਆ ਹੈ। ਅੰਦਰਲੇ ਟਿਕਾਉ ਦਾ ਉਸਦੇ ਚਿਹਰੇ ਉਤੇ ਭੀ ਸੁਹਾਵਨਾ ਪ੍ਰਭਾਵ ਹੈ। ਆਪ, ਮਹਾਰਾਜ ਦੇ ਤਾਅਬੇ ਬੈਠੇ, ਸਹਿਜੇ ਸਹਿਜੇ ਚੌਰ ਕਰ ਰਹੇ ਸੀ।

ਕੀਰਤਨ ਦਾ ਭੋਗ ਪਿਆ। ਸਟੇਜ ਸਕੱਤਰ ਨੇ ਸੰਗਤ ਨੂੰ ਦੱਸਿਆ ਕਿ ਤਾਅਬੇ ਸਜੇ ਸਿੰਘ, ਭਾਈ ਗੁਰਬਚਨ ਸਿੰਘ ਕਲ ਰਾਤ ਹੀ ਇਥੇ ਪੁੱਜੇ ਸਨ। ਜਿਸ ਕਥਾ ਵਾਚਕ ਨੂੰ ਕਥਾ ਲਈ ਬਾਹਰੋਂ ਉਚੇਚੇ ਤੌਰ ਤੇ ਸਦਿਆ ਗਿਆ ਸੀ, ਉਹ ਕਿਸੇ ਕਾਰਣ ਨਹੀਂ ਆ ਸਕਿਆ। ਗੁਰੂ ਪਾਤਸ਼ਾਹ ਨੇ ਸਾਡੀ ਲਾਜ ਰਖ ਲਈ ਅਤੇ ਭਾ: ਗੁਰਬਚਨ ਸਿੰਘ ਨੂੰ ਇਥੇ ਭੇਜ ਦਿੱਤਾ। ਇਹ ਹੁਣ ਆਪ ਨੂੰ ਗੁਰੂ ਦੇ ਬਚਨਾਂ ਦੁਆਰਾ ਇਕ ਘੰਟੇ ਲਈ ਨਿਹਾਲ ਕਰਨਗੇ:-

ਉਸ ਵਕਤ ਤਕ ਗੁਰਦੁਆਰੇ ਸਾਹਿਬ ਦਾ ਹਾਲ ਖਚਾ ਖਚ ਭਰ ਚੁੱਕਾ ਸੀ। ਤਾਅਬੇ ਬੈਠੇ ਸਿੰਘ ਦੇ ਮਧੁਰ ਨੈਣ ਖੁਲੇ, ਬੜੀ ਧੀਮੀ ਪਰ ਪ੍ਰਭਾਵਸ਼ਾਲੀ ਸੁਰ ਵਿਚ ਭਾ: ਗੁਰਬਚਨ ਸਿੰਘ ਨੇ ਹੁਕਮ-ਨਾਮਾ ਲੈ ਕੇ ਸੰਗਤ ਨੂੰ ਫਤਹਿ ਗਜਾਈ। ਅਜੱ ਦਾ ਹੁਕਮ ਨਾਮਾ ਸੀ :-

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜੇ ਗੁਰ ਕੇ ਭਾਣੇ ਵਿਚਿ ਆਵੈ ॥**
**ਅਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**
**ਬਿਨੁ ਸਤਿਗੁਰੂ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥੧॥੬॥**

*(ਸੋਰਠਿ ਮ: ੩, ੬੦੨)*

"ਗੁਰੂ ਪਿਆਰੀ ਸਾਧ-ਸੰਗਤ ਜੀ,ਆਪ ਸਾਰੇ ਵੱਡੇ ਭਾਗਾਂ ਵਾਲੇ ਹੋ ਜੋ ਕੌਮ ਦੇ ਤਿੰਨ ਸੌ ਸਾਲਾ ਸਾਜਨਾ ਦਿਵਸ ਨੂੰ ਬੜੇ ਉਤਸ਼ਾਹ ਨਾਲ ਮਨਾਅ ਰਹੇ ਹੋ। ਅਜੱ ਗੁਰੂ ਮਹਾਰਾਜ ਨੇ ਇਸ ਮੁਬਾਰਿਕ ਅਵਸਰ ਤੇ ਜੋ ਹੁਕਮਨਾਮਾ ਬਖ਼ਸ਼ਸ਼ ਕੀਤਾ ਹੈ ਉਹ ਆਪ ਨੇ ਧਿਆਨ ਨਾਲ ਸਰਵਨ ਕਰ ਲਿਆ ਹੈ। ਮਹਾਰਾਜ ਨੇ ਅੱਜ ਦੇ ਜਸ਼ਨਾਂ ਦੇ ਸੰਦਰਭ ਵਿਚ ਜੋ ਬਚਨ ਕਹੇ ਹਨ, ਉਹ ਬੜੇ ਢੁਕਵੇਂ ਅਤੇ ਚਿਤਾਵਨੀ ਭਰੇ ਹਨ। ਉਸ ਸਿੱਖ ਨੂੰ ਮਹਾਰਾਜ ਸਖਾ (ਮਿਤਰ) ਅਤੇ ਭਰਾ (ਬੰਧਪ) ਸਮਝਦੇ ਹਨ ਜਿਹੜਾ ਸਿੱਖ ਗੁਰੂ ਦੇ ਉਪਦੇਸ਼ਾਂ ਅਨੁਸਾਰ ਆਪਣੇ ਜੀਵਨ ਨੂੰ ਢਾਲਦਾ ਹੈ। ਪਰ ਜਿਹੜਾ ਸਿੱਖ ਗੁਰ-ਉਪਦੇਸ਼ਾਂ ਤੋਂ ਉਲਟ ਆਪਣੀ ਮਨ-ਮਰਜ਼ੀ ਅਨੁਸਾਰ ਚਲਦਾ ਹੈ, ਉਸਦਾ ਗੁਰੂ ਨਾਲ ਰਿਸ਼ਤਾ ਟੁੱਟ ਜਾਂਦਾ ਹੈ। ਅਤੇ ਉਹ ਬੇਮੁੱਖ ਹੋ ਕੇ ਮਾਇਆ

ਦੀਆਂ ਭੁਲਭੁਲਈਆਂ ਵਿਚ ਪੈ ਕੇ ਦੁਖ ਭੋਗਦਾ ਹੈ ਅਤੇ ਮੁੜ ਮੁੜ ਪਛਤਾਉਂਦਾ ਹੈ।

"ਖਾਲਸਾ ਜੀ ਯਾਦ ਕਰੋ, ਗੁਰੂ ਨਾਨਕ ਸਾਹਿਬ ਨੇ ਜਦੋਂ ਪਹਿਲੀ ਵਾਰ ਰਾਵੀ ਪਾਰ ਸ੍ਰੀ ਕਰਤਾਰਪੁਰ ਦੀ ਧਰਮਸਾਲ ਤੋਂ ਆਵਾਜ਼ ਮਾਰੀ:-

**ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰਿ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥**

*(ਪੰਨਾ ੧੪੧੨)*

ਗੁਰੂ ਨੂੰ ਪਿਆਰ ਕਰਨ ਵਾਲੇ ਸਿੱਖਾਂ ਨੇ ਸੱਦ ਸੁਣਕੇ ਸ੍ਰੀ ਕਰਤਾਰਪੁਰ ਵਲ ਕਿਸੇ ਅਗੰਮੀ ਚਾਉ ਵਿਚ ਵਹੀਰਾਂ ਘਤੀਆਂ ਸਨ। ਉਥੇ ਪੁੱਜਕੇ ਆਪਣਾ ਤਨ, ਮਨ ਅਤੇ ਧਨ ਸਭ ਗੁਰੂ ਨੂੰ ਅਰਪਨ ਕਰਕੇ ਸਿੱਖੀ ਦੀ ਦਾਤ ਪ੍ਰਾਪਤ ਕੀਤੀ। ਗੁਰੂ ਦੇ ਉਪਦੇਸ਼ ਮੰਨ ਕੇ ਸਿੱਖਾਂ ਨੇ ਪੁਰਾਤਨ ਸਨਾਤਨੀ ਹਿੰਦੂ ਧਰਮ ਦੇ ਕੁਲ ਦੇ ਦੇਵੀ ਦੇਵਤਿਆਂ ਨੂੰ, ਕੁਲ ਦੀ ਜਾਤ-ਪਾਤ ਨੂੰ, ਕੁਲ ਦੇ ਪ੍ਰੋਹਿਤ ਦੇ ਦਸੇ ਕਰਮ-ਕਾਂਡ ਨੂੰ, ਕੁਲ ਦੇ ਪਿਤਰਾਂ ਦੀ ਪੂਜਾ ਆਦਿ ਨੂੰ ਤਿਆਗ ਕੇ ਕੇਵਲ ਗੁਰੂ ਦੇ ਉਪਦੇਸ਼ ਅਨੁਸਾਰ ਚਲਣ ਦਾ ਪ੍ਰਣ ਲਿਆ। ਵੇਦਾਂ ਸ਼ਾਸਤਰਾਂ, ਮਨੂੰ ਸਿਮ੍ਰਿਤੀ ਅਤੇ ਪੁਰਾਣਿਕ ਕਥਾ-ਕਹਾਣੀਆਂ ਨੂੰ ਛੱਡ ਕੇ ਸਿੱਖਾਂ ਨੇ ਸਤਿਗੁਰੂ ਦੇ ਬਚਨਾਂ ਦੀ ਓਟ ਲਈ। ਇਕ ਅਕਾਲਪੁਰਖ ਦੇ ਭਰੋਸੇ ਪ੍ਰੇਮ ਦੀਆਂ ਪੀਂਘਾਂ ਚੜ੍ਹਾਈਆਂ ਅਤੇ ਖ਼ੂਬ ਰਸਾਈਆਂ।"

"ਸਤਿਗੁਰਾਂ ਦੇ ਛੇਵੇਂ ਜਾਮੇ ਵਿੱਚ ਸਿੱਖ, ਗੁਰੂ ਹਰਿ ਗੋਬਿੰਦ ਸਾਹਿਬ ਦੀ ਸੱਦ ਸੁਣ ਕੇ ਸੀਸ ਤਲੀ ਤੇ ਰੱਖ ਅਤੇ ਸ਼ਸਤ੍ਰ ਬੱਧ ਹੋ ਸ੍ਰੀ ਅਕਾਲਤਖ਼ਤ ਉੱਤੇ ਪੁਜਕੇ ਅਗਲੇ ਹੁਕਮਾਂ ਲਈ ਹਾਜ਼ਰ ਹੋਏ। ਉਨ੍ਹਾਂ ਫਿਰ ਮੁਗ਼ਲ ਫੌਜਾਂ ਨਾਲ ਖ਼ੂਬ ਲੋਹਾ ਲਿਆ। ਕੌਮ ਵਿਚ ਸ੍ਵੈ-ਵਿਸ਼ਵਾਸ਼ ਪੈਦਾ ਹੋਇਆ। ਇਵੇਂ, ਸਿੱਖਾਂ ਨੇ ਦਸਵੇਂ ਪਾਤਸ਼ਾਹ ਦੀ ਕਮਾਨ ਹੇਠ ਭੰਗਾਣੀ ਆਦਿ ਵਿਖੇ ਪਹਾੜੀ ਰਾਜਿਆਂ ਵਿਰੁੱਧ ਭੀ ਯੁੱਧ ਜਿਤੇ। 1699 ਈ: ਦੀ ਵੈਸਾਖੀ ਦੇ ਅਵਸਰ ਤੇ ਸਤਿਗੁਰਾਂ ਨੇ ਸੀਸ-ਭੇਟ ਦਾ ਕੌਤਕ ਰਚਾਇਆ। ਜਿਹੜੇ ਪੰਜ ਸਿੱਖ ਸੀਸ ਭੇਟ ਲਈ ਹਾਜ਼ਰ ਹੋਏ ਉਹ ਸਦਾ ਲਈ ਗੁਰੂ ਕੇ ਪੰਜ ਪਿਆਰੇ ਬਣ ਗਏ। ਉਨ੍ਹਾਂ ਗੁਰੂ ਤੋਂ ਖੰਡੇ ਦੀ ਪਹੁਲ ਪਾਨ ਕੀਤੀ। ਫਿਰ ਸਤਿਗੁਰੂ ਜੀ ਨੇ ਉਨ੍ਹਾਂ ਪੰਜਾਂ ਤੋਂ ਆਪ ਅੰਮ੍ਰਿਤ ਛਕਿਆ। ਇਉਂ ਉਨ੍ਹਾਂ ਤੋਂ ਫਿਰ ਪੰਜ ਪਿਆਰਿਆਂ ਦੀ ਮਰਯਾਦਾ ਤੋਰੀ ਗਈ। ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਸੰਗਤ ਨੂੰ 'ਖਾਲਸਾ' ਦਾ ਨਾਮ ਦਿੱਤਾ ਗਿਆ ਜਿਸ ਦੇ ਅਰਥ ਹਨ,'ਖਾਲਸਾ ਕੇਵਲ ਗੁਰੂ ਕਾ' ਹੈ। ਗੁਰੂ ਨਾਨਕ ਸਾਹਿਬ ਤੋਂ ਚਰਨ-ਪਹੁਲ ਦੀ ਮਰਯਾਦਾ ਤੁਰੀ ਆਉਂਦੀ ਸੀ, ਪਰ ਕਿਉਂਕਿ ਅੰਮ੍ਰਿਤ ਛਕਾਉਣ ਦੀ ਜ਼ਿੰਮੇਵਾਰੀ ਗੁਰੂ ਦੇਵ ਨੇ ਹੁਣ ਖਾਲਸੇ ਨੂੰ ਸੌਂਪਣੀ ਸੀ, ਇਸ ਲਈ ਪੰਜ ਸਿੰਘਾਂ ਦੁਆਰਾ ਖੰਡੇ-ਬਾਟੇ ਦੀ ਪਹੁਲ ਦੀ ਮਰਯਾਦਾ ਆਪਣੇ-ਹੱਥੀਂ ਤੋਰੀ। ਇਉਂ ਦਸਵੇਂ ਪਾਤਸ਼ਾਹ ਨੇ ਖਾਲਸਾ ਨੂੰ (Spiritual democarcy) ਅਧਿਆਤਮਕ ਲੋਕ-ਤੰਤਰਿਕ ਪ੍ਰਣਾਲੀ ਬਖਸ਼ਸ਼ ਕੀਤੀ। ਪੰਚ-ਪਰਧਾਨੀ ਪ੍ਰੰਪਰਾ ਕਾਇਮ ਕਰਨਾ ਮਰਦ ਅੰਗਮੜੇ ਦਾ ਇਕ

ਅਗੰਮੀ ਕੌਤਕ ਹੈ।

ਉਸ ਦਿਨ ਤੋਂ ਮਗਰੋਂ ਖਾਲਸਾ ਗੁਰੂ ਦਾ ਰੂਪ ਹੋ ਨਿਬੜਿਆ। ਗੁਰੂ ਆਸ਼ੇ ਅਨੁਸਾਰ ਜ਼ੁਲਮ ਨੂੰ ਜੜ੍ਹੋਂ ਖਤਮ ਕਰਨ ਲਈ ਖਾਲਸੇ ਨੇ ਅਗਲੇ ਸੌ ਸਾਲ ਖ਼ੂਬ ਤੇਗ਼ ਵਹਾਈ ਜਿਸ ਦੇ ਫਲਸਰੂਪ ਗੁਰੂ ਪਾਤਸ਼ਾਹ ਨੇ ਖਾਲਸੇ ਨੂੰ ਪੰਜਾਬ ਦੇਸ਼ ਉਤੇ ਰਾਜ ਕਰਨ ਦਾ ਮੌਕਾ ਦਿਤਾ। ਪਰ ਰਾਜ ਨੇ ਖਾਲਸੇ ਨੂੰ ਜਗੀਰਾਂ ਅਤੇ ਸਰਦਾਰੀਆਂ ਵਿਚ ਉਲਝਾਅ ਲਿਆ। ਵੱਡੇ ਵੱਡੇ ਸਰਦਾਰਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਘਰਾਣੇ ਵਿਚੋਂ ਹੌਲੀ ਹੌਲੀ ਖਾਲਸਈ ਤੱਤ ਮਧਮ ਪੈਂਦੇ ਗਏ। ਸਰਦਾਰੀਆਂ ਨੇ ਖਾਲਸੇ ਦੀ ਮਨ ਦੀ ਨਿਮਰਤਾ ਅਤੇ ਗਰੀਬੀ ਨੂੰ ਖ਼ਤਮ ਕਰ ਦਿੱਤਾ। ਅਗੇ ਤਾਂ ਖਾਲਸੇ ਦੇ ਨਾਮ ਨਾਲ ਭਾਈ ਸ਼ਬਦ ਜੋੜਿਆ ਜਾਂਦਾ ਸੀ, ਜਿਵੇਂ ਭਾਈ ਬਿੱਧੀ ਚੰਦ, ਭਾਈ ਧਰਮ ਸਿੰਘ ਆਦਿ, ਪਰ ਰਾਜ ਮਿਲਣ ਮਗਰੋਂ ਉਹ ਬਾਗੜੀਆਂ ਵਾਲੇ, ਜਾਂ ਸੰਧਾਂ ਵਾਲੇ ਸਰਦਾਰ ਆਦਿ ਬਣ ਬੈਠੇ। ਇਨ੍ਹਾਂ ਸਰਦਾਰੀਆਂ ਨੇ ਖਾਲਸੇ ਨੂੰ ਮੁੜ ਕੇ ਬ੍ਰਹਮਣੀ ਕਰਮ-ਕਾਂਡ ਦੇ ਚਕਰ-ਵਿਊ ਵਿਚ ਐਸਾ ਜਾ ਫਸਾਇਆ ਕਿ ਉਹ ਹੁਣ ਤਕ ਪੂਰੀ ਤਰ੍ਹਾਂ ਸੰਭਲ ਨਹੀਂ ਪਾਇਆ।

ਆਉ ਖਾਲਸਾ ਜੀ ਦੀ ਤੀਜੀ-ਸਾਜਨਾ-ਸ਼ਤਾਬਦੀ ਦੇ ਅਵਸਰ ਤੇ ਖਾਲਸੇ ਦੇ ਜੀਵਨ ਉੱਤੇ ਝਾਤ ਮਾਰ ਕੇ ਵੇਖੀਏ, ਕੀ ਗੁਰੂ ਕਾ ਸਿੱਖ ਗੁਰੂ ਆਸ਼ੇ ਅਨੁਸਾਰ ਚਲ ਰਿਹਾ ਹੈ ਜਾਂ ਆਪਣੀ ਮਨ ਮਰਜ਼ੀ ਅਨੁਸਾਰ? ਸਾਧ-ਸੰਗਤ ਜੀ, ਸਿੱਖ ਇਤਿਹਾਸ ਜੀ ਖੋਜ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ (1604ਈ) ਤੋਂ ਮਗਰੋਂ ਗੁਰੂ ਸਾਹਿਬਾਨ ਦੇ ਹੁੰਦਿਆਂ ਕਦੀ ਕੋਈ ਅਖੰਡ ਪਾਠ ਨਹੀਂ ਹੋਇਆ। ਅੱਜ 'ਸੰਤਾਂ ਮਹਾਂਪੁਰਖਾਂ' ਦੇ ਡੇਰਿਆਂ ਵਿਚ ਜਾ ਕੇ ਵੇਖੋ ਮਾਇਆ ਲੈ ਕੇ 30 ਤੋਂ 50 ਬੀੜਾਂ ਇਕੋ ਥਾਂ ਪ੍ਰਕਾਸ਼ ਕਰਕੇ ਉਨ੍ਹਾਂ ਉਤੇ ਅਖੰਡ ਪਾਠ ਚਲਾਏ ਜਾਂਦੇ ਹਨ। ਇਕ ਪਾਠੀ ਪਾਠ ਕਰਦਾ ਹੈ ਬਾਕੀ ਦੇ ਸੁਣਦੇ ਹਨ ਤੇ ਵਾਰੋ ਵਾਰੀ ਪਾਠ ਕਰਦੇ ਦੇਖੇ ਜਾਂਦੇ ਹਨ। ਇਹ ਬਾਣੀ ਦੀ ਘੋਰ ਬੇਅਦਬੀ ਹੈ। ਇਸੇ ਤਰ੍ਹਾਂ ਕਈ ਮਹਾਂਪੁਰਖਾਂ ਨੇ "ਕਿਸੇ ਸਿੱਧ ਕੀਤੇ ਗੁਰਵਾਕ ਜਾਂ ਪੂਰੇ ਸ਼ਬਦ ਨੂੰ ਹਰ ਮੰਗਲਾ ਚਰਨ ਦੇ ਪੜਾਅ ਉੱਤੇ ਪਾਠੀ ਨੂੰ ਉਸਦਾ ਪਾਠ ਪਹਿਲਾਂ ਕਰਕੇ ਫਿਰ ਚਲਦੇ ਪਾਠ ਨੂੰ ਕਰਨ ਦੀ ਹਿਦਾਇਤ ਹੁੰਦੀ ਹੈ। ਇਸ ਨੂੰ ਸੰਪਟ ਪਾਠ ਦਾ ਨਾਮ ਦਿੱਤਾ ਗਿਆ ਹੈ। ਇਸ ਪਾਠ ਲਈ 15 ਪਾਠੀ ਕਈ ਦਿਨਾਂ ਤਕ ਪਾਠ ਰਖਾਣ ਵਾਲੇ ਪ੍ਰੇਮੀ ਦੇ ਘਰ ਡੇਰਾ ਲਾਈ ਰਖਦੇ ਹਨ। ਪਾਠੀਆਂ ਲਈ ਮਾਇਆ ਅਤੇ ਬਸਤਰ ਭੀ ਲਾਜ਼ਮੀ ਹੁੰਦੇ ਹਨ। ਕਈਆਂ ਨੂੰ ਸੰਪਟ ਦੇ ਅਰਥ ਹੀ ਨਹੀਂ ਪਤਾ। ਪਰ ਸੰਪਟ ਪਾਠ ਕਰਾਕੇ ਸਮਾਜ ਵਿਚ ਵਾਹ ਵਾਹ ਲੈ ਕੇ ਉਨ੍ਹਾਂ ਦੀ ਤੱਸਲੀ ਹੋ ਜਾਂਦੀ ਹੈ।

ਪਿਆਰਿਓ ਜ਼ਰਾ ਸੋਚੋ, ਕੀ ਗੁਰੂ ਸਾਹਿਬ ਨੇ ਸਾਨੂੰ ਬਾਣੀ ਦੇ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਖ਼ਸ਼ਿਸ਼ ਇਸ ਲਈ ਕੀਤੀ ਸੀ ਕਿ ਅਸੀਂ ਇਸ ਦੇ ਪਾਠਾਂ ਦੇ ਕਈ ਤਰੀਕਿਆਂ ਦੀਆਂ ਕਾਢਾਂ ਕੱਢ ਕੇ ਵਪਾਰੀਕਰਨ ਕਰੀਏ? ਨਹੀਂ ਨਹੀਂ, ਇਹ ਸਰਾ-ਸਰ ਗ਼ਲਤ ਹੋ ਰਿਹਾ ਹੈ। ਪੰਡਤਾਂ ਵਲੋਂ ਰਾਮਾਇਣ ਦੇ ਅਖੰਡ ਪਾਠ ਜਾਂ ਵੇਦ ਮੰਤ੍ਰਾਂ ਦੇ ਅਖੰਡ ਜਾਪ ਵਾਲੀ ਨਕਲ ਖਾਲਸੇ ਪੰਥ ਵਿਚ ਭੀ

ਬਿਪਰਨ ਨੂੰ ਦੇਖ ਕੇ ਆ ਵੜੀ ਹੈ। ਸਿੱਖ ਪੰਥ ਵਿਚ ਹੁਣ ਹਰ ਵੱਡੇ ਛੋਟੇ ਗੁਰਦੁਆਰਿਆਂ ਵਿਚ, ਸ਼੍ਰੋਮਣੀ ਕਮੇਟੀ ਦੇ ਸਾਰੇ ਇਤਿਹਾਸਿਕ ਗੁਰਦੁਆਰਿਆਂ ਵਿਚ, ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲਤਖ਼ਤ ਸਾਹਿਬ ਉਪਰ ਭੀ ਅਖੰਡਪਾਠਾਂ ਦਾ ਨਿਰੰਤਰ ਸਿਲਸਿਲਾ ਜਾਰੀ ਰਹਿੰਦਾ ਹੈ। ਇਸਦਾ ਹੋਰ ਕੋਈ ਔਚਿਤਯ ਨਜ਼ਰ ਨਹੀਂ ਆਉਂਦਾ ਸਿਵਾਏ ਇਸਦੇ ਕਿ ਹਰ ਗੁਰਦੁਆਰਾ ਕਮੇਟੀ ਅਤੇ ਸ਼ੋ:ਗੁ: ਪ੍ਰਬੰਧਕ ਕਮੇਟੀ ਇਨ੍ਹਾਂ ਪਾਠਾਂ ਨੂੰ ਆਮਦਨ ਦਾ ਸਭ ਤੋਂ ਵੱਡਾ ਜ਼ਰੀਆਂ ਮੰਨਦੀ ਹੈ। ਪੈਸਿਆਂ ਖਾਤਰ ਅਸੀਂ ਆਪਣੇ ਸਰਬੋਤਮ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭੀ ਨਹੀਂ ਬਖ਼ਸ਼ਿਆ। ਪ੍ਰਗਟ ਗੁਰਾਂ ਦੀ ਦੇਹ ਨੂੰ ਅਸੀਂ ਕਦੀ ਆਰਾਮ ਨਾਲ ਬਿਸਰਾਮ ਕਰਨ ਦਾ ਵਕਤ ਤਕ ਨਹੀਂ ਦਿੰਦੇ? ਪਾਠਾਂ ਦੀ ਮਰਯਾਦਾ ਨੇ ਪਾਠੀ ਵਰਗ ਨੂੰ ਜਨਮ ਦਿੱਤਾ। ਕਦੀ ਉਨ੍ਹਾਂ ਦੇ ਨੇੜੇ ਬੈਠ ਕੇ ਪਾਠ ਸੁਣਕੇ ਵੇਖੋ ਉਹਨਾਂ ਦੇ ਪਾਠ ਦਾ ਉਚਾਰਣ ਗਲਤ ਹੁੰਦਾ ਹੈ। ਇਸਦਾ ਵੱਡਾ ਕਾਰਣ ਇਹ ਹੈ ਕਿ ਪੰਜ ਜਮਾਤਾਂ ਜਾਂ ਅੱਠ ਜਮਾਤਾਂ ਪਾਸ ਲੜਕੇ ਨੂੰ ਪਾਠ ਕਰਨ ਵਿਚ ਲਗਾ ਦਿੱਤਾ ਜਾਂਦਾ ਹੈ ਜਿਸ ਨੂੰ ਨਾ ਤਾਂ ਕਿਸੇ ਤੋਂ ਸਹੀ ਪਾਠ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਨਾ ਹੀ ਉਸ ਨੂੰ ਗੁਰਬਾਣੀ ਵਿਆਕਰਣ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਜਿਨ੍ਹਾਂ ਦੇ ਘਰ ਪਾਠ ਰੱਖਿਆ ਜਾਂਦਾ ਹੈ, ਉਹ ਆਪ ਮਹਾਰਾਜ ਦੀ ਹਜ਼ੂਰੀ ਵਿਚ ਪਾਠ ਸਰਵਨ ਨਹੀਂ ਕਰਦੇ, ਉਹ ਉਪਰਲੀ ਸੇਵਾ ਵਿਚ ਰੁਝੇ ਰਹਿੰਦੇ ਹਨ। ਗਜ਼ਬ ਇਹ ਹੈ ਕਿ ਅਸੀਂ ਗੁਰੂ ਸਾਹਿਬ ਨੂੰ ਅਖੰਡ ਵਖਿਆਨ ਦੇਣ ਲਈ ਲਗਾ ਦਿੰਦੇ ਹਾਂ ਪਰ ਉਸ ਪਵਿਤਰ ਵਖਿਆਨ ਨੂੰ ਸੁਣਨ ਵਾਲਾ ਉਥੇ ਕੋਈ ਨਹੀਂ ਹੁੰਦਾ। ਕੀ ਇਹ ਮਹਾਰਾਜ ਨਾਲ ਮਜ਼ਾਕ ਕਰਨਾ ਨਹੀਂ? ਪੰਥ ਇਸ ਉੱਤੇ ਵਿਚਾਰ ਕਰੇ। ਮਹਾਰਾਜ ਪ੍ਰਤੱਖ ਬੋਲ ਰਹੇ ਹੁੰਦੇ ਹਨ ਤੇ ਸਿੱਖ ਸੰਗਤਾਂ ਸੁਣਨ ਲਈ ਨਹੀਂ ਬਹੁੜਦੀਆਂ। ਇਹ ਕੀ ਹੋ ਰਿਹਾ ਹੈ? ਆਪਣੇ ਸੌੜੇ ਹਿਤਾਂ ਲਈ ਅਸੀਂ ਗੁਰੂ ਮਹਾਰਾਜ ਨੂੰ ਬੜੇ ਗਲਤ ਤਰੀਕੇ ਨਾਲ ਵਰਤ ਰਹੇ ਹਾਂ।

ਜੇਕਰ ਰੱਬੀ ਬਾਣੀ ਪੜ੍ਹਨ ਜਾਂ ਸੁਣਨ ਦਾ ਮਨ ਵਿਚ ਚਾਉ ਹੈ ਤਾਂ ਪੂਰਨ ਸਤਿਕਾਰ ਸਹਿਤ ਭੈ-ਭਾਵਨੀ ਵਿਚ ਰਹਿੰਦੀਆਂ ਸਤਸੰਗੀਆਂ ਨਾਲ ਰਲ ਮਿਲ ਕੇ ਪਾਠ ਕਰੋ ਅਤੇ ਸੁਣੋ। ਪਾਠੀ ਵਰਗ ਭਾਰਤ ਦੇ ਪੁਜਾਰੀ ਵਰਗ ਵਾਂਙ ਭੈ-ਭਾਵਨੀ ਤੋਂ ਰਹਿਤ ਹੋ ਚੁੱਕਾ ਹੈ। ਉਨ੍ਹਾਂ ਨੂੰ ਪਾਠ ਕਰਕੇ ਪੈਸੇ ਲੈਣ ਨਾਲ ਮਤਲਬ ਹੁੰਦਾ ਹੈ। ਉਨ੍ਹਾਂ ਨੂੰ ਗੁਰੂ ਮਹਾਰਾਜ ਦੇ ਅਦਬ ਸਤਿਕਾਰ ਨਾਲ ਕੀ? ਉਨ੍ਹਾਂ ਪਾਠ ਨੂੰ ਵਸਤੂ ਸਮਝਿਆ ਹੋਇਆ ਹੈ ਜਿਸਨੂੰ ਉਹ ਵੇਚ ਕੇ ਜੀਵਨ ਨਿਰਵਾਹ ਕਰਦੇ ਹਨ। ਬੇ-ਅਦਬੀ ਦਾ ਪਾਪ ਪਾਠ ਕਰਾਉਣ ਵਾਲਿਆਂ ਦੇ ਸਿਰ ਚੜ੍ਹਦਾ ਹੈ। ਇਸ ਲਈ ਜੇ ਪਾਠ ਕਰਨਾ ਹੈ, ਬੇਹਤਰ ਹੋਵੇਗਾ ਜੇਕਰ ਸਹਿਜ ਪਾਠ ਆਪ ਹੀ ਕਰੋ। **ਪਾਠ ਕੋਈ ਕਰੇ ਤੇ ਫਲ ਕਿਸੇ ਹੋਰ ਨੂੰ ਮਿਲੇ ਇਹ ਰੀਤ ਬ੍ਰਹਮਣੀ ਕਲਚਰ ਵਿਚ ਤਾਂ ਹੈ** ਪਰ ਗੁਰੂ ਘਰ ਵਿਚ ਇਸ ਦਾ ਕੋਈ ਥਾਂ ਨਹੀਂ। ਗੁਰੂ ਸਾਹਿਬ ਨੇ ਮਸੰਦ ਪ੍ਰਥਾ ਇਸੇ ਲਈ ਖਤਮ ਕੀਤੀ ਸੀ ਕਿਉਂਕਿ ਉਨ੍ਹਾਂ ਵਿਚ ਗੁਰੂ ਪ੍ਰਤੀ ਭੈ-ਭਾਵਨੀ ਖਤਮ ਹੋ ਚੁੱਕੀ ਸੀ।

ਬਾਣੀ ਦੇ ਕਈ ਪ੍ਰਕਾਰੀ ਪਾਠਾਂ ਦਾ ਰਿਵਾਜ ਡੇਰਿਆਂ ਤੋਂ ਉਦੋਂ ਚਲਿਆ

ਜਾਪਦਾ ਹੈ ਜਦੋਂ 18ਵੀਂ ਸ਼ਤਾਬਦੀ ਵਿਚ ਸਿੱਖਾਂ ਨੂੰ ਮੁਗ਼ਲ ਸਰਕਾਰ ਦੀ ਸਖ਼ਤੀ ਕਾਰਣ ਘਰ-ਘਾਟ ਛੱਡ ਕੇ ਜੰਗਲ-ਬੇਲਿਆਂ ਵਿਚ ਗੁਪਤ ਵਿਚਰਨਾ ਪਿਆ। ਉਦੋਂ ਹੀ ਨਿਰਮਲੇ ਸਾਧਾਂ ਜਾਂ ਉਦਾਸੀਆਂ ਨੇ ਮੈਦਾਨ ਖਾਲੀ ਵੇਖ ਕੇ "ਗੁਰਮਤਿ ਦਾ ਪ੍ਰਚਾਰ" ਕਰਨ ਲਈ ਡੇਰੇ ਬਣਾਏ। "ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ" ਪੁਸਤਕ ਵਿਚ ਡਾ: ਤਾਰਨ ਸਿੰਘ ਨੇ ਬੜੀ ਮਿਹਨਤ ਨਾਲ ਖੋਜ ਕਰਕੇ ਦਸਿਆ ਹੈ ਕਿ ਇਨ੍ਹਾਂ ਸਾਧਾਂ ਨੇ ਗੁਰਬਾਣੀ ਦੀ ਵਿਆਖਿਆ ਗੁਰੂ ਆਸ਼ੇ ਅਨੁਸਾਰ ਨਾ ਕਰਕੇ ਪੁਰਾਤਨ ਵੇਦ-ਸ਼ਾਸਤਰੀ ਢੰਗ ਨਾਲ ਕਰਨ ਦਾ ਜਤਨ ਕੀਤੈ। ਇਸਦਾ ਪ੍ਰਤੱਖ ਪ੍ਰਮਾਣ ਫਰੀਦ ਕੋਟੀ ਟੀਕਾ ਹੈ ਜਿਸ ਨੂੰ ਗਿਆਨੀ ਬਦਨ ਸਿੰਘ ਨੇ ਨਿਰਮਲੇ ਸਾਧਾਂ ਦੀ ਮੰਡਲੀ ਦੀ ਅਗਵਾਈ ਹੇਠ ਤਿਆਰ ਕੀਤਾ। ਇਹ ਟੀਕਾ 1895 ਈ: ਵਿਚ ਮਹਾਰਾਜਾ ਫਰੀਦ ਕੋਟ ਨੇ ਪ੍ਰਕਾਸ਼ਿਤ ਕੀਤਾ।

ਇਸੇ ਤਰ੍ਹਾਂ ਕਵੀ ਭਾ: ਸੰਤੋਖ ਸਿੰਘ ਜੀ ਇਕ ਨਿਰਮਲੇ ਵਿਦਵਾਨ ਸਨ ਅਤੇ ਨਿਰਮਲੇ ਵਿਦਵਾਨ ਪਾਸੋਂ ਪੜ੍ਹੇ ਸਨ। ਇਹੋ ਨਿਰਮਲੇ ਸਾਧ ਹੀ ਗੁਰਮਤਿ ਦੇ ਉਨੀ ਦਿਨੀਂ ਮਹਾਨ ਵਿਦਵਾਨ ਮੰਨੇ ਜਾਂਦੇ ਸਨ। ਜਿਨ੍ਹਾਂ ਤੋਂ ਗਿਆਨੀ ਸੁੰਦਰ ਸਿੰਘ ਭਿੰਡਰਾਂ ਜੱਥੇ ਦੇ ਮੁੱਖੀ ਭੀ ਪੜ੍ਹੇ ਅਤੇ ਅਗੋਂ ਭਿੰਡਰਾਂ ਜੱਥਾ ਉਨ੍ਹਾਂ ਪੁਰਾਤਨ ਲੀਹਾਂ ਤੇ ਕਥਾ ਕਰਨ ਲਈ ਚਲਿਆ। ਕਵੀ ਸੰਤੋਖ ਸਿੰਘ ਨੇ ਜੋ ਗੁਰੂ ਇਤਿਹਾਸ ਲਿਖਿਆ ਹੈ ਉਸ ਉਤੇ ਅਜ ਇਸ ਲਈ ਕਿੰਤੂ ਹੋ ਰਿਹਾ ਹੈ ਕਿਉਂਕਿ ਉਸ ਨੇ ਭੀ ਕੈਂਥਲ ਦਰਬਾਰ ਦੇ ਵਿਦਵਾਨ ਬ੍ਰਹਮਣਾਂ ਦੀ ਸਲਾਹ ਅਨੁਸਾਰ ਗੁਰ ਇਤਿਹਾਸ ਵਿਚ ਮਿਥਿਹਾਸ ਦੀ ਮਿਲਾਵਟ ਕੀਤੀ। ਡਾ: ਭਾ: ਵੀਰ ਸਿੰਘ ਜੀ ਨੇ ਜਦੋਂ ਉਨ੍ਹਾਂ ਦੇ ਸੂਰਜ ਪ੍ਰਕਾਸ਼ ਗ੍ਰੰਥ ਦੀ ਖੋਜ ਕੀਤੀ ਤਾਂ ਇਹ ਗੱਲ ਸਪਸ਼ਟ ਰੂਪ ਵਿਚ ਸਾਹਮਣੇ ਆਈ। ਇਨ੍ਹਾਂ ਦੇ ਪ੍ਰਚਾਰ ਦਾ ਖਾਲਸਾ ਪੰਥ ਉਤੇ ਅਸਰ ਇਹ ਹੋਇਆ ਕਿ ਬੜੇ ਲੁਕਵੇਂ ਢੰਗ ਨਾਲ ਬਿਪਰਨ ਦੀਆਂ ਰੀਤਾਂ ਗੁਰੂ ਘਰ ਵਿਚ ਆ ਵੜੀਆਂ ਜਿੰਨਾਂ ਨੂੰ ਕਢਣਾ ਮੁਸ਼ਕਿਲ ਹੋ ਰਿਹਾ ਹੈ। ਸੰਗਰਾਂਦ, ਪੰਚਮੀ ਜਾਂ ਮਸਿਆ ਦੇ ਇਸ਼ਨਾਨਾਂ ਨੂੰ ਮਨੋਰਥ ਸਿੱਧੀ ਦਾ ਸਾਧਨ ਮੰਨਣਾ ਭੁੱਲ ਹੈ। **ਪੂਰਨਮਾਸ਼ੀ ਦੇ ਵਰਤ, ਕਰਵਾ ਚੌਥ** ਅਤੇ **ਨਿਮਾਣੀ-ਇਕਾਦਸੀ** ਦੇ ਵਰਤ ਸਿੱਖ ਪਰਿਵਾਰਾਂ ਵਿਚ ਅਜ ਵੀ ਰਖੇ ਜਾਂਦੇ ਹਨ ਜੋ ਗੁਰਮਤਿ ਆਸ਼ੇ ਦੇ ਉਲੱਟ ਹਨ। ਗੁਰੂ ਨਾਨਕ ਸਾਹਿਬ ਲਈ ਹਰ ਸਾਲ ਸਿੱਖਾਂ ਦੇ ਘਰਾਂ ਵਿਚ ਸਰਾਧ ਰਖਿਆ ਜਾਂਦਾ ਹੈ ਪਰ ਪ੍ਰਸ਼ਾਦਾ ਬ੍ਰਹਮਣ ਦੀ ਥਾਂ ਕਿਸੇ ਸਿੰਘ ਨੂੰ ਛਕਾਇਆ ਜਾਂਦਾ ਹੈ ਇਹ ਭੀ ਮਨਮਤਿ ਹੈ। ਮਹਾਰਾਜ ਦਾ ਸਪਸ਼ਟ ਹੁਕਮ ਹੈ-

**ਬਰਤ ਨੇਮ ਸੰਜਮ ਮਹਿ ਰਹਿਤਾ ਤਿਨ ਕਾ ਆਢ ਨ ਪਾਇਆ॥**
**ਆਗੈ ਚਲਣੁ ਅਉਰ ਹੈ ਭਾਈ ਊਹਾ ਕਾਮਿ ਨ ਆਇਆ॥੧॥੧੬੪**

*(ਪੰਨਾ ੨੧੬)*

ਖਾਲਸਾ ਜੀ, ਜੇ ਗੁਰੂ ਦਾ ਕਿਸੇ ਸਿੱਖ ਉਪਰੋਂ ਵਿਸ਼ਵਾਸ਼ ਉਠ ਜਾਏ ਤਾਂ ਸਿੱਖ ਦਾ ਕੁਝ ਨਹੀਂ ਰਹਿੰਦਾ। ਸਿੱਖ ਅਤੇ ਗੁਰੂ ਵਿਚਕਾਰ ਦੁਵੱਲੀ ਪਿਆਰ, ਭਰੋਸਾ, ਅਤੇ ਵਿਸਾਹ ਹੀ ਹਨ ਜੋ ਇਸ ਪਵਿਤਰ ਰਿਸ਼ਤੇ ਨੂੰ ਸਦਾ ਕਾਇਮ ਰੱਖਦੇ ਹਨ।

**ਆਪਨੀ ਪਰਤੀਤਿ ਆਪਿ ਹੀ ਖੋਵੈ॥**
**ਬਹੁਰ ਉਸ ਕਾ ਬਿਸ੍ਵਾਸੁ ਨ ਹੋਵੈ॥੨॥੫॥**

*(ਗਉੜੀ ਸੁਖਮਨੀ, ਮ: ੫, ਪੰਨਾ ੨੬੮)*

ਹਿੰਦੂ ਧਰਮ ਕਿਸੇ ਖਾਸ ਧਰਮ ਦਾ ਨਾਮ ਨਹੀਂ। ਇਹ ਇਕ ਸਭਿਆਚਾਰਕ ਸਮੂਹ ਹੈ। ਇਕ ਸਦਾਚਾਰਕ ਸਮੂਹ ਹੈ ਜਿਸ ਵਿਚ ਸਦੀਆਂ ਤੋਂ ਬ੍ਰਹਮਣ ਦੀ ਸਰਦਾਰੀ ਚਲੀ ਆਉਂਦੀ ਹੈ। ਉਸ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਕਰਮ-ਕਾਂਡ ਦਾ ਐਸਾ ਢਾਂਚਾ ਦਿੱਤਾ ਜਿਸ ਨੂੰ ਜਾਣਬੁਝ ਕੇ ਪੁਜਾਰੀ ਵਰਗ ਨੇ ਇਤਨਾ ਗੁੰਝਲਦਾਰ ਬਣਾਇਆ ਕਿ ਹਰ ਹਿੰਦੂ ਨੂੰ ਹਰ ਕਰਮ-ਕਾਂਡ ਨੂੰ ਠੀਕ ਢੰਗ ਨਾਲ ਕਰਨ ਲਈ ਪੁਜਾਰੀ ਨੂੰ ਬੁਲਾਣਾ ਪੈਂਦਾ ਹੈ। ਜਿਸਦੇ ਲਈ ਉਸ ਪ੍ਰੋਹਿਤ ਨੂੰ ਸੇਵਾ-ਫਲ ਭੀ ਦੇਣਾ ਪੈਂਦਾ ਹੈ। ਖਾਲਸੇ ਨੂੰ ਮਹਾਰਾਜ ਨੇ ਜਦੋਂ ਕਰਮ-ਕਾਂਡ ਤੋਂ ਆਜ਼ਾਦ ਕੀਤਾ **ਤਾਂ ਪ੍ਰੋਹਿਤ ਵਰਗ ਤੋਂ ਭੀ ਖਾਲਸੇ ਨੂੰ ਆਜ਼ਾਦ ਕਰਾਇਆ।** ਅੱਜ ਉਹੀ ਪ੍ਰੋਹਿਤ ਵਰਗ ਭੇਸ ਬਦਲ ਕੇ, ਸਿੱਖ ਸਰੂਪ ਧਾਰ ਬੈਠਾ ਹੈ ਤੇ ਸਾਜਿਸ਼ ਇਹ ਹੈ ਕਿ ਖਾਲਸੇ ਦੀ ਵਿਲੱਖਣ ਪਹਿਚਾਨ ਨੂੰ ਖੋਰਾ ਲਾਇਆ ਜਾਏ। ਜ਼ਾਤ-ਪਾਤ ਤੋਂ ਗੁਰੂ ਪਾਤਸ਼ਾਹ ਨੇ ਸਿੱਖਾਂ ਨੂੰ ਕਢਿਆ ਸੀ, ਪਰ ਖਾਲਸਾ ਮੁੜ ਕੇ ਆਪਣੇ ਆਪ ਨੂੰ ਜੱਟ, ਖਤਰੀ, ਰਾਮਗੜੀਆਂ ਜਾਂ ਅਰੋੜਾ ਸਿੱਖ ਅਖਵਾਉਣ ਵਿਚ ਹੀ ਫ਼ਖਰ ਮਹਿਸੂਸ ਕਰਨ ਲੱਗ ਪਿਆ ਹੈ। ਜੱਟ-ਵਾਦ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਖਾਲਸੇ ਵਿਚ ਨਫਰਤ ਦੇ ਉਹ ਬੀਜ ਬੋਏ ਹਨ, ਕਿ ਜੇ ਖਾਲਸੇ ਨੇ ਹੁਣ ਨ ਚੁੱਗ ਕੇ ਪੰਥ ਵਿਚੋਂ ਕੱਢੇ ਤਾਂ ਆਉਣ ਵਾਲੇ ਸਮੇਂ ਵਿਚ ਖਾਲਸੇ ਅੰਦਰ ਪ੍ਰਸਪਰ ਪ੍ਰੇਮ-ਪਿਆਰ ਦੀ ਭਾਵਨਾ ਸਮਾਪਤ ਹੋ ਜਾਏਗੀ। ਖਾਲਸਾ ਫਿਰ ਜ਼ਾਤਾਂ ਵਿਚ ਵੰਡ ਕੇ ਆਪੋ ਵਿਚ ਲੜਿਆ ਕਰੇਗਾ, ਛੀਂਬੇ, ਤਖਾਣ, ਲੁਹਾਰ, ਚਮਾਰ,ਅਤੇ ਹੋਰ ਨੀਵੀਆਂ ਜਾਤਾਂ ਨੂੰ ਤਾਂ ਖਾਲਸੇ ਨੇ ਕੀ ਉਭਾਰਨਾ ਹੈ? ਖਾਲਸਾ ਜੀ ਦੀ ਪਹਿਚਾਨ ਨੂੰ ਖੋਰਾ ਲਗਾ ਚੁਕਾ ਹੈ। ਖਾਲਸਾ ਜੀ, ਸੰਭਲ ਕੇ ਚਲੋ। ਸਾਡੇ ਅਵੇਸਲੇ ਪਨ ਨੂੰ ਵੇਖ ਕੇ ਸਿੱਖਾਂ ਦੇ ਘਰਾਂ ਵਿਚ ਜੰਮੇ ਅਤੇ ਵੱਡੇ ਹੋਏ ਨੌਜਵਾਨ ਸਿੱਖ ਸਰੂਪ ਤੋਂ ਬਾਗ਼ੀ ਹੋ ਰਹੇ ਹਨ। ਕੀ ਅਸੀਂ ਇਹ ਸਭ ਕੁਝ ਵੇਖਦੇ ਰਹਾਂਗੇ? ਆਖ਼ਰ ਕਦੋਂ ਤਕ? ਸਾਡਾ ਕਸੂਰ ਹੈ ਕਿ ਅਸੀਂ ਨ ਆਪ ਸਤਸੰਗਤ ਵਿਚ ਨਿਤਾਪ੍ਰਤੀ ਜੁੜਦੇ ਹਾਂ ਨਾ ਕਦੀ ਬਚਿਆਂ ਨੂੰ ਸੰਗਤ ਵਿਚ ਜਾਣ ਦੀ ਪ੍ਰੇਰਣਾ ਦਿੰਦੇ ਹਾਂ। ਸਾਡਾ ਸੰਗਤੀ-ਜੀਵਨ ਖਤਮ ਹੋ ਰਿਹਾ ਹੈ। ਇਸ ਵਲ ਧਿਆਨ ਦੇਣ ਦੀ ਲੋੜ ਹੈ।

ਦਸਵੇਂ ਪਾਤਸ਼ਾਹ ਨੇ ਸੰਨ ਨੂੰ 1708 ਈ: ਵਿਚ ਹਜ਼ੂਰਸਾਹਿਬ ਵਿਖੇ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਉਤੇ ਆਪ ਹੀ ਬਿਰਾਜਮਾਨ ਕੀਤਾ।

**ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।**
**ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।**

ਉਦੋਂ ਦਸਮ ਗ੍ਰੰਥ ਦਾ ਕਿਤੇ ਵਜੂਦ ਤਕ ਨਹੀਂ ਸੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼

ਕਰਨਾ ਪਤਾ ਨਹੀਂ ਕਦੋਂ ਤੋਂ ਅਤੇ ਕਿਸ ਕਾਰਣ ਆਰੰਭ ਕਰ ਦਿੱਤਾ ਗਿਆ। ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਮਾਲਕ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ। ਪੰਜਾਬ ਵਿਚ ਦਸਮ ਗ੍ਰੰਥ ਦਾ ਪ੍ਰਕਾਸ਼ ਆਮ ਗੁਰਦੁਆਰਿਆਂ ਵਿਚ ਨਹੀਂ ਹੁੰਦਾ। ਦਸਮ ਗ੍ਰੰਥ ਨੂੰ ਬਰਾਬਰ ਦੀ ਗੱਦੀ ਦੇ ਕੇ ਸ਼ਬਦ-ਗੁਰੂ ਦੇ ਅਪਮਾਨ ਨੂੰ ਵੀ ਰੋਕਣਾ ਚਾਹੀਦਾ ਹੈ। ਫਿਰ ਉਸੇ ਤਖਤ ਸਾਹਿਬ ਉਤੇ ਵੱਡੇ ਸਾਰੇ ਥਾਲ ਵਿਚ ਦੀਵੇ ਜਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਆਰਤੀ ਪਤਾ ਨਹੀਂ ਕਦੋਂ ਤੋਂ ਆਰੰਭ ਹੋਈ? ਇਸ ਬ੍ਰਹਮਣਾ ਵਾਲੀ ਆਰਤੀ ਦਾ ਦ੍ਰਿਸ਼ ਜਗਨਾਥ ਪੁਰੀ ਵਿਖੇ ਵੇਖ ਕੇ ਗੁਰੂ ਨਾਨਕ ਪਾਤਸ਼ਾਹ ਨੇ ਆਰਤੀ ਦੀ ਵਿਚਾਰਧਾਰਾ ਨੂੰ ਇਕ ਨਵਾਂ ਨਰੋਆ ਰੂਪ ਦਿੱਤਾ ਸੀ। ਨਿਰਮਲੇ ਸਾਧਾਂ ਨੇ ਗੁਰਬਾਣੀ ਵਿਚ ਆਏ ਆਰਤੀ ਵਾਲੇ ਸ਼ਬਦ ਇਕੱਠੇ ਕਰਕੇ ਆਰਤੀ ਦੇ ਗੁਟਕੇ ਤਿਆਰ ਕਰਵਾਏ ਅਤੇ ਮੰਦਰਾਂ ਵਾਲੀ ਆਰਤੀ ਦਾ ਬਦਲਵਾਂ ਰੂਪ ਚੋਰੀ ਚੋਰੀ ਅਤੇ ਹੌਲੀ ਹੌਲੀ ਗੁਰਦੁਆਰਿਆਂ ਅਤੇ ਸਾਡੇ ਘਰਾਂ ਵਿਚ ਭੀ ਪ੍ਰਚਲਤ ਕਰਾਇਆ। ਹਜ਼ੂਰ ਸਾਹਿਬ ਦੇ ਸਿੱਖ ਸੇਵਾਦਾਰ ਆਰਤੀ ਜਾਂ ਸ਼ਸਤਰਾਂ ਦੀ ਪੂਜਾ ਉਤੇ ਕਿਸੇ ਕਿਸਮ ਦੇ ਇਤਰਾਜ਼ ਨੂੰ ਸੁਣਨ ਲਈ ਤਿਆਰ ਨਹੀਂ। ਖਾਲਸਈ ਰਹਿਣੀ ਦੀ ਪਹਿਚਾਨ ਨੂੰ ਖੋਰਾ ਲੱਗ ਰਿਹਾ ਹੈ। ਸੁਤੇ ਪਏ ਖਾਲਸਾ ਜੀ ਨੂੰ ਪਤਾ ਹੀ ਨਹੀਂ। ਜਿਹੜੇ ਯਾਤਰੀ ਉਥੇ ਦਰਸ਼ਨਾ ਲਈ ਜਾਂਦੇ ਹਨ ਉਹ ਬੜੇ ਪ੍ਰੇਸ਼ਾਨ ਹੁੰਦੇ ਹਨ, ਪਰ ਕਰ ਕੁਝ ਨਹੀਂ ਸਕਦੇ।

ਤਖ਼ਤ ਹਜ਼ੂਰ ਸਾਹਿਬ ਵਿਖੇ ਦਸਮ ਪਾਤਸ਼ਾਹ ਦੇ ਅਤੇ ਉਨ੍ਹਾਂ ਦੇ ਨਾਲ ਗਏ ਸਿੰਘਾਂ ਦੇ ਪਏ ਕੁਝ ਸ਼ਸਤਰਾਂ ਦੀ ਭੀ ਪੂਜਾ ਕੀਤੀ ਜਾਂਦੀ ਹੈ ਜੋ ਤੀਰ ਉਥੇ ਸੰਗਤਾਂ ਨੂੰ ਦਿਖਾਇਆ ਜਾਂਦਾ ਹੈ ਉਹ ਤੀਰ ਦਸਵੇਂ ਪਾਤਸ਼ਾਹ ਦਾ ਨਹੀਂ ਜਾਪਦਾ। ਗੁਰੂ ਕੇ ਸਿੱਖਾਂ ਦੇ ਸ਼ਸਤਰਾ ਦੀ ਪੂਜਾ ਭੀ ਤਾਂ ਮਨਮਤਿ ਹੈ। ਉਹ ਸ਼ਸਤਰ ਇਕ ਕਮਰੇ ਵਿਚ ਥੜੇ ਉਪਰ ਸਜਾਏ ਹੋਏ ਹਨ ਪਰ ਬਾਹਰ-ਵਾਰ ਵੱਡੇ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਾਧਾਰਨ ਪੀੜ੍ਹਾ ਸਾਹਿਬ ਉੱਤੇ ਉਸ ਥੜੇ ਤੋਂ ਕਾਫੀ ਨੀਵਾਂ ਹੁੰਦਾ ਹੈ। ਉਥੇ ਗਏ ਸਿੱਖ ਯਾਤਰੂਆਂ ਦੇ ਮਨਾਂ ਵਿਚ ਇਹ ਸਵਾਲ ਉਠਣਾ ਸੁਭਾਵਕ ਹੈ: 'ਕੌਣ ਵੱਡਾ ਹੈ ਗੁਰੂ ਕਿ ਗੁਰੂ (ਕੇ ਸਿੱਖਾਂ) ਦੇ ਸ਼ਸਤਰ? ਪੰਜਾਬ ਵਿਚ ਸ਼ਸਤਰਾਂ ਦੀ ਪੂਜਾ ਤਾਂ ਨਹੀਂ ਹੁੰਦੀ ਪਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸ਼ਸਤਰ ਥੜਿਆਂ ਉਤੇ ਟਿਕਾਏ ਗਏ ਦਿਸਦੇ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨੀਵੇਂ ਥਾਉਂ ਹੁੰਦਾ ਵੇਖ ਕੇ ਮਨ ਨੂੰ ਬੜਾ ਦੁੱਖ ਹੁੰਦਾ ਹੈ। ਖਾਲਸੇ ਨੂੰ ਗੁਰੂ ਦਾ ਸਤਿਕਾਰ ਕਿਵੇਂ ਕਰਨਾ ਹੈ ਸ਼ਾਇਦ ਭੁੱਲ ਗਿਆ ਹੈ? ਖਾਲਸਾ ਜੀ ਸਾਵਧਾਨ ਹੋਵੇ। ਤਿੰਨ ਸੌ ਸਾਲਾਂ ਬਾਅਦ ਭੀ ਅਸੀਂ ਗੁਰੂ ਨਾਲੋਂ ਸ਼ਸਤਰਾਂ ਦੀ ਵਧੇਰੇ ਪੂਜਾ ਕਰਦੇ ਹਾਂ। ਕਿਉਂ? ਜ਼ਰਾ ਸੋਚੋ।

ਦੇਸ਼ ਦੀ ਵੰਡ ਪਿਛੋਂ ਬਹੁਤ ਸਾਰੇ ਗੁਰਸਿੱਖ ਪਰਿਵਾਰ ਇੰਗਲੈਂਡ, ਅਮਰੀਕਾ, ਕਨੈਡਾ ਜਾਂ ਹੋਰ ਕਿਸੇ ਦੇਸ਼ ਵਿਚ ਕਿਰਤ ਕਰਨ ਲਈ ਚਲੇ ਗਏ। ਗੁਰੂ ਸਾਹਿਬ ਦਾ ਆਸ਼ਾ ਤਾਂ ਇਹ ਸੀ ਕਿ ਜਿਥੇ ਵੀ ਉਸਦਾ ਖਾਲਸਾ ਜਾਏ, ਉਥੇ ਉਥੇ ਉਹ ਗੁਰੂ ਨਾਨਕ ਦੇਵ ਦੇ ਅਨਮੋਲ ਬਚਨਾਂ ਦਾ ਪ੍ਰਚਾਰ ਕਰੇ। ਸਿੱਖ ਤਾਂ ਗੁਰੂ ਦਾ ਮਿਸ਼ਨਰੀ ਹੁੰਦਾ ਹੈ। ਵਿਦੇਸ਼ਾਂ ਵਿਚ ਜਾ ਕੇ ਇਨ੍ਹਾਂ ਸਿੱਖਾਂ ਨੇ ਨੌਕਰੀਆਂ ਕੀਤੀਆਂ,

ਵਪਾਰ ਕਰਕੇ ਚੰਗੀ ਕਮਾਈ ਕੀਤੀ। ਸੁੰਦਰ ਮਹੱਲ ਮਾੜੀਆਂ ਅਤੇ ਕਾਰਾਂ ਦੇ ਮਾਲਕ ਭੀ ਬਣ ਗਏ ਪਰ ਗੁਰੂ ਦੀ ਪਿਆਰੀ ਸਿੱਖੀ ਤੋਂ ਬੇਮੁੱਖ ਹੋ ਬੈਠੇ। ਆਪਣੇ ਮਨ ਦੀ ਮਰਜ਼ੀ ਅਨੁਸਾਰ ਜੀਵਨ ਜੀਉਣ ਲਗ ਪਏ। ਸੀਸ ਉੱਤੇ ਨ ਆਪ ਕੇਸ ਰਖੇ ਅਤੇ ਨਾ ਬੱਚਿਆਂ ਅੰਦਰ ਸਿੱਖ ਧਰਮ ਦੇ ਕੋਈ ਚਿੰਨ੍ਹ ਰਹਿਣ ਦਿੱਤੇ। ਗੁਰਦੁਆਰਿਆਂ ਦੀਆਂ ਪ੍ਰਧਾਨਗੀਆਂ ਅਤੇ ਸਕੱਤਰੀਆਂ ਲਈ ਹਰ ਥਾਂ ਜੰਗ ਰਚਾਉਂਦੇ ਵੇਖੀਦੇ ਹਨ। ਉਹ ਆਪਣੇ ਆਪ ਨੂੰ (ਪੈਸਿਆਂ ਕਰਕੇ) ਵੱਡੇ ਸਿੱਖ ਸਮਝਦੇ ਹਨ। ਸਿੱਖ ਤਾਂ ਉਹੀ ਹੋ ਸਕਦਾ ਹੈ ਜੋ ਗੁਰੂ ਦੇ ਦਸੇ ਰਾਹ ਉਤੇ ਚਲਦਾ ਹੈ।

ਕੁਝ ਲੋਕ ਦੇਸ਼ ਅਤੇ ਵਿਦੇਸ਼ਾਂ ਵਿਚ ਐਸੇ ਭੀ ਮਿਲਦੇ ਹਨ, ਜੋ ਕੇਸਾਧਾਰੀ ਹਨ, ਨਿਤੱਨੇਮ ਦੀਆਂ ਬਾਣੀਆਂ ਦਾ ਪਾਠ ਨੇਮ ਨਾਲ ਕਰਦੇ ਹਨ, ਪਰ ਅੰਮ੍ਰਿਤ ਨਹੀਂ ਛਕਦੇ। ਮਾਨੋਂ ਉਹ ਕਿਨਾਰੇ ਬੈਠਣਾ ਪਸੰਦ ਕਰਦੇ ਹਨ। ਅੰਮ੍ਰਿਤ ਛਕਣ ਸਮੇਂ ਪੂਰਨ ਸਮਰਪਨ ਕਰਕੇ ਸੀਸ ਭੇਂਟ ਕਰਨਾ ਹੁੰਦਾ ਹੈ। ਪਰ ਜੇ ਕੋਈ ਤਨ, ਮਨ ਅਤੇ ਧਨ ਆਪਣੇ ਕਾਰੋਬਾਰ ਵਿਚ ਲਗਾਈ ਬੈਠਾ ਹੋਵੇ, ਉਹ ਗੁਰੂ ਨੂੰ ਸੀਸ ਭੇਂਟ ਕਿਵੇਂ ਕਰ ਸਕਦੈ? ਗੁਰੂ ਨੇ ਸੀਸ ਭੇਂਟ ਲੈ ਕੇ ਹੀ ਸਿੱਖ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਅਤੇ ਜਨਮ ਮਰਨ ਦੇ ਗੇੜ ਤੋਂ ਆਜ਼ਾਦ ਕਰ ਦਿੱਤਾ। ਜੋ ਸਿੱਖ ਮਾਇਆ ਨੂੰ ਸੀਸ ਭੇਂਟ ਕਰ ਚੁੱਕੇ ਹਨ, ਉਹਨਾਂ ਨੂੰ ਮਾਇਆ ਅੰਮ੍ਰਿਤ ਦੀ ਥਾਂ ਜ਼ਹਿਰ ਤਾਂ ਦੇ ਸਕਦੀ ਹੈ ਪਰ ਅੰਮ੍ਰਿਤ ਤਾਂ ਕੇਵਲ ਗੁਰੂ ਪਾਸੋਂ ਹੀ ਮਿਲਦਾ ਹੈ। ਸਿੱਖ ਦਾ ਬਾਣੀ ਪੜ੍ਹਨਾ ਗੁਰੂ ਸਫਲ ਕਰੇਗਾ, ਪਰ ਉਦੋਂ ਹੀ ਗੁਰੂ ਕੀਆਂ ਖ਼ੁਸ਼ੀਆਂ ਮਿਲਣ ਗੀਆਂ ਜਦੋਂ ਉਹ ਸੀਸ ਭੇਂਟ ਕਰਕੇ ਪੂਰਨ ਸਮਰਪਨ ਕਰੇਗਾ। ਇਹ ਸੀਸ ਭੇਂਟ ਦਾ ਵਿਧਾਨ ਅਕਾਲਪੁਰਖ ਨੇ ਖਾਲਸੇ ਨੂੰ ਅੰਮ੍ਰਿਤ ਦੀ ਗੁੜ੍ਹਤੀ ਦੇਣ ਲਈ ਆਪ ਬਣਾਇਆ। ਵਡਭਾਗੀਂ ਸਜਨੋਂ ਅੰਮ੍ਰਿਤ ਬਾਰੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ।

**ਸੁਰਿ ਨਰ ਮਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥**

---

**ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥੧੩॥**

*(ਰਾਮਕਲੀ ਅੰਨਦ ਮ: ੩ ਪੰਨਾ ੯੧੮)*

ਖਾਲਸੇ ਦੇ ਤਿੰਨ ਸੌਂ ਸਾਲਾਂ ਸਾਜਨਾ ਦੀ ਯਾਦ ਵਿਚ ਤੁਹਾਡੇ ਕੀਤੇ ਸਮਾਗਮ ਮੁਬਾਰਕ ਹਨ। ਸਾਧ ਸੰਗਤ ਵਧਾਈ ਦੀ ਪਾਤਰ ਹੈ। 300 ਸਾਲ ਦਾ ਸਮਾਂ ਕੌਮਾਂ ਦੀ ਜ਼ਿੰਦਗੀ ਵਿਚ ਬਹੁਤ ਥੋੜਾ ਸਮਾਂ ਹੁੰਦਾ ਹੈ। ਮੇਰੀ ਆਪ ਸਮੂਹ ਸੰਗਤ ਨੂੰ ਬੇਨਤੀ ਹੈ. ਸਾਵਧਾਨ ਹੋਵੋ। ਖਾਲਸਾ ਅੱਜ ਅਵੇਸਲੇਪਨ ਦੀ ਨੀਂਦ ਵਿਚ ਹੋਣ ਕਰਕੇ ਉਸ ਉਤੇ ਕਮਜ਼ੋਰੀਆਂ ਨੇ ਧਾਵਾ ਬੋਲਿਆ ਹੋਇਆ ਹੈ। ਜੇ ਗੁਰੂ ਦੇ ਭੈ ਵਿਚ ਸਿੱਖੀ ਕਮਾਉਣੀ ਹੈ ਤਾਂ ਗੁਰੂ ਕੇ ਉਪਦੇਸ਼ਾਂ ਉਤੇ ਸਾਵਧਾਨ ਹੋ ਕੇ ਪਹਿਰਾ ਦਿਉ।

◆◆◆

# 5. ਗੁਰ ਕਾ ਦਰਸਨੁ ਅਗਮ ਅਪਾਰਾ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਹੋਰ ਵਧੇਰੇ ਸਪੱਸ਼ਟ ਕਰਨ ਲਈ ਗੁਰੂ ਅਮਰਦਾਸ ਜੀ ਦਾ ਆਸਾ ਰਾਗ ਵਿਚਲਾ ਹੇਠ ਲਿਖਿਆ ਸ਼ਬਦ ਇਕ ਤੁਲਨਾਤਮਕ ਤਸਵੀਰ ਪੇਸ਼ ਕਰਦਾ ਹੈ ਜਿਸ ਵਿਚ ਭਾਰਤੀ ਛੇ ਦਰਸ਼ਨਾਂ ਦੇ ਟਾਕਰੇ ਤੇ ਗੁਰ ਕੇ ਦਰਸ਼ਨ ਨੂੰ ਅਗੰਮ ਅਪਾਰਾ ਦਰਸਾਇਆ ਗਿਆ ਹੈ।

ਆਸਾ ਮਹਲਾ ੩ ੧ੴ ਸਤਿਗੁਰੂ ਪ੍ਰਸਾਦਿ

**ਹਰਿ ਦਰਸਨੁ ਪਾਵੈ ਵਡਭਾਗਿ॥ ਗੁਰ ਕੈ ਸਬਦਿ ਸਚੈ ਬੈਰਾਗਿ॥**

**ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗਮ ਅਪਾਰਾ॥੧॥**

**ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥ ਸਾਚਾ ਆਪਿ ਵਸੈ ਮਨਿ ਸੋਇ॥੧॥ ਰਹਾਉ॥**

**ਗੁਰ ਦਰਸਨਿ ਉਧਰੈ ਸੰਸਾਰਾ॥ ਜੇ ਕੋ ਲਾਏ ਭਾਉ ਪਿਆਰਾ॥**

**ਭਾਉ ਪਿਆਰਾ ਲਾਏ ਵਿਰਲਾ ਕੋਇ॥ ਗੁਰ ਕੈ ਦਰਸਨਿ ਸਦਾ ਸੁਖ ਹੋਇ॥੨॥**

**ਗੁਰ ਕੈ ਦਰਸਨਿ ਮੋਖ ਦੁਆਰੁ॥ ਸਤਿਗੁਰੁ ਸੇਵੈ ਪਰਵਾਰ ਸਾਧਾਰ॥**

**ਨਿਗੁਰੇ ਕਉ ਗਤਿ ਕਾਈ ਨਾਹੀ॥ ਅਵਗਣਿ ਮੁਠੇ ਚੋਟਾਂ ਖਾਹੀ॥੩॥**

**ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ॥ ਗੁਰਮੁਖਿ ਤਾ ਕਉ ਲਗੈ ਨ ਪੀਰ॥**

**ਜਮਕਾਲੁ ਤਿਸੁ ਨੇੜਿ ਨ ਆਵੈ॥ ਨਾਨਕ ਗੁਰਮੁਖਿ ਸਾਚ ਸਮਾਵੈ॥੪॥੧॥੪੦॥** *(ਪੰਨਾ-੩੬੦)*

ਸਰਲ ਭਾਵ ਇਹ ਹੈ:- ਗੁਰੂ ਦੇ ਸ਼ਬਦਿ ਰਾਹੀਂ ਸਚਾ ਬੈਂਰਾਗ ਜਗਿਆਸੂ ਦੇ ਮਨ ਅੰਦਰ ਉਠਦਾ ਹੈ ਅਤੇ ਵੱਡੇਭਾਗਾਂ ਸਦਕਾ ਉਸ ਨੂੰ ਵਾਹਿਗੁਰੂ ਜੀ ਦੇ ਦੀਦਾਰ ਹੁੰਦੇ ਹਨ। ਇਸ ਵਕਤ ਭਾਰਤ ਵਿਚ ਛੇ ਦਰਸ਼ਨਾਂ ਦੀ ਵਿਚਾਰਧਾਰਾ ਆਮ ਪ੍ਰਚਲਤ ਹੈ ਪਰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਗੰਮ ਹੈ ਅਤੇ ਸ਼ਾਸਤਰਾਂ ਦੀ ਵਿਚਾਰਧਾਰਾ ਦੇ ਮੁਕਾਬਲੇ ਅਸੀਮ ਹੈ ਇਹਨਾਂ ਸ਼ਾਸਤਰਾਂ ਦੀ ਵਿਚਾਰਧਾਰਾ ਰਾਹੀਂ ਮੁਕਤੀ ਨਹੀਂ ਹੁੰਦੀ ਪਰ ਗੁਰੂ ਦੀ ਵਿਚਾਰਧਾਰਾ ਮੁਕਤੀ ਪ੍ਰਦਾਨ ਕਰਕੇ ਜਗਿਆਸੂ ਨੂੰ ਅਤੇ ਸਾਰੇ ਸੰਸਾਰ ਦੇ ਜੀਵਾਂ ਨੂੰ ਮੁਕਤ ਕਰਨ ਦੇ ਸਮਰਥ ਹੈ ਹਾਂ ਜੇ ਕੋਈ ਗੁਰੂ ਨਾਲ ਭੈ ਭਾਵਨੀ ਕਰਕੇ ਅਦਬ ਸਤਿਕਾਰ ਨਾਲ ਪਿਆਰ ਕਰੇ ਤਾਂ ਵਾਹਿਗੁਰੂ ਉਸ ਜਗਿਆਸੂ ਦੇ ਹਿਰਦੇ ਵਿਚ ਪ੍ਰਗਟ ਹੋ ਆਉਂਦਾ ਹੈ। ਪਰ ਨਿਗੁਰੇ ਨੂੰ ਕੋਈ ਥਾਂ ਨਹੀਂ। ਉਸਦੀ ਗਤੀ ਨਹੀਂ ਹੋ ਸਕਦੀ ਕਿਉਂਕਿ ਉਸ ਪਾਸ ਗੁਰੂ ਦੀ ਵਿਚਾਰਧਾਰਾ ਨਹੀਂ ਹੈ। ਗੁਰੂ ਵਾਲਾ ਸਚ ਵਿਚ ਸਮਾਅ ਜਾਂਦਾ ਹੈ।

ਇਸ ਸ਼ਬਦ ਤੋਂ ਸੰਕੇਤ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੁੱਢ ਤੋਂ ਹੀ ਛੇ ਸ਼ਾਸਤਰਾਂ ਦੀ ਵਿਚਾਰਧਾਰਾ ਨੂੰ ਰੱਦ ਕਰ ਦਿੱਤਾ ਸੀ ਅਤੇ ਨਾਲ ਹੀ ਬ੍ਰਾਹਮਣੀ ਕਲਚਰ ਦੇ ਪੂਜਾ-ਪਾਠ, ਕਰਮ-ਕਾਂਡ, ਅਤੇ ਕਈ ਪ੍ਰਕਾਰ ਦੇ ਵਰਤ

ਨੇਮ ਸੁਚ ਸੰਜਮ ਨੂੰ ਸਿੱਖ ਦੇ ਜੀਵਨ ਦਾ ਆਧਾਰ ਨਹੀਂ ਬਣਨ ਦਿੱਤਾ। ਗੁਰੂ ਦੀ ਵਿਚਾਰਧਾਰਾ 'ਅਗੰਮ ਅਪਾਰਾ' ਇਸ ਲਈ ਕਹੀ ਗਈ ਹੈ ਕਿਉਂਕਿ ਇਹ ਇਕ ਦਮ ਵੇਦ-ਸ਼ਾਸਤਰੀ ਵਿਚਾਰਧਾਰਾ ਤੋਂ ਭਿੰਨ ਹੈ। ਬ੍ਰਹਮਣ ਗੁਰੂ ਦੀ ਵਿਚਾਰਧਾਰਾ ਨੂੰ ਅੱਜ ਤਕ ਨਹੀਂ ਸਮਝ ਸਕਿਆ, ਭਾਵੇਂ ਇਸ ਵਿਚ ਕੋਈ ਭੁਲ ਭੁਲਈਆਂ ਨਹੀਂ ਹਨ। ਇਹ ਇਕ ਸਾਧਾਰਨ ਜਿਹੇ ਅਨਪੜ ਵਿਅਕਤੀ ਦੇ ਸਮਝ ਵਿਚ ਤਾਂ ਛੇਤੀ ਆ ਸਕਦੀ ਹੈ ਕਿਉਂਕਿ ਉਸ ਦੇ ਮਨ ਦੀ ਸਲੇਟ ਸਾਫ ਸੁਥਰੀ ਹੁੰਦੀ ਹੈ। ਪਰ ਬਹੁਤੇ ਪੜ੍ਹੇ ਲਿਖੇ ਅਤੇ ਕਈ ਗ੍ਰੰਥਾਂ ਦੇ ਵਿਦਵਾਨ ਦੇ ਮਨ ਉੱਤੇ ਕਈ ਪ੍ਰਕਾਰ ਦੀਆਂ ਵਿਚਾਰਧਾਰਾਵਾਂ ਦਾ ਅਸਰ ਪੈ ਚੁੱਕਾ ਹੁੰਦਾ ਹੈ। ਉਹ ਇਕ ਸਪਲਿਟ ਪਰਸਨਾਲਟੀ ਜਿਹਾ ਹੁੰਦਾ ਹੈ ਜਿਸਦਾ ਮਨ ਲੀਰੋ ਲੀਰ ਹੋਇਆ ਪਿਆ ਹੋਵੇ। ਐਸੇ ਮਨ ਤੋਂ ਪਹਿਲਾਂ ਸੰਸਕਾਰ ਅਤੇ ਵਿਚਾਰ ਮੇਸਣੇ ਮੁਸ਼ਕਿਲ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਹਲਤ ਮੁਖੀ ਤਾਂ ਹੈ ਹੀ, ਪਲਤਮੁਖੀ ਭੀ ਹੈ। ਹਲਤ ਮੁਖੀ ਵਿਚਾਰਧਾਰਾ ਰਾਹੀਂ ਹਰ ਪ੍ਰਾਣੀ ਨੂੰ ਗੁਰ ਉਪਦੇਸ਼ ਸਰਵਨ ਕਰਨ ਅਤੇ ਉਸ ਨੂੰ ਆਪਣੇ ਜੀਵਨ ਵਿਚ ਅਮਲੀ ਵਰਤੋਂ ਵਿਹਾਰ ਵਿਚ ਲਿਆਉਣ ਲਈ ਪ੍ਰੇਰਨਾ ਦਿੱਤੀ ਗਈ ਹੈ। ਇਸ ਵਿਚਾਰਧਾਰਾ ਨੇ ਉਨ੍ਹਾਂ ਗੁਣਾਂ ਨੂੰ ਪ੍ਰਵਾਨ ਕੀਤੈ ਜਿਨ੍ਹਾਂ ਦੇਵੀ ਗੁਣਾਂ ਦਾ ਭਾਰਤੀ ਧਰਮ ਪ੍ਰਚਾਰ ਕਰਦੇ ਆ ਰਹੇ ਸਨ। ਉਹਨਾਂ ਵਿਚੋਂ ਸਤਿ ਨੂੰ ਧਾਰਨ ਕਰਨਾ, ਸੰਤੋਖੀ ਹੋਣਾ, ਹਿੰਸਾ ਤੋਂ ਪਰਹੇਜ਼ ਕਰਨਾ, ਨਿਮਰਤਾ ਧਾਰਨ ਕਰਨਾ, ਮਿੱਠੇ ਬਚਨ ਬੋਲਣੇ ਸਭ ਨਾਲ ਪਿਆਰ ਕਰਨਾ, ਨਫ਼ਰਤ ਨ ਕਰਨੀ, ਚੋਰੀ ਚਕਾਰੀ, ਜਾਂ ਠੱਗੀ ਤੋਂ ਬਚਣਾ ਆਦਿ ਸਿੱਖ ਲਈ ਲਾਜ਼ਮੀ ਹਨ। ਇਹੋ ਵੱਡੇ ਵੱਡੇ ਦੈਵੀ ਗੁਣ ਕਹੇ ਜਾ ਸਕਦੇ ਹਨ। ਇਹ ਗੁਣ ਭਾਰਤੀ ਧਰਮਾਂ ਅੰਦਰ ਸਦਾਚਾਰ ਦੇ ਆਧਾਰ ਕਹੇ ਜਾ ਸਕਦੇ ਹਨ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਭਾਰਤੀ ਹੈ, ਵਿਦੇਸ਼ੀ ਵਿਚਾਰਧਾਰਾ ਨਹੀਂ, ਜਿਵੇਂ ਇਸਲਾਮ, ਈਸਾਈ ਮਤ ਅਤੇ ਯੂਹਦੀ ਮਤਿ ਦੀ ਵਿਚਾਰਧਾਰਾ ਵਿਦੇਸ਼ੀ ਹੈ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਅੰਗਮੀ ਰੂਪ ਕੀ ਹੈ? ਉਹ ਹੈ ਇਸ ਦਾ ਪਲਤ ਮੁਖੀ ਸਰੂਪ। ਭਾਰਤੀ ਧਰਮਾਂ ਦੀ ਵਿਚਾਰਧਾਰਾ ਜਾਂ ਤਾਂ ਸਦਾਚਾਰੀ ਹੈ ਜਿਵੇਂ ਬੁੱਧ ਅਤੇ ਜੈਨ ਮਤ ਦੀਆਂ ਵਿਚਾਰਾਂ। (ਇਨ੍ਹਾਂ ਦੋਵੇਂ ਧਰਮਾਂ ਅੰਦਰ ਰੱਬ ਦੀ ਹਸਤੀ ਦੀ ਕੋਈ ਗੱਲ ਨਹੀਂ ਕੀਤੀ ਗਈ) ਅਤੇ ਜਾਂ ਫਿਰ ਕਰਮ-ਕਾਂਡੀ ਹੈ, ਮੁੱਖ ਤੌਰ ਤੇ ਸਨਾਤਨ ਧਰਮ ਦੀ ਵਿਚਾਰਧਾਰਾ ਸ਼ਾਸਤਰੀ ਹੈ ਜਿਨ੍ਹਾਂ ਦਾ ਅਸਰ ਹੁਣ ਤਕ ਚਲਿਆ ਆ ਰਿਹਾ ਹੈ। ਪਰ ਗੁਰਮਤਿ ਛੇ ਸ਼ਾਸਤਰਾਂ ਤੋਂ ਵਾਕਿਫ ਹੁੰਦਿਆਂ ਹੋਇਆਂ ਭੀ ਇਨਾਂ ਨੂੰ ਛੱਡ ਦਿੱਤਾ। ਪਾਠਕਾਂ ਦੀ ਸਹੂਲਤ ਲਈ ਛੇਆਂ ਸ਼ਾਸਤਰਾਂ ਦੀ ਫਲਾਸਫੀ ਦਾ ਸੰਖੇਪ ਵਰਣਨ ਦੇ ਕੇ ਗੁਰਮਤਿ ਦਾ ਦ੍ਰਿਸ਼ਟੀਕੋਣ ਨਾਲੋਂ ਨਾਲ ਦਿਤਾ ਗਿਆ ਹੈ।

### 1, 2 ਨਿਯਾਏ ਅਤੇ ਵਸ਼ੇਸ਼ਕ ਦਰਸ਼ਨ

ਨਿਯਾਏ ਦਾ ਕਰਤਾ ਗੋਤਮ ਰਿਖੀ ਸੀ।

ਵਸ਼ੇਸ਼ਕ ਦਾ ਕਰਤਾ ਕਣਾਦ ਰਿਖੀ ਸੀ।

(ੳ) ਦੋਵੇਂ ਸ਼ਾਸਤਰ ਈਸ਼ਵਰ ਨੂੰ ਤਾਂ ਮੰਨਦੇ ਹਨ ਪਰ ਉਸ ਨੂੰ ਸੰਸਾਰ ਦਾ ਕਰਤਾ ਨਹੀਂ ਮੰਨਦੇ। ਉਹਨਾਂ ਦਾ ਖਿਆਲ ਹੈ ਕਿ ਜੀਵਾਂ ਦੇ ਅਦ੍ਰਿਸ਼ਟ ਕਰਮ ਹੀ ਸੰਸਾਰ ਦੀ ਉਤਪਤੀ ਕਰਦੇ ਹਨ। ਈਸ਼ਵਰ ਕੇਵਲ ਜੀਵਾਂ ਨੂੰ ਕਰਮਾਂ ਦਾ ਫਲ ਦਿੰਦਾ ਹੈ। ਜੀਵ ਆਪ ਹੀ ਕਰਮ ਕਰਦੇ ਹਨ।

(ਅ) ਸਾਰੀ ਰਚਨਾ ਪਰਮਾਣੂਆਂ ਤੋਂ ਹੋਈ ਹੈ ਈਸ਼ਵਰ ਜੁਲਾਹੇ ਵਾਂਗ ਬੁਣਨਹਾਰ ਹੈ। ਜਾਂ ਘੁਮਿਆਰ ਵਾਂਗ ਭਾਂਡੇ ਘੜਦਾ ਹੈ। ਜੀਵ ਅਤੇ ਈਸ਼ਵਰ ਦੋਵੇਂ ਵੱਖ ਵੱਖ ਹਨ। ਜੀਵ ਈਸ਼ਵਰ ਵਿਚ ਕਦੀ ਨਹੀਂ ਸਮਾਅ ਸਕਦਾ।

(ੲ) ਪਰਮਾਣੂ ਤਾਂ ਸਚ ਹਨ ਪਰ ਉਸਤੋਂ ਬਣਿਆ ਸੰਸਾਰ ਅਸਤ ਹੈ।

(ਸ) ਈਸ਼ਵਰ ਜੀਵ ਅਤੇ ਪ੍ਰਕਿਰਤੀ ਅਨਾਦੀ ਹਨ ਅਤੇ ਇਹ ਤਿੰਨੋ ਸੰਸਾਰ ਦੇ ਮੁੱਢ ਤੋਂ ਹੀ ਹਨ।

**ਗੁਰਮਤਿ ਦੀ ਵਿਚਾਰਧਾਰਾ:-** ਉਪਰੋਕਤ ਵਿਚਾਰਧਾਰਾ ਆਸਤਕ ਵੀ ਹੈ ਤੇ ਨਾਸਤਕ ਵੀ।

ਜੇ ਈਸ਼ਵਰ ਕੁਝ ਕਰਨ ਜੋਗਾ ਹੀ ਨਹੀਂ ਤਾਂ ਉਸ ਰੱਬ ਦਾ ਜੀਵ ਨੂੰ ਕੀ ਲਾਭ? ਈਸ਼ਵਰ, ਪ੍ਰਕਿਰਤੀ ਅਤੇ ਜੀਵ ਅਨਾਦੀ ਮੰਨ ਕੇ ਈਸ਼ਵਰ ਦੇ ਆਦਿ-ਪੁਰਖ ਹੋਣ ਨੂੰ ਪ੍ਰਵਾਨ ਨਹੀਂ ਕੀਤਾ ਗਿਆ।

ਗੁਰਮਤਿ ਵਿਚਾਰਧਾਰਾ ਆਸਤਕ ਵਿਚਾਰਧਾਰਾ ਹੈ। ਇਸ ਅਨੁਸਾਰ ਕੇਵਲ ਅਕਾਲਪੁਰਖ (ਈਸ਼ਵਰ) ਹੀ ਅਨਾਦੀ ਹੈ। ਨਿਰਾਕਾਰ ਸਰੂਪ ਹੈ। ਅਗੰਮ ਅਤੇ ਅਗੋਚਰ ਹੈ।

ਜੀਵ ਆਤਮਾ ਅਤੇ ਪਰਮਾਤਮਾ ਦਾ ਸੰਬੰਧ ਸੂਰਜ ਅਤੇ ਕਿਰਣ ਦਾ ਹੈ, ਜਿਵੇਂ ਸਾਗਰ ਤੇ ਬੂੰਦ ਦਾ ਹੁੰਦਾ ਹੈ।

**"ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥**
**ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥੪॥੯**

*(ਰਾਮਕਲੀ ਮ: ੧, ਪੰਨਾ ੮੭੮)*

ਸ੍ਰਿਸ਼ਟੀ ਰਚਨਾ ਉਸਦੇ ਹੁਕਮ ਵਿਚ ਹੁੰਦੀ ਹੈ। ਘੁਮਿਆਰ ਲਈ ਮਿਟੀ ਅਤੇ ਜੁਲਾਹੇ ਲਈ ਧਾਗਾ ਲਾਜ਼ਮੀ ਹੁੰਦੇ ਹਨ। ਪ੍ਰਕਿਰਤੀ ਅਨਾਦੀ ਨਹੀਂ ਹੈ। ਕੇਵਲ ਅਕਾਲਪੁਰਖ ਹੀ ਅਨਾਦੀ ਹੈ।

**ਸਿਵ ਸਕਤਿ ਆਪਿ ਉਪਾਇ ਕੈ**
**ਕਰਤਾ ਆਪੇ ਹੁਕਮੁ ਵਰਤਾਏ ॥੨੬॥**

*(ਰਾਮਕਲੀ ਅਨੰਦ ਮ: ੩, ਪੰਨਾ ੯੨੦)*

**ਆਪਿ ਸਤਿ ਕੀਆ ਸਭੁ ਸਤਿ**
**ਤਿਸੁ ਪ੍ਰਭ ਤੇ ਸਗਲੀ ਉਤਪਤਿ ॥ ੫ ॥ ੨੩ ॥**
**ਤਿਸੁ ਭਾਵੈ ਤਾ ਕਰੈ ਬਿਸਥਾਰੁ ॥**
**ਤਿਸੁ ਭਾਵੈ ਤਾ ਏਕੰਕਾਰ ॥** *(ਪੰਨਾ ੨੯੪)*

## 3- ਸਾਂਖ ਸ਼ਾਸਤਰ ਅਤੇ ਉਸਦੀ ਵਿਚਾਰਧਾਰਾ

*ਕਰਤਾ ਕਪਲ ਮੁਨੀ*

(ੳ)- ਪੁਰਸ਼ ਅਤੇ ਪ੍ਰਕਿਰਤੀ ਦੇ ਮੇਲ ਤੋਂ ਸੰਸਾਰ ਦੀ ਉਤਪਤੀ ਮੰਨਦਾ ਹੈ। ਦੋਵਾਂ ਨੂੰ ਅਨਾਦੀ ਅਤੇ ਸਦੀਵੀ ਮੰਨਦਾ ਹੈ। ਪੁਰਸ਼ ਜੀਵ ਹੈ। ਇਹ ਭੀ ਅਣਗਿਣਤ ਹਨ। ਪ੍ਰਕ੍ਰਿਤੀ ਦੇ ਮੇਲ ਨਾਲ ਰਚਨਾ ਹੋ ਜਾਂਦੀ ਹੈ।

(ਅ)- ਪ੍ਰਕ੍ਰਿਤੀ ਮੁੱਢ ਤੋਂ ਹੈ। ਰਜੋ, ਸਤੋ ਅਤੇ ਤਮੋ ਇਸਦੇ ਤਿੰਨ ਗੁਣ ਹਨ। ਪ੍ਰਕ੍ਰਿਤੀ ਤੋਂ ਕੁਲ 25 ਤਤ ਪੈਦਾ ਹੋਏ ਹਨ। ਜਿਸ ਵਿਚ ਪੁਰਸ਼, ਪ੍ਰਕ੍ਰਿਤੀ, ਬੁੱਧੀ, ਅਹੰਕਾਰ, ਮਨ, ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ, ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ ਅਤੇ ਪੰਜ ਤੱਤ ਹਵਾ ਪਾਣੀ, ਅਗਨੀ, ਧਰਤੀ ਅਤੇ ਆਕਾਸ਼।

(ੲ)- ਸ੍ਰਿਸ਼ਟੀ ਰਚਨਾ ਆਪਮੁਹਾਰੀ ਬਣੀ ਹੈ। ਇਸਦਾ ਕੋਈ ਕਰਤਾ ਨਹੀਂ ਹੈ। ਰਚਨਾ ਵਿਚ ਹਰ ਵਸਤੂ ਅੰਦਰ ਵਿਕਾਸ ਹੁੰਦਾ ਹੈ। ਬਨਸਪਤੀ ਅਤੇ ਪਸ਼ੂ ਇਕ ਸਮਾਨ ਹਨ। ਹਰ ਵਸਤੂ ਪੈਦਾ ਹੁੰਦੀ ਹੈ ਤੇ ਖਤਮ ਵੀ ਹੁੰਦੀ ਹੈ।

(ਸ)- ਸਾਂਖ ਨਾਸਤਕ ਮਤਿ ਹੈ। ਰੱਬ ਨੂੰ ਕਰਤਾ ਹੀ ਨਹੀਂ ਮੰਨਦਾ। ਸਗੋਂ ਕਰਮ ਅਤੇ ਆਵਾ-ਗਉਣ ਦੇ ਨਿਯਮਾਂ ਨੂੰ ਸ੍ਰਿਸ਼ਟੀ ਰਚਨਾ ਦਾ ਕਾਰਣ ਮੰਨਦਾ ਹੈ।

**ਗੁਰਮਤਿ ਦੀ ਵਿਚਾਰਧਾਰਾ**

(ੳ)- ਜਦੋਂ ਸੁੰਨ (ਜ਼ੀਰੋ) ਅਵਸਥਾ ਸੀ ਭਾਵ ਕੁਝ ਵੀ ਨਹੀਂ ਸੀ ਉਦੋਂ ਵੀ ਨਿਰੰਕਾਰ ਦੀ ਹਸਤੀ ਕਾਇਮ ਸੀ।

**ਆਦਿ ਕਉ ਬਿਸਮਾਦਿ ਬੀਚਾਰੁ ਕਥੀਅਲੇ॥**
**ਸੁੰਨ ਨਿਰੰਤਰ ਵਾਸੁ ਲੀਆ॥੨੩॥**

*(ਰਾਮਕਲੀ ਸਿਧ ਗੋਸਟ ਮ:੧, ਪੰਨਾ ੯੪੦)*

(ਅ)- ਪੁਰਸ਼ ਅਤੇ ਪ੍ਰਕ੍ਰਿਤੀ ਮੁੱਢ ਤੋਂ ਨਹੀਂ ਸੀ। ਇਨ੍ਹਾਂ ਨੂੰ ਸਗੋਂ ਅਕਾਲ ਪੁਰਖ ਆਪ ਹੀ ਸਾਜਦਾ ਹੈ। ਉਸਦੇ ਹੁਕਮ ਨਾਲ ਹੀ ਰਚਨਾ ਹੋਈ ਹੈ। ਸ੍ਰਿਸ਼ਟੀ ਰਚਨਾ ਆਪ ਮੁਹਾਰੀ ਨਹੀਂ ਹੋਈ।

**ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥**
**ਬਾਝੁ ਕਲਾ ਆਡਾਣੁ ਰਹਾਇਆ॥**
**ਬ੍ਰਹਮਾ ਬਿਸਨੁ ਮਹੇਸ਼ ਉਪਾਏ ਮਾਇਆ ਮੋਹ ਵਧਾਇਦਾ॥੧੪॥**
**----- ਤਾਕਾ ਅੰਤ ਨ ਜਾਣੈ ਕੋਈ॥ ਪੂਰੇ ਗੁਰ ਤੇ ਸੋਝੀ ਹੋਈ॥**
**ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ॥੧੬॥੩॥੧੫**

*(ਮਾਰੂ ਅੰਜਲੀ ਮ: ੧, ਪੰਨਾ ੧੦੩੬)*

(ੲ)- ਸ੍ਰਿਸ਼ਟੀ ਰਚਨਾ ਤੋਂ ਮਗਰੋਂ ਕਰਤਾ ਪੁਰਖ ਇਸਦੇ ਕਣ ਕਣ ਵਿਚ ਸਮਾਇਆ ਰਹਿੰਦਾ ਹੈ।

**ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ॥**
**ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ॥੨॥੩੭॥**

*(ਸਰੀ ਰਾਗ ਮ: ੩, ਪੰਨਾ ੨੭)*

(ਸ)- ਪੰਜ ਤਤ ਅਕਾਲਪੁਰਖ ਦੇ ਬਣਾਏ ਹੋਏ ਹਨ ਜਿਸ ਨਾਲ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ।

**ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ॥੨॥੩**

*(ਬੈਰਾੜੀ ਮ:੪ ਪੰਨਾ ੭੨੦)*

(ਹ)- ਪਰਮਾਤਮਾ ਜਦੋਂ ਚਾਹੇ ਸ੍ਰਿਸ਼ਟੀ ਰਚਨਾ ਸਮੇਟ ਸਕਦਾ ਹੈ।

**ਹਰਨ ਭਰਨ ਜਾ ਕਾ ਨੇਤ੍ਰ ਫੋਰੁ॥**
**ਤਿਸਕਾ ਮੰਤ੍ਰ ਨ ਜਾਨੈ ਹੋਰੁ॥੨॥੧੬॥**

*(ਗਉੜੀ ਸੁਖਮਨੀ ਮ:੫ ਪੰਨਾ-੨੮੪)*

(ਕ)- ਪ੍ਰਕਿਰਤੀ ਦੇ ਤਿੰਨ ਗੁਣ ਭੀ ਪਰਮਾਤਮਾ ਨੇ ਪੈਦਾ ਕੀਤੇ, ਆਪੇ ਨਹੀਂ ਬਣੇ। ਇਨ੍ਹਾਂ ਤੋਂ ਉਪਰ ਹੈ ਸਹਜ ਪਦ।

**ਰਜ ਤਮ ਸਤ ਕਲ ਤੇਰੀ ਛਾਇਆ॥ ਜਨਮ ਮਰਣ ਹਉਮੈ ਦੁਖੁ ਪਾਇਆ॥**
**ਜਿਸਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ॥੧੧॥੧੭॥**

*(ਮਾਰੂ ਮ: ੧, ਪੰਨਾ ੧੦੩੮)*

ਚੋਥਾ ਪਦ ਹੈ ਸਹਿਜ। ਅਸਲ ਮੁਕਤੀ ਸਹਿਜ ਪਦ ਤਕ ਅਪੜਨ ਤੋਂ ਬਾਦ ਹੀ ਹੁੰਦੀ ਹੈ। ਤਿੰਨ ਗੁਣਾਂ ਜਾਂ ਇਨ੍ਹਾਂ ਦੇ ਕਈ ਪ੍ਰਕਾਰ ਦੇ ਮਿਸ਼ਰਣ (ਪਰਮੂਟੇਸ਼ਨ) ਹਨ। ਇਨ੍ਹਾਂ ਤੋਂ ਸੰਸਾਰੀ ਮਨੁੱਖਾਂ ਦੇ ਸੁਭਾਅ ਬਣਦੇ ਹਨ। ਪਰ ਇਕੋ ਸਹਿਜ ਅਵਸਥਾ ਹੈ ਜਿਥੇ ਅਪੜ ਕੇ ਇਹਨਾਂ ਤਿੰਨਾਂ ਗੁਣਾਂ ਤੋਂ ਜੀਵ ਉਪਰ ਉਠ ਜਾਂਦਾ ਹੈ। ਇਸ ਨੂੰ ਤੁਰਿਆ ਅਵਸਥਾ ਭੀ ਕਹਿੰਦੇ ਹਨ। ਇਸ ਤੋਂ ਅਗੋਂ ਜੀਵ ਅਤੇ ਪਰਮਾਤਮਾ ਦਾ ਮੇਲ ਹੁੰਦਾ ਹੈ।

4- <u>ਯੋਗ ਦਰਸ਼ਨ</u> (ਕਰਤਾ- ਪਤੰਜਲ ਰਿਸ਼ੀ)

ਪਤੰਜਲ ਰਿਸ਼ੀ ਦੇ ਵਿਚਾਰ ਸਾਂਖ ਸ਼ਾਸਤਰ ਦੇ ਕਪਲ ਰਿਸ਼ੀ ਨਾਲ ਕਾਫੀ ਮਿਲਦੇ ਹਨ। ਪਤੰਜਲ ਜੀ ਨੇ ਯੋਗ ਆਸਣ ਕਰਕੇ ਚਿਤ ਬਿਰਤੀਆਂ ਨੂੰ ਬਾਹਰ ਜਾਣ ਤੋਂ ਰੋਕਣਾ ਅਤੇ ਆਪਣੇ ਆਤਮ ਸਰੂਪ ਨੂੰ ਪਛਾਣਨ ਤੇ ਜ਼ੋਰ ਦਿੱਤਾ ਹੈ। ਅਕਾਲ ਪੁਰਖ ਦੇ ਦਰਸ਼ਨ ਮਿਲਾਪ ਦੀ ਕੋਈ ਗੱਲ ਨਹੀਂ ਕੀਤੀ ਗਈ।

(ੳ) ਯੋਗ ਦਾ ਅਰਥ ਹੈ ਚਿਤ ਵਿੱਚ ਹਰ ਘੜੀ ਉਠਦੀਆਂ ਲਹਿਰਾਂ ਨੂੰ ਰੋਕ ਕੇ ਚਿਤ ਦੀ ਇਕਾਗਰਤਾ ਪੈਦਾ ਕਰਨੀ ਜਿਸ ਨਾਲ ਉਹ ਆਪਣੇ ਸਰੂਪ ਵਿੱਚ ਟਿੱਕ ਜਾਵੇ। ਇਸ ਨੂੰ ਸਮਾਧੀ ਕਹਿੰਦੇ ਹਨ।

(ਅ) ਯਮ ਅਤੇ ਨਿਯਮ ਪੰਜ ਪੰਜ ਐਸੇ (ਵਰਤ) ਗੁਣ ਹਨ ਜਿਨ੍ਹਾਂ ਨਾਲ ਯੋਗੀ ਨੂੰ ਟਿਕਾਉ ਮਿਲਦੀ ਹੈ। ਇਨ੍ਹਾਂ ਨੂੰ ਧਾਰਨ ਕਰਨਾ ਲਾਜ਼ਮੀ ਹੈ।

ਪੰਜ ਯਮ= ਅਹਿੰਸਾ, ਸੱਤਯ, ਅਸਤੱਯ (ਝੂਠ) ਬ੍ਰਹਮਚਰਜ, (ਸ਼ਾਦੀ ਨ ਕਰਨਾ) ਅਤੇ ਅਪਰਿਗ੍ਰਹਿ (ਤਿਆਗ ਕਰਨਾ)

ਪੰਜ ਹੀ ਨਿਯਮ ਹਨ

(ੳ) ਸਓਚ ਜਾਂ ਸੌਚ-ਸਰੀਰ ਦੀ ਸ਼ੁਧੀ।

(ਅ) ਸੰਤੋਸ਼-ਖਾਹਸ਼ਾਂ ਨੂੰ ਡਕਣਾ

(ੲ) ਤਪ- ਗਰਮੀ ਸਰਦੀ ਸਹਾਰ ਕੇ ਸਾਧਨਾ ਕਰੀ ਜਾਣਾ।

(ਸ) ਸ੍ਵਾਧਯਾਯ- ਧਰਮ ਪੁਸਤਕਾਂ ਪੜ੍ਹਨਾ

(ਹ) ਈਸ਼ਵਰ ਪ੍ਰਣਿਧਾਨ- ਸਭ ਕੁਝ ਈਸ਼ਵਰ ਨੂੰ ਅਰਪਣ ਕਰਕੇ ਸਮਾਧੀ ਲਾਉਣੀ।

(ਕ) ਆਸਣ-84 ਆਸਣ ਸਿਖਣੇ ਅਤੇ ਉਨ੍ਹਾਂ ਦਾ ਅਭਿਆਸ ਕਰਨਾ। ਇਸ ਨਾਲ ਚਿੱਤ ਇਕਾਗਰ ਹੁੰਦਾ ਹੈ।

(ਖ) ਪ੍ਰਾਣਾਯਾਮ- ਸੁਆਸਾਂ ਦੇ ਅੰਦਰ ਆਉਣ ਅਤੇ ਬਾਹਰ ਜਾਣ ਨਾਲ ਉਸ ਦਾ ਜਾਪ ਕਰਨਾ। ਇਹ ਕਾਫ਼ੀ ਕਠਨ ਕਿਰਿਆਵਾਂ ਹਨ। ਇਨ੍ਹਾਂ ਦੀ ਤਪਸ਼ ਨਾਲ ਕੁੰਡਲਨੀ ਨੂੰ ਜਗਾ ਕੇ ਜੋਗੀ ਦਸਮ ਦੁਆਰ ਵਿੱਚ ਸਥਿਤ ਹੋ ਜਾਂਦਾ ਹੈ, ਅਤੇ ਕਈ ਕਈ ਸਾਲ ਇੱਥੇ ਹੀ ਸਥਿਰ ਰਹਿੰਦਾ ਹੈ। ਸਰੀਰ ਸੁੱਕ ਕੇ ਨਿਸਲ ਹੋ ਜਾਂਦਾ ਹੈ। ਸਮਾਜ ਵਿੱਚ ਵਿਚਰਨ ਜਾਂ ਕੋਈ ਪਰਉਪਕਾਰ ਕਰਨ ਦੇ ਯੋਗ ਨਹੀਂ ਰਹਿੰਦਾ। ਜੋਗੀ ਕੇਵਲ ਆਪਣੇ ਜੋਗਾ ਹੀ ਰਹਿ ਜਾਂਦਾ ਹੈ।

ਯੋਗ ਮਤਿ ਸਾਂਖ ਵਾਂਗ ਪੂਰੀ ਤਰ੍ਹਾਂ ਨਾਸਤਕ ਤਾਂ ਨਹੀਂ ਪਰ ਜਗਤ ਦੀ ਉਤਪਤੀ ਅਤੇ ਬਿਨਾਸ਼ ਬਾਰੇ ਮੰਨਦਾ ਹੈ ਕਿ ਈਸ਼ਵਰ ਦੀ ਹੋਂਦ ਯੁਕਤੀ ਦੁਆਰਾ ਸਿੱਧ ਨਹੀਂ ਹੋ ਸਕਦੀ। ਪ੍ਰਕ੍ਰਿਤੀ ਅਤੇ ਜੀਵ ਦੋਵੇਂ ਮਿਲ ਕੇ ਸ੍ਰਿਸ਼ਟੀ ਰਚਦੇ ਹਨ ਪਰ ਕਿਉਂ? ਇਸਦਾ ਉੱਤਰ ਪਤੰਜਲ ਰਿਸ਼ੀ ਪਾਸ ਕੋਈ ਨਹੀਂ।

<u>ਗੁਰਮਤਿ ਦੀ ਵਿਚਾਰਧਾਰਾ</u>

(ੳ)- ਇਹ ਸਾਰੀ ਸ੍ਰਿਸ਼ਟੀ, ਜੀਵ ਅਤੇ ਪ੍ਰਕ੍ਰਿਤੀ ਅਕਾਲਪੁਰਖ ਦੇ ਹੁਕਮ ਅੰਦਰ ਹੀ ਰਚੀ ਗਈ ਹੈ।

**ਕੀਤਾ ਪਸਾਉ ਏਕੋ ਕਵਾਉ ॥੧੬॥**

*(ਜਪੁਜੀ ਸਾਹਿਬ ਪੰਨਾ-੩)*

(ਅ)- ਗੁਰਮਤਿ ਅਕਾਲਪੁਰਖ ਨੂੰ ਕੇਵਲ ਜਗਿਆਸੂ ਦੇ ਧਿਆਨ ਦਾ ਕੇਂਦਰ ਹੀ ਨਹੀਂ ਮੰਨਦੀ ਸਗੋਂ ਇਸ ਤੋਂ ਭੀ ਅੱਗੇ ਇਹ ਮੰਨਦੀ ਹੈ ਕਿ ਗਿਆਨੀ ਆਪਣੇ ਆਪੇ ਦੀ ਪਛਾਣ ਕਰੇ ਕਿ ਉਹ ਜੋਤਿ ਸਰੂਪ ਹੈ। ਹਉਮੈ ਬੁਝ ਕੇ ਅਕਾਲਪੁਰਖ ਦੀ ਦਰਗਾਹ ਵਿਚ ਪ੍ਰਵਾਨ ਹੋਣ ਲਈ ਗੁਰਪ੍ਰਸਾਦਿ ਦੀ ਜਾਚਨਾ ਕਰੇ।

**ਪ੍ਰਣਵਤ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੁਝੈ ਸੋਇ ॥**

**ਗੁਰਪ੍ਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪ੍ਰਵਾਣੁ ॥੪॥੩੦**

*(ਸਿਰੀ ਰਾਗ ਮ: ੧ ਪੰਨਾ ੨੫)*

(ੲ)- ਮਨ ਨੂੰ ਅਸਲ ਰੋਗ ਤਾਂ ਹਉਮੈ ਦਾ ਹੈ। ਸਿੱਧਾਂ ਦੇ ਆਸਣ ਸਿੱਖ ਕੇ ਚਿੱਤ ਨੂੰ ਟਿਕਾ ਕੇ ਭੀ ਇਹ ਹਉਮੈ ਨਹੀਂ ਮਿਟਦੀ।

**ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥**

**ਮਨ ਕੀ ਮੈਲ ਨ ਉਤਰੈ, ਹਉਮੈ ਮੈਲ ਨ ਜਾਇ॥੨॥**

*(ਵਡਾਂਸ ਮ: ੩, ਪੰਨਾ ੫੫੮)*

**ਇਸ ਮਨ ਕਉ ਹੋਰੁ ਸੰਜਮੁ ਕੋ ਨਹੀਂ ਵਿਣੁ ਸਤਿਗੁਰ ਕੀ ਸਰਣਾਇ॥**

**ਸਤਿਗੁਰ ਮਿਲਿਐ ਉਲਟੀ ਭਈ ਕਹਣਾ ਕਿਛੁ ਨ ਜਾਇ॥੩॥੪॥੧॥**

*(ਵਡਹੰਸ ਮ: ੩, ਪੰਨਾ ੫੫੮)*

ਗੁਰਮਤਿ ਅੰਦਰ ਯੋਗ ਦਰਸ਼ਨ ਦੇ ਪੰਜ ਯਮ ਅਤੇ ਪੰਜੇ ਨਿਯਮਾਂ ਨੂੰ ਸਦਾਚਾਰਕ ਜੀਵਨ ਦੇ ਆਧਾਰ ਵਜੋਂ ਸਵੀਕਾਰ ਕੀਤਾ ਗਿਆ ਹੈ ਪਰ ਬ੍ਰਹਮਚਰੀਆ ਦੀ ਸੋਧ ਕਰਕੇ ਗ੍ਰਿਹਸਤ ਜੀਵਨ ਵਿਚ ਏਕਾ ਨਾਰੀ ਜਤੀ ਹੋਏ ਦਾ ਵਿਧਾਨ ਦਿੱਤਾ ਹੈ।

ਪੰਜ ਨਿਯਮਾਂ ਵਿਚ-ਸੌਚ ਦੇ ਅਰਥ ਵਿਚ ਸੋਧ ਕੀਤੀ ਗਈ ਹੈ-ਸਰੀਰ ਦੀ ਸਫਾਈ ਤਾਂ ਠੀਕ ਹੈ ਪਰ ਗੁਰਮਤਿ ਮਨ ਦੇ ਵਿਸ਼ੇ ਵਿਕਾਰਾਂ ਤੋਂ ਸੁਚਮਤਾ ਦੀ ਲੋੜ ਤੇ ਜ਼ਿਆਦਾ ਜ਼ੋਰ ਦੇਂਦੀ ਹੈ। ਤਪ ਕਰਨਾ ਹਠ ਕਰਮ ਹੈ ਇਸ ਲਈ ਇਹ ਵਰਜਿਆ ਗਿਆ ਹੈ । ਸੰਤੋਖ ਦੇ ਅਰਥ ਖ਼ਾਹਿਸ਼ਾਂ ਨੂੰ ਦਬਾਉਣਾ ਨਹੀਂ ਬਲਕਿ ਗੁਰ ਸ਼ਬਦਿ ਰਾਹੀਂ ਮਨ ਦੀ ਇਹ ਅਵਸਥਾ ਹੋ ਜਾਂਦੀ ਹੈ ਕਿ ਜੋ ਕੁਝ ਰਜ਼ਾ ਵਿਚ ਮਿਲ ਰਿਹਾ ਹੈ ਉਸ ਉੱਤੇ ਸ਼ੁਕਰ ਕਰਨਾ ਸੰਤੋਖ ਹੁੰਦਾ ਹੈ।

**5- ਪੂਰਵ ਮੀਮਾਂਸਾ ਸ਼ਾਸਤਰ**

ਇਸਦਾ ਕਰਤਾ ਜੈਮਨੀ ਰਿਸ਼ੀ ਹੈ।

(ੳ) ਜਗਤ ਰਚਨਾ ਨੂੰ ਸਤ ਅਤੇ ਅਨਾਦੀ ਮੰਨਦਾ। ਇਸ ਨੂੰ ਕਦੀ ਕਿਸੇ ਸਾਜਿਆ ਨਹੀਂ।

(ਅ) ਆਤਮਾਵਾਂ ਅਣਗਿਣਤ ਹਨ। ਦੁਖ ਸੁਖ ਅਨੁਭਵ ਕਰਦੀਆਂ ਹਨ।

(ੲ) ਮਨ ਵੀ ਅਮਰ ਅਤੇ ਸਰਬ ਵਿਆਪੀ ਹੈ।

(ਸ) ਜੈਮਨੀ ਰਿਸ਼ੀ ਈਸ਼ਵਰ ਬਾਰੇ ਚੁੱਪ ਹੈ ਅਤੇ ਈਸ਼ਵਰ ਨੂੰ ਕਰਮਾਂ ਦੇ ਫਲ ਦੇਣ ਵਾਲਾ ਨਹੀਂ ਮੰਨਦਾ।

(ਹ) ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਫਲ ਭੋਗਨ ਉਪਰੰਤ ਹੀ ਮੁਕਤੀ ਮਿਲ ਸਕਦੀ ਹੈ। ਵਰਤਮਾਨ ਜਨਮ ਵਿੱਚ ਨਿਸ਼ਕਾਮ ਕਰਮ ਤੇ ਜ਼ੋਰ ਦਿੰਦਾ ਹੈ।

(ਕ) ਕਰਜ਼ੇ ਦੀ ਥਿਊਰੀ ਇਸਨੇ ਕੱਢੀ ਹੈ। ਕਈ ਪ੍ਰਕਾਰ ਦੇ ਕਰਜ਼ ਜਿਵੇਂ ਆਪਣੇ ਪ੍ਰਤੀ ਕਰਜ਼, ਕੁਟੰਬ ਪ੍ਰਤੀ, ਸੰਬੰਧੀਆਂ ਪ੍ਰਤੀ, ਆਪਣੀ ਜਾਤੀ ਪ੍ਰਤੀ, ਕੌਮ ਪ੍ਰਤੀ, ਹੋਰ ਵੀ ਕਈ ਪ੍ਰਕਾਰ ਦੇ ਕਰਜ਼ੇ ਹਨ। ਜੋ ਹਰ ਪ੍ਰਾਣੀ ਨੂੰ ਉਤਾਰਨੇ ਪੈਣੇ ਹਨ।

(ਖ) ਵੇਦ ਦੇ ਪ੍ਰਥਮ ਭਾਗ ਵਿੱਚ ਆਏ ਕਰਮ ਕਾਂਡ ਤੇ ਬਹੁਤ ਜ਼ੋਰ ਦਿੰਦਾ ਹੈ ਇਸ ਨੂੰ ਹੀ ਧਰਮ ਦਾ ਸਰੂਪ ਮੰਨਦਾ ਹੈ। ਬ੍ਰਹਮਣੀ ਕਰਮ ਕਾਂਡ ਦਾ ਇਹੋ ਸੋਮਾ

ਹੈ ਜੋ ਹੁਣ ਤੱਕ ਤੁਰਿਆ ਆਉਂਦਾ ਹੈ। ਪੂਰਵ ਮੀਮਾਂਸਾ ਨੇ ਹਿੰਦੂ ਪੁਜਾਰੀ ਵਰਗ ਨੂੰ ਜਨਮ ਦਿੱਤਾ ਜੋ ਹੁਣ ਤਕ ਸਮੂਹ ਹਿੰਦੂਆਂ ਦੀ ਧਾਰਮਿਕ ਅਗਵਾਈ ਕਰਦਾ ਆ ਰਿਹਾ ਹੈ।

ਭਾਰਤ ਦੇ ਛੇ ਸ਼ਾਸਤਰ ਹੀ ਹਿੰਦੁਤੱਵ ਦਾ ਆਧਾਰ ਹਨ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਹਿੰਦੂਤੱਵ ਨਾਲ ਸਾਂਝ ਤਾਂ ਹੀ ਹੋ ਸਕਦੀ ਜੇ ਉਹ ਛੇ ਸ਼ਾਸਤਰਾਂ ਦੀ ਵਿਚਾਰਧਾਰਾ ਨੂੰ ਛੱਡ ਕੇ ਕੇਵਲ ਪਰਮੇਸ਼ਰ ਦੇ ਨਾਮ ਦੀ ਵਿਚਾਰਧਾਰਾ ਦੇ ਧਾਰਨੀ ਬਣ ਜਾਣ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਵੇਦ ਸ਼ਾਸਤਰੀ ਵਿਚਾਰਧਾਰਾ ਵਾਂਗ ਕਲਪਿਤ ਨਹੀਂ ਹੈ, ਇਸਦਾ ਆਧਾਰ ਪ੍ਰਤਖ ਗਿਆਨ ਹੈ। ਕੇਵਲ ਅਕਾਲਪੁਰਖ ਹੀ ਅਨਾਦੀ ਹੈ। ਉਹ ਆਪ ਹੀ ਜਗਤ ਦੀ ਰਚਨਾ ਕਰਦਾ ਹੈ।

ਆਤਮਾਵਾਂ ਹਉਮੈ ਅਤੇ ਅਗਿਆਨਤਾ ਕਰਕੇ ਅਨੇਕ ਦਿਸਦੀਆਂ ਹਨ। ਉਹ ਪਰਮਾਤਮਾ ਤੋਂ ਭਿੰਨ ਨਹੀਂ ਹਨ।

**ਸੂਰਜ ਕਿਰਣਿ ਮਿਲੇ ਜਲ ਕ ਜਲੁ ਹੂਆ ਰਾਮ॥**
**ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥** *(ਬਿਲਾਵਲ ਮ: ੫ ਛੰਤ ੮੪੬)*

ਮਨ ਦੀ ਕੋਈ ਵੱਖਰੀ ਹਸਤੀ ਨਹੀਂ ਹੈ। ਮਨ ਅਤੇ ਆਤਮਾ ਜੋਤਿ ਸਰੂਪ ਹਨ।

ਈਸ਼ਵਰ-ਅਕਾਲਪੁਰਖ ਸਰਬ ਸ਼ਕਤੀਮਾਨ ਹੈ ਕਰਮਾਂ ਦਾ ਫਲ ਦੇਣ ਵਾਲਾ ਭੀ ਹੈ ਅਤੇ ਪੂਰਬ ਜਨਮ ਦੇ ਕਰਮਾਂ ਦਾ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਨਾਸ਼ ਭੀ ਕਰ ਸਕਦਾ ਹੈ।

**ਜਿਨ ਕਿਉਂ ਕਿਰਪਾ ਕਰੀ ਮੇਰੇ ਠਾਕੁਰ ਤਿਨਕਾ ਲੇਖਾ ਨ ਗਣਿਆ।**

*(ਵਡਹੰਸ ਮ: ੫ ਛੰਤ ੫੭੭)*

ਜੈਮਨੀ ਰਿਸ਼ੀ ਦੀ ਚਲਾਈ ਕਰਜ਼ੇ ਦੀ ਥਿਉਰੀ ਗੁਰਮਤਿ ਨੇ ਪ੍ਰਵਾਨ ਨਹੀਂ ਕੀਤੀ ਸਗੋਂ ਇਸ ਤੋਂ ਮਨੁੱਖ ਨੂੰ ਆਜ਼ਾਦ ਕਰਾਇਆ ਗਿਆ ਹੈ।

**ਕਰਮਾਕਾਂਡ-** ਵੇਦਾਂ ਦੇ ਕਰਮਕਾਂਡ ਨੂੰ ਗੁਰਮਤਿ ਰੱਦ ਕਰਦੀ ਹੈ। ਨਿਸ਼ਕਾਮ ਸੇਵਾ, ਅਤੇ ਪਰਉਪਕਾਰ ਉੱਤੇ ਜ਼ੋਰ ਦਿੰਦੀ ਹੈ ਇਸੇ ਵਿੱਚ ਸਮੁੱਚੇ ਸਮਜ ਦਾ ਕਲਿਆਣ ਹੁੰਦਾ ਹੈ।

ਅਸਲ ਵਿੱਚ ਹਉਮੈ ਹੀ ਐਸਾ ਰੋਗ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਹਰ ਪ੍ਰਕਾਰ ਦੇ ਦੁਖ ਸੁਖ, ਪਾਪ ਪੁੰਨ, ਕਈ ਪ੍ਰਕਾਰ ਦੇ ਬੰਧਨ, ਜਨਮ ਅਤੇ ਮਰਣ ਦਾ ਮੂਲ ਮੰਨਦੇ ਹਨ।

**ਹਉ ਵਿਚਿ ਸਚਿਆਰੁ ਕੂੜਿਆਰੁ॥ ਹਉ ਵਿਚਿ ਪਾਪ ਪੁੰਨ ਵੀਚਾਰੁ॥**
**ਹਉ ਵਿਚਿ ਮਾਇਆ ਹਉ ਵਿਚਿ ਛਾਇਆ॥ ਹਉਮੈ ਕਰਿ ਕਰਿ ਜੰਤ ਉਪਾਇਆ॥**
**ਹਉਮੈ ਬੁਝੈ ਤਾ ਦਰੁ ਸੂਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ॥੧॥**

*(ਆਸਾ ਕੀ ਵਾਰ ਪੰਨਾ-੪੬੬)*

## 6- ਵੇਦਾਂਤ ਸ਼ਾਸਤਰ

ਇਸਦਾ ਕਰਤਾ ਬਿਆਸ ਰਿਸ਼ੀ ਹੈ।

(ੳ) ਬ੍ਰਹਮ ਹੀ ਕੇਵਲ ਸਰਬ ਕਾਲੀਨ ਸਤਿ ਹੈ।

(ਅ) ਜਗਤ ਦੀ ਰਚਨਾ ਦਾ ਮੂਲ ਕਾਰਨ ਮਾਇਆ ਹੈ। ਜਿਸ ਬਾਰੇ ਨਿਸਚਿਤ ਰੂਪ ਵਿੱਚ ਕੁਝ ਕਹਿਣਾ ਕਠਨ ਹੈ । ਨਾ ਇਹ ਸਤ ਹੈ, ਨ ਅਸਤ ਹੈ। ਸੰਸਾਰ ਮਿਥਿਆ ਵੀ ਹੈ ਤੇ ਅਨਾਦੀ ਵੀ ਹੈ।

(ੲ) ਜੀਵ ਆਤਮਾ ਅਤੇ ਜਗਤ ਮਾਇਆ ਦੇ ਸੰਜੋਗ ਨਾਲ ਇਕੋ ਬ੍ਰਹਮ ਤੋਂ ਹੀ ਬਣੇ ਹਨ। ਅਗਿਆਨਤਾ ਵਸ ਹੋ ਕੇ ਜੀਵ ਆਤਮਾ ਆਪਣੇ ਆਪ ਨੂੰ ਬ੍ਰਹਮ ਤੋਂ ਵੱਖਰੀ ਹਸਤੀ ਮੰਨਦੀ ਹੈ ।

(ਸ) ਬ੍ਰਹਮ ਅਕ੍ਰਤਰੀ ਹੈ। ਭਾਵ ਇਹ ਕੋਈ ਕਰਮ ਨਹੀਂ ਕਰਦਾ।

(ਹ) ਮੁਕਤੀ ਦਾ ਸਾਧਨ ਗਿਆਨ ਹੈ। ਜੋ ਵਿਚਾਰ ਅਤੇ ਧਿਆਨ ਜੋੜਨ ਨਾਲ ਪ੍ਰਾਪਤ ਹੁੰਦਾ ਹੈ। ਬ੍ਰਹਮ ਗਿਆਨ ਰਾਹੀਂ ਜੀਵ ਅਤੇ ਈਸ਼ਵਰ ਦਾ ਭੇਦ ਮਿਟ ਜਾਂਦਾ ਹੈ। ਇਹੋ ਮੁਕਤੀ ਹੈ।

(ਕ) "ਅਹੰਬ੍ਰਹਮ ਅਸਮੀ"- ਜੀਵ ਸਮਝ ਜਾਂਦਾ ਹੈ ਕਿ ਮੈਂ ਹੀ ਬ੍ਰਹਮ ਹਾਂ। ਉਸ ਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਉਹ ਬ੍ਰਹਮ ਹੋ ਸਕਦਾ ਹੈ। ਸ਼ੰਕਰਾਚਾਰੀਆ ਵੇਦਾਂਤ ਦੇ ਪ੍ਰਚਾਰ ਦਾ ਮੋਢੀ ਸੀ। ਅੱਜਕਲ ਭਾਰਤ ਵਿਚ ਉਸਦੇ ਚਾਰ ਕੇਂਦਰ ਹਨ। ਇਨ੍ਹਾਂ ਕੇਂਦਰਾਂ ਦੇ ਮੁਖੀ ਨੂੰ ਭੀ ਸ਼ੰਕਰਾਚਾਰੀਆ ਕਿਹਾ ਜਾਂਦਾ ਹੈ।

## ਗੁਰਮਤਿ ਦੀ ਵਿਚਾਰਧਾਰਾ

(ੳ) ਗੁਰਮਤਿ ਅਕਾਲਪੁਰਖ ਨੂੰ ਮੂਲ ਸੱਤ ਮੰਨਦੀ ਹੈ।

(ਅ) ਜਗਤ ਰਚਨਾ ਦਾ ਮੂਲ ਕਾਰਨ ਮਾਇਆ ਨਹੀਂ ਬਲਕਿ ਅਕਾਲਪੁਰਖ ਦੇ ਹੁਕਮ ਤੋਂ ਰਚਨਾ ਹੁੰਦੀ ਹੈ।

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥**
**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥** *(ਜਪੁਜੀ ਪੰਨਾ-੧)*

(ੲ) ਜਗਤ ਅਕਾਲਪੁਰਖ ਦੀ ਰਚਨਾ ਵਿਚ ਬੁਰਿਆਈ ਕਿੱਥੋਂ ਆ ਗਈ? ਸਾਂਖ ਸ਼ਾਸਤਰ ਇਸ ਦਾ ਕਾਰਣ ਅਗਿਆਨ ਦਸਦਾ ਹੈ। ਵੇਦਾਂਤ ਇਸਦਾ ਕਾਰਣ ਮਾਇਆ ਦਾ ਪਰਦਾ ਮੰਨਦਾ ਹੈ। ਗੁਰਮਤਿ ਦਾ ਵਿਚਾਰ ਹੈ ਕਿ ਹਉਮੈ ਅਤੇ ਮੋਹ ਇਹਨਾਂ ਦੋਹਾਂ ਕਰਕੇ ਜਗਤ ਵਿੱਚ ਬੁਰਿਆਈ ਆਈ।

**ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ॥ ਮਮਤਾ ਲਾਇ ਭਰਮ ਭੁਲਾਇਆ॥੨** *(ਭੈਰਉ ਮ: ੩ ਪੰਨਾ ੧੧੨੯)*

(ਸ) ਜੀਵਆਤਮਾ ਦਾ ਵਿਕਾਸ ਜਗਤ ਰਚਨਾ ਤੋਂ ਮਗਰੋਂ ਹੁੰਦਾ ਹੈ।

**ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥**
**ਆਤਮ ਚੀਨੈ ਸੋ ਤਤ ਬੀਚਾਰੇ ॥੮॥੮॥**

*(ਗਉੜੀ ਅਸਟਪਦੀਆ ਮ:੧ ਪੰਨਾ ੨੨੪)*

**ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ॥**
**ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥੫॥੧੦॥**

*(ਆਸਾ ਮ: ੫, ਪੰਨਾ ੪੪੧)*

(ਹ) ਬ੍ਰਹਮ ਅਕ੍ਰਤਰੀ ਨਹੀਂ ਹੈ। ਉਹ ਕਰਤਾ ਹੈ। ਉਹ ਸਭ ਅੰਦਰ ਵਸਕੇ ਕੰਮ ਕਰਾ ਰਿਹਾ ਹੈ।

**ਤੂੰ ਕਰਤਾ ਪੁਰਖੁ ਅਗੰਮ ਹੈ ਆਪਿ ਸ੍ਰਿਸਟਿ ਉਪਾਤੀ॥**
**ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥**

*(ਵਾਰ ਮਾਝ ਮ: ੫, ਪਉੜੀ॥੧॥ ਪੰਨਾ ੧੩੮)*

**ਕਿਛੁ ਹਾਥਿ ਕਿਸੈ ਦੈ ਕਿਛੁ ਨਹੀਂ ਸਭਿ ਚਲਹਿ ਚਲਾਏ॥**
**ਜਿਨੁ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ॥੩੪॥੧੮**

*(ਆਸਾ ਛੰਤ ਮ: ੪, ਪੰਨਾ ੪੫੦)*

ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਇਕ ਅਕਾਲ ਪੁਰਖ ਵਿਚ ਦ੍ਰਿੜ ਵਿਸ਼ਵਾਸ਼ ਰੱਖਦੀ ਹੈ। ਸ਼ਾਸਤਰਾਂ ਵਿਚ ਕੋਈ ਨਾਸਤਕ ਸ਼ਾਸਤਰ ਹਨ, ਕਿਸੇ ਕਿਸੇ ਨੇ ਕਿਤੇ ਕਿਤੇ ਰੱਬ ਦੀ ਹੋਂਦ ਨੂੰ ਮੰਨਿਆ ਹੈ ਪਰ ਤਾਂ ਭੀ ਚੱਜ ਨਾਲ ਨਹੀਂ ਮੰਨਿਆ। ਨਿਯਾਏ, ਵਸ਼ੇਸ਼ਕ,ਅਤੇ ਸਾਂਖ ਸ਼ਾਸਤਰਾਂ ਦੇ ਰਿਖੀ ਰੱਬ ਨੂੰ ਸ੍ਰਿਸ਼ਟੀ ਦਾ ਕਰਤਾ ਹੀ ਨਹੀਂ ਮੰਨਦੇ। ਪਰਮਾਣੂਆਂ ਤੋਂ ਜਗਤ ਦੀ ਉਤਪਤੀ ਆਪੇ ਕਿਵੇਂ ਹੋ ਗਈ ? ਪਰਮਾਣੂ ਕਿੱਥੋਂ ਬਣੇ? ਇਸਦਾ ਕੋਈ ਪਤਾ ਨਹੀਂ ਨਾ ਹੀ ਕੋਈ ਉਤਰ ਦਿੰਦੇ ਹਨ। ਸਾਂਖ ਸ਼ਾਸਤਰ ਪੁਰਸ਼ ਅਤੇ ਪ੍ਰਕ੍ਰਿਤੀ ਦੇ ਮੇਲ ਤੋਂ ਸ੍ਰਿਸ਼ਟੀ ਦੀ ਸਿਰਜਣਾ ਮੰਨਦਾ ਹੈ। ਪਰ ਇਹ ਦੋਵੇਂ ਅਨਾਦੀ ਕਿਵੇਂ ਹੋ ਗਏ? ਕਿਸੇ ਪੜਾਅ ਤੇ ਤਾਂ ਇਹਨਾਂ ਦੀ ਰਚਨਾ ਹੋਈ ਹੋਵੇਗੀ। ਪਰ ਉਹ ਇਸਦਾ ਕੋਈ ਉਤਰ ਨਹੀਂ ਦਿੰਦਾ। ਗੁਰਮਤਿ ਤਾਂ ਬੜੇ ਸੌਖੇ ਸ਼ਬਦਾਂ ਵਿਚ ਦਸ ਰਹੀ ਹੈ:-

**ਸਲੋਕ- ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥**
**ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁ ਪ੍ਰਸੰਨ॥**

*(ਗਉੜੀ ਸੁਖਮਨੀ ਮ:੫ ਪੰਨਾ ੨੮੩)*

ਗੁਰਮਤਿ ਦਸਦੀ ਹੈ ਉਹ ਪ੍ਰਭੂ ਰਜੋ, ਤਮੋ ਅਤੇ ਸਤੋ ਗੁਣ ਤੋਂ ਉਪਰ ਹੈ, ਅਨਾਦੀ ਹੈ, ਉਸਦੇ ਹੁਕਮ ਨਾਲ ਹੀ ਸਾਰੀ ਰਚਨਾ ਹੋ ਗਈ। ਕਿਵੇਂ ਹੋਈ? ਉਤਰ ਹੈ

**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥**
**ਕਿਵ ਕਰਿ ਆਖਾ ਕਿਵ ਸਾਲਾਹੀ ਕਿਵ ਵਰਨੀ ਕਿਵ ਜਾਣਾ॥**
**ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ॥੨੧॥**

*(ਜਪੁਜੀ-ਪੰਨਾ-੫)*

ਬਾਕੀ ਸਭ ਕਿਆਸ ਹਨ। ਜਦੋਂ ਰਚਨਾ ਹੋਈ, ਉਸ ਵਕਤ ਕੋਈ ਵਿਅਕਤੀ ਜਾਂ ਰਿਖੀ ਰੱਬ ਦੇ ਕੋਲ ਨਹੀਂ ਸੀ ਬੈਠਾ। ਨਾ ਰੱਬ ਨੇ ਰਚਨਾ ਕਰਨ ਵੇਲੇ ਕਿਸੇ ਤੋਂ ਸਲਾਹ ਲਈ। ਅਕਾਲਪੁਰਖ ਦੇ ਅੰਦਰ ਇਕ ਫੁਰਨਾ ਆਇਆ ਉਹ ਸਫੁਰ ਹੋ ਕੇ ਸੰਸਾਰ ਦੀ ਸ਼ਕਲ ਧਾਰ ਗਿਆ।

**ਕੀਤਾ ਪਸਾਉ ਏਕੋ ਕਵਾਉ ॥ ਤਿਸਤੇ ਹੋਏ ਲੱਖ ਦਰਿਆਉ ॥੧੬**

*(ਜਪੁਜੀ ਪੰਨਾ ੩)*

ਗੁਰੂ ਸਾਹਿਬਾਨ ਤਾਂ ਫੁਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਪਰਮੇਸ਼ਰ ਨੇ ਹਵਾ ਸਾਜੀ, ਫਿਰ ਪਾਣੀ ਅਤੇ ਫਿਰ ਇਹਨਾਂ ਤੋਂ ਜਗਤ ਦੀ ਉਤਪਤੀ ਹੋਈ। ਅੱਜ ਦੀ ਸਾਇੰਸ ਭੀ ਇਸ ਵਿਚਾਰ ਨਾਲ ਸਹਿਮਤ ਹੈ। ਪਰ ਇਸ ਤੋਂ ਹੋਰ ਵਧੇਰੇ ਵਾਕਫੀ ਨਹੀਂ ਮਿਲਦੀ। ਇਹ ਉਹੀ ਜਾਣੇ ਰਚਨਾ ਦਾ ਇਤਨਾ ਵਿਸਥਾਰ ਕਿਵੇਂ ਕੀਤਾ?

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥**
**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥੩॥੧੫॥**

*(ਪੰਨਾ ੧੯)*

ਯੋਗ ਸ਼ਾਸਤਰ ਇਹ ਮੰਨਦਾ ਹੈ ਕਿ ਰਚਨਾ ਉਸਦੇ ਹੁਕਮ ਨਾਲ ਹੀ ਹੋਈ ਹੈ। ਸਾਂਖ ਦਾ ਸਾਧਨਾ ਪੱਖ ਕੁਝ ਕਮਜ਼ੋਰ ਲਗਦਾ ਹੈ। ਯੋਗ ਮਤ ਵਿਚ ਚਿੱਤ ਬਿਰਤੀਆਂ ਨੂੰ ਇਕਾਗਰ ਕਰਨ ਲਈ ਯੋਗ ਦੇ ੮੪ ਆਸਣਾ ਦੇ ਅਭਿਆਸ ਤੇ ਜ਼ੋਰ ਦਿੱਤਾ ਗਿਆ ਹੈ। ਕੁੰਭਕ ਰੇਚਕ ਸੁਆਸ ਦੀਆਂ ਕਿਰਿਆਵਾਂ ਦੁਆਰਾ ਕੁੰਡਲਨੀ ਜਗਾ ਕੇ ਦਸਮ ਦੁਆਰ ਵਿੱਚ ਸਥਿਤ ਹੋਕੇ ਸਰੀਰ ਨੂੰ ਕਰਮ ਰਹਿਤ ਕਰਨਾ ਹੀ ਆਦਰਸ਼ ਮੰਨਿਆ ਗਿਆ ਹੈ। ਇਸਦਾ ਭਾਵ ਇਹ ਹੋਇਆ ਕਿ ਹਰ ਸਾਧਾਰਨ ਮਨੁੱਖ ਸਿੱਧ-ਜੋਗੀ ਨਹੀਂ ਬਣ ਸਕਦਾ ਕਿਉਂਕਿ ਆਸਣ ਕਰਨ ਲਈ ਇਕ ਖਾਸ ਤਕਨੀਕੀ ਅਗਵਾਈ ਦੀ ਜ਼ਰੂਰਤ ਹੁੰਦੀ ਹੈ। ਦੂਜੀ ਗੱਲ ਇਹ ਵੇਖਣ ਵਿਚ ਆਈ ਹੈ ਕਿ ਜੋਗੀ ਆਮ ਤੌਰ ਤੇ ਕੋਈ ਕਿਰਤ ਨਹੀਂ ਸੀ ਕਰਦੇ ਬਲਕਿ ਮੰਗ ਕੇ (ਗੱਜਾ ਕਰਕੇ) ਖਾਂਦੇ ਸਨ। ਸ਼ਾਦੀ ਭੀ ਨਹੀਂ ਸੀ ਕਰਦੇ। ਔਰਤ ਨੂੰ ਨਾਗਨੀ ਸਮਝਦੇ ਸਨ ਅਤੇ ਇਸਤੋਂ ਕੋਹਾਂ ਦੂਰ ਜੰਗਲਾਂ ਜਾਂ ਪਹਾੜਾਂ ਵਿੱਚ ਰਹਿੰਦੇ ਸਨ। ਸਮਾਜਿਕ ਜ਼ਿੰਮੇਵਾਰੀ ਤੋਂ ਭੱਜ ਕੇ ਕੇਵਲ ਆਪਣੇ ਨਿੱਜ ਦੇ ਵਿਕਾਸ ਲਈ ਜਤਨ-ਸ਼ੀਲ ਰਹਿੰਦੇ ਸਨ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਨਾਲ ਵਿਸ਼ੇਸ਼ ਮਿਲਣੀਆਂ ਕਰਕੇ ਆਪਣੀ ਵਿਚਾਰਧਾਰਾ ਇਨ੍ਹਾਂ ਨੂੰ ਸਮਝਾਈ। ਉਸ ਸਮੇਂ 16ਵੀਂ ਸਦੀ ਵਿਚ ਇਨ੍ਹਾਂ ਦਾ ਬਹੁਤ ਬੋਲ ਬਾਲਾ ਸੀ। ਲੋਕੀਂ ਇਨ੍ਹਾਂ ਦੇ ਵਰ-ਸਰਾਪ ਤੋਂ ਬੜਾ ਡਰਦੇ ਹੁੰਦੇ। ਇਹ ਨਗਰਾਂ ਵਿਚ ਆਕੇ ਆਪਣੀ ਸਿਧਿ-ਪ੍ਰਾਪਤੀਆਂ ਦਾ ਪ੍ਰਦਰਸ਼ਨ ਕਰਦੇ ਹੁੰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਤਿੰਨ ਮੁੱਖ ਧਰਮ ਪ੍ਰਚਾਰਕਾਂ ਦਾ ਜ਼ਿਕਰ ਇੰਝ ਕੀਤਾ ਹੈ ਕਿ ਇਨ੍ਹਾਂ ਤਿੰਨਾਂ ਨੇ ਲੋਕਾਂ ਨੂੰ ਸਹੀ ਸੇਧ ਨਹੀਂ ਦਿੱਤੀ।

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨ ॥੭ ॥

*(ਧਨਾਸਰੀ ਮ: ੧, ਪੰਨਾ ੬੬੨)*

ਇਕ ਸੌ ਵਰ੍ਹੇ ਮਗਰੋਂ ਗੁਰੂ ਤੇਗ਼ ਬਹਾਦਰ ਜੀ ਨੇ ਭੀ ਟਿਪਣੀ ਦਿੱਤੀ ਹੈ। ਭਾਵ 17ਵੀਂ ਸ਼ਤਾਬਦੀ ਦੇ ਅੰਤ ਤੱਕ ਉਨ੍ਹਾਂ ਬਾਰੇ ਮਹਾਰਾਜ ਦੇ ਵਿਚਾਰ ਉਹੀ ਸਨ।

ਜਾ ਕਉ ਜੋਗੀ ਖੋਜਤ ਹਾਰੇ ਪਾਇਓ ਨਾਹਿ ਤਿਹ ਪਾਰਾ ॥
ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ ਨਿਆਰਾ ॥੧ ॥੩ ॥

*(ਜੈਤਸਰੀ ਮ: ੯ ਪੰਨਾ ੭੦੩)*

ਨੋਟ:- ਜੋਗ ਦੇ ਕੇਵਲ ਆਸਣਾਂ ਦਾ ਪ੍ਰਚਾਰ ਅਜਕਲ ਟੀ.ਵੀ. ਰਾਹੀਂ ਕੀਤਾ ਜਾਂਦਾ ਹੈ, ਉਹ ਵੀ ਸਿਹਤ ਠੀਕ ਰੱਖਣ ਲਈ ਨਾ ਕਿ ਆਤਮਕ ਕਲਿਯਾਣ ਲਈ।

ਜੇ ਜੈਮਨੀਰਿਸ਼ੀ ਪੂਰਵ ਮੀਮਾਂਸਾ ਦਾ ਕਰਤਾ ਵੇਦਾਂ ਦੇ ਅਗਲੇਰੇ ਭਾਗ ਵਿਚ ਆਏ ਕਰਮ ਕਾਂਡ ਤੇ ਜ਼ੋਰ ਦਿੰਦਾ ਰਿਹਾ ਹੈ ਤਾਂ ਵੇਦਾਂਤ ਦੇ ਰਿਸ਼ੀ ਵਿਆਸ ਜੀ ਨੇ ਵੇਦਾਂ ਦੇ ਅੰਤਲੇ ਭਾਗ ਉੱਤੇ ਜ਼ੋਰ ਦਿੱਤਾ। ਬ੍ਰਹਮਣ ਨੂੰ ਕਰਮ-ਕਾਂਡ ਦੇ ਪ੍ਰਚਾਰ ਕਰਨ ਦਾ ਇੱਥੋਂ ਜੈਮਨੀ ਰਿਸ਼ੀ ਤੋਂ ਅਤੇ ਵਿਆਸ ਰਿਸ਼ੀ ਤੋਂ ਹੀ ਬਲ ਮਿਲਿਆ। ਈਸ਼ਵਰ ਨੂੰ ਲਾਂਭੇ ਰੱਖ ਕੇ ਕਰਮ ਨੂੰ ਹੀ ਫਲ ਦੇਣ ਦਾ ਅਧਿਕਾਰੀ ਮੰਨਣਾ ਬ੍ਰਾਹਮਣ ਦੀ ਸਭ ਤੋਂ ਵੱਡੀ ਭੁੱਲ ਹੈ। ਵੇਦਾਂਤ ਵਿਚ 'ਅਹੰ ਬ੍ਰਹਮ ਅਸਮੀ'- ਮੈਂ ਹੀ ਬ੍ਰਹਮ ਹਾਂ ਦੇ ਦਾਵ੍ਹੇ ਨਾਲ ਘਰ ਘਰ ਹੀ ਰਾਮ ਬਣ ਕੇ ਕਈ ਚਾਲਾਕ ਲੋਕ ਬੈਠ ਗਏ। ਸ਼ੰਕਰਾਚਾਰੀਆ ਨੇ ਵੇਦਾਂਤ ਦਾ ਵਾਹ ਵਾਹ ਪ੍ਰਚਾਰ ਕੀਤਾ। ਰਚਨਾ ਦਾ ਮੂਲ ਕਾਰਣ ਮਾਇਆ ਨੂੰ ਸਮਝਣਾ ਉਸਦੀ ਵੱਡੀ ਭੁਲ ਹੈ। ਇਸ ਵਿਚਾਰ ਉੱਤੇ ਸਾਂਖ ਸ਼ਾਸਤਰ ਦਾ ਪ੍ਰਭਾਵ ਲੱਗਦਾ ਹੈ ਕਿ ਜੀਵ ਆਤਮਾ ਮਾਇਆ ਦੇ ਸੰਜੋਗ ਨਾਲ ਮਨੁੱਖੀ ਸਰੀਰ ਧਾਰਨ ਕਰਦੀ ਹੈ। ਜਗਤ ਰਚਨਾ ਕੇਵਲ ਅਕਾਲਪੁਰਖ ਦਾ ਅਧਿਕਾਰ ਖੇਤਰ ਹੈ ਮਾਇਆ ਦਾ ਨਹੀਂ। ਗੁਰੂ ਦੀ ਵਿਚਾਰਧਾਰਾ ਇਹੋ ਸੇਧ ਬਖ਼ਸ਼ਦੀ ਹੈ ਕਿ ਅਸਲ ਮਨੁਖੀ ਕਮਜ਼ੋਰੀਆਂ ਪੰਜ ਹਨ। ਇਨ੍ਹਾਂ ਪੰਜਾਂ ਦਾ ਮੁਕਾਬਲਾ ਕਰਨਾ ਹਰ ਇਕ ਲਈ ਜ਼ਰੂਰੀ ਹੈ:-

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀਂ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤ ਅੰਧ ਵਰਤਾਰਾ ਬਾਝੁ ਗੁਰੂ ਗੁਬਾਰਾ ॥੨ ॥੨ ॥

*(ਸੋਰਠਿ ਮ: ੩, ਪੰਨਾ ੬੦੦)*

ਗੁਰਮਤਿ ਦੀ ਵਿਚਾਰਧਾਰਾ "ਅਗੰਮ ਅਪਾਰਾ"ਇਸ ਲਈ ਹੈ ਕਿਉਂਕਿ ਇਸ ਨੇ ਛੇ ਪ੍ਰਕਾਰ ਦੇ ਸ਼ਾਸਤਰਾਂ ਦੀ ਵਿਚਾਰਧਾਰਾ ਨੂੰ ਰੱਦ ਕਰ ਦਿੱਤਾ। ਇਕ ਨਵੀਂ ਵਿਚਾਰਧਾਰਾ ਦਾ ਪ੍ਰਕਾਸ਼ ਕੀਤਾ ਕਿ ਸ਼ਬਦ ਜਾਂ ਨਾਮ ਹੀ ਹਰ ਯੁਗ ਵਿਚ ਪ੍ਰਧਾਨ ਰਿਹਾ ਹੈ:-

**ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ॥**
**ਸਬਦੇ ਮਨੁ ਤਨੁ ਨਿਰਮਲ ਹੋਆ ਹਰਿ ਵਸਿਆ ਮਨਿ ਆਈ॥**
**ਸਬਦੁ ਗੁਰ ਦਾਤਾ ਜਿਤੁ ਮਨ ਰਾਤਾ ਹਰਿ ਸਿਉ ਰਹਿਆ ਸਮਾਈ॥੨॥**
**ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ॥**
**ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਇਆ ਜੰਮਹਿ ਵਾਰੋ ਵਾਰਾ॥੩॥੪**

*(ਸੋਰਠਿ ਮ: ੩, ਪੰਨਾ ੬੦੧)*

ਵਿਸ਼ੇ ਨੂੰ ਸਮਾਪਤ ਕਰਨ ਤੋਂ ਪਹਿਲਾਂ ਇਕ ਨਵਾਂ ਵਿਚਾਰ ਜੋ ਗੁਰੂ ਸਾਹਿਬਾਨ ਨੇ ਬਖ਼ਸ਼ਸ਼ ਕੀਤਾ ਉਹ ਹੈ ਸਹਜੁ ਦਾ। ਸਾਂਖ ਨੇ ਤਿੰਨ ਗੁਣਾਂ ਦੀ ਗੱਲ ਕਹਿ ਕੇ ਸਤੋ ਗੁਣ ਨੂੰ ਪ੍ਰਧਾਨ ਗੁਣ ਮੰਨਿਆ ਹੈ। ਗੁਰੂ ਨਾਨਕ ਸਾਹਿਬ ਇਸ ਤੋਂ ਉੱਪਰ ਇਕ ਅਵਸਥਾ ਮੰਨਦੇ ਹਨ। ਜਿਸਨੂੰ ਆਪ ਸਹਿਜ ਅਵਸਥਾ ਦਾ ਨਾਮ ਦਿੰਦੇ ਹਨ। ਇਹ ਅਵਸਥਾ ਸਤੋ ਗੁਣੀ ਅਵਸਥਾ ਤੋਂ ਉੱਪਰ ਹੈ ਅਤੇ ਅਗੰਮ, ਅਗੋਚਰ ਹੈ। ਇਸ ਅਵਸਥਾ ਤੱਕ ਅਪੜਨ ਲਈ ਕਰਮ ਕਾਂਡ ਜਾਂ ਜੋਗ ਆਸਣਾਂ ਦੀ ਲੋੜ ਨਹੀਂ, ਨਾਹੀਂ ਜੋਗੀ ਇੱਥੇ ਅਪੜ ਸਕੇ। ਇਥੇ ਅਪੜਨ ਲਈ ਗੁਰੂ ਦੇ ਸਬਦ ਰਾਹੀਂ ਪਹਿਲਾਂ ਜਗਿਆਸੂ ਦੀ ਹਉਮੈਂ ਮਰਦੀ ਹੈ ਫਿਰ ਆਤਮ ਪ੍ਰਗਾਸ ਹੁੰਦਾ ਹੈ ਤੇ ਸਾਰੀ ਖੇਡ ਸਮਝ ਪੈ ਜਾਂਦੀ ਹੈ।

**ਸਤਿਗੁਰ ਸੇਵੇ ਤ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ॥**
**ਹਰਿਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ॥੧॥**
**ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥**
**ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ ਰਹਾਉ॥**

-----------------------------------

**ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ॥**
**ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ॥੩॥੧੨॥**

*(ਸੋਰਠਿ ਮ:੩, ਪੰਨਾ ੬੦੪)*

**ਤਾਂਹੀ ਗੁਰੂ ਅਮਰਦਾਸ ਜੀ ਗੁਰ ਕੇ ਦਰਸ਼ਨ ਨੂੰ ਅਗੰਮ ਅਪਾਰਾ ਦਸਦੇ ਹਨ।** ਇਹ ਗੁਰਮਤਿ ਗਾਡੀ-ਰਾਹ ਹੈ। ਪਰਮੇਸ਼ਰ ਅਤੇ ਗੁਰੂ ਨੂੰ ਪੂਰਨ ਸਮਰਪਣ ਹੋ ਕੇ ਗੁਰਮੰਤ੍ਰ ਦੇ ਜਾਪ ਰਾਹੀਂ, ਗ੍ਰਿਹਸਤ ਜੀਵਨ ਦੀਆਂ ਸਭ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ, ਸਹਿਜ ਅਵਸਥਾ ਵਿੱਚ ਗੁਰਪ੍ਰਸਾਦਿ ਰਾਹੀਂ ਹਉਮੈ ਮੇਟ ਕੇ ਦਰਗਾਹ ਤੱਕ ਅਪੜ ਜਾਈਦਾ ਹੈ। ਬ੍ਰਹਮਣ ਨੇ ਕਰਮ-ਕਾਂਡ, ਅਨੇਕਾਂ ਦੇਵੀ ਦੇਵਤਿਆਂ ਦੀ ਪੂਜਾ ਦਾ ਜੋ ਘੜਮੱਸ ਪਾਇਆ ਹੋਇਆ ਹੈ ਉਸਦੇ ਮੁਕਾਬਲੇ ਤੇ ਜਨ ਸਾਧਾਰਣ ਲਈ ਸਾਰੇ ਦੇਵਤਿਆਂ ਅਤੇ ਕਰਮ-ਕਾਂਡ ਨੂੰ ਛੱਡ ਕੇ ਕੇਵਲ ਪਰਮੇਸ਼ਰ ਦਾ ਨਾਮ ਜਪਣਾ ਕਿਤਨਾ ਜ਼ਿਆਦਾ ਆਸਾਨ ਹੈ ਇਸਦਾ ਪਾਠਕ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ। ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਇਤਨੀ ਆਸਾਨ ਹੈ ਕਿ ਸਾਧਾਰਨ ਤੋਂ ਸਾਧਾਰਨ ਮਨੁੱਖ ਇਸਨੂੰ ਛੇਤੀ ਸਮਝ ਸਕਦਾ ਹੈ।

# 6. ਚਹੁ ਜੁਗਾਂ ਕਾ ਹੁਣ ਨਿਬੇੜਾ

ਜੁਗ ਸਮੇਂ ਦਾ ਮਾਪ ਹੈ। ਹਿੰਦੂ ਧਰਮ ਗ੍ਰੰਥਾਂ ਅਨੁਸਾਰ ਚਾਰ ਜੁਗ ਮੰਨੇ ਜਾਂਦੇ ਹਨ:- ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ। ਇਨ੍ਹਾਂ ਚੋਹਾਂ ਜੁਗਾਂ ਦੀ ਉਮਰ ਦੇਵਲੋਕ ਦੇ ਕੈਲੰਡਰ ਅਨੁਸਾਰ ਆਂਕੀ ਗਈ ਹੈ ।

ਸਤਿਜੁਗ ਦੀ ਉਮਰ 17,28000 ਸਾਲ।

ਤ੍ਰੇਤਾਜੁਗ ਦੀ ਉਮਰ 12,96000 ਸਾਲ।

ਦੁਆਪਰ ਜੁਗ ਦੀ ਉਮਰ 8,64000 ਸਾਲ।

ਕਲਜੁਗ ਦੀ ਉਮਰ 4,32000 ਸਾਲ।

ਕੁਲਜੋੜ 43,20 000

ਗੁਰੂ ਗ੍ਰੰਥ ਸੰਕੇਤ ਕੋਸ਼ *(ਪੰਨਾ ੧੫੯)*

ਗੁਰੂ ਨਾਨਕ ਮਰਦ ਅਗੰਮੜੇ ਨੇ ਉਪਰੋਕਤ ਜੁਗ ਵੰਡ ਨੂੰ ਕਲਪਿਤ ਮੰਨਿਆ ਹੈ ਅਤੇ ਕਿਸੇ ਖ਼ਾਸ ਯੁੱਗ ਨੂੰ ਮੰਦਾ ਨਹੀਂ ਕਿਹਾ। ਹਰ ਇਕ ਜੁਗ ਵਿਚ ਪਰਮੇਸ਼ਰ ਦਾ ਨਾਮ ਹੀ ਮਨੁੱਖ ਲਈ ਕਲਿਆਣਕਾਰੀ ਰਿਹਾ ਹੈ ਅਤੇ ਕਲਯੁੱਗ ਵਿਚ ਇਹੋ ਨਾਮ ਮਨੁੱਖੀ ਜੀਵਨ ਦੇ ਪਾਰਗਗਾਮੀ ਹੋਣ ਲਈ ਆਧਾਰ ਹੈ:-

**ਜੁਗ ਚਾਰੇ ਨਾਮਿ ਵਡਿਆਈ ਹੋਈ॥ ਜਿ ਨਾਮਿ ਲਾਗੈ ਸੋ ਮੁਕਤਿ ਹੋਵੈ**

**ਗੁਰ ਬਿਨੁ ਨਾਮ ਨ ਪਾਵੈ ਕੋਈ॥੧॥ ਰਹਾਉ** *(ਰਾਮਕਲੀ ਮ: ੩, ਪੰਨਾ ੯੮੦)*

ਸਤਿਜੁਗ ਤੋਂ ਕਲਜੁਗ ਤੱਕ ਲੱਖਾਂ ਸਾਲਾਂ ਦੇ ਸਫਰ ਵਿਚ ਕੀ ਹੋਇਆ ਇਹ ਸਭ ਕਲਪਨਾ ਹੀ ਹੈ। ਪਰ ਕੁਝ ਗੱਲਾਂ ਜੋ ਮਨੁੱਖੀ ਸਮਾਜ ਨੂੰ ਉਚੀ ਆਤਮਕ ਅਵਸਥਾ ਨਾਲ ਜੋੜਨ ਲਈ ਜ਼ਰੂਰੀ ਸਨ,ਉਹਨਾਂ ਨੂੰ ਧਰਮ ਦੇ ਚਾਰ ਪੈਰ ਮੰਨਿਆ ਗਿਆ ਹੈ। ਇਨ੍ਹਾਂ ਨੂੰ ਸਭ ਧਰਮਾਂ ਦਾ ਲਾਜ਼ਮੀ ਅੰਗ ਭੀ ਕਿਹਾ ਜਾ ਸਕਦਾ ਹੈ । ਉਹ ਹਨ:- ਸਚ, ਸੰਤੋਖ, ਦਇਆ ਅਤੇ ਧਰਮ (ਸਦਾਚਾਰੀ ਕਦਰਾਂ ਕੀਮਤਾਂ)। ਇਹ ਸਾਰੀ ਕਲਪਨਾ ਕੇਵਲ ਭਾਰਤੀ ਹਿੰਦੂ ਧਰਮ ਦੇ ਸੰਦਰਭ ਵਿੱਚ ਕੀਤੀ ਗਈ ਜਾਪਦੀ ਹੈ। ਸਤਿਜੁਗ ਵਿਚ ਧਰਮ ਦੇ ਚਾਰੇ ਪੈਰ ਕਾਇਮ ਸਨ। ਸਮਝਿਆ ਜਾਂਦਾ ਹੈ ਇਸ ਜੁਗ ਵਿੱਚ ਲੋਕ ਪਰਮੇਸ਼ਰ ਦੇ ਬਹੁਤੇ ਨੇੜੇ ਸਨ। ਉਹ ਗਿਆਨਵਾਨ ਸਨ, ਸਬਰ ਸੰਤੋਖੀ ਸਨ ਪਰ ਹੌਲੀ ਹੌਲੀ ਜਦੋਂ ਜੁਗ ਬਦਲਿਆ, ਲੋਕਾਂ ਵਿਚ ਸਤਿ ਅਤੇ ਸੰਤੋਖ ਦੀ ਮਾਨਤਾ ਘਟਦੀ ਗਈ। ਤੱਪ ਕਰਨ ਉੱਤੇ ਜ਼ਿਆਦਾ ਝੁਕਾਅ ਹੋ ਗਿਆ। ਤੱਪ ਨੇ ਮਨ ਅੰਦਰ ਤਾਪ ਲਿਆਂਦਾ। ਹਉਮੈ ਵਧਦੀ ਗਈ। ਵਰ ਸਾਰਪ ਦਾ ਰਿਵਾਜ਼ ਪੈ ਗਿਆ। ਫਿਰ ਹੌਲੀ ਹੌਲੀ ਲੋਕਾਂ ਦੇ ਸੁਭਾਅ ਬਦਲੇ ਜਿਸ ਵਿੱਚ ਸੰਤੋਖ ਘਟਦਾ ਗਿਆ। ਤ੍ਰੇਤੇ ਵਿੱਚ ਤਪ ਪ੍ਰਧਾਨ ਰਿਹਾ। ਰਾਵਨ ਵਰਗੇ ਤੱਪੀ ਤ੍ਰੇਤੇ ਦੇ ਹੀ ਸਨ। ਇਹ ਸ੍ਰੀ ਰਾਮਚੰਦਰ ਦਾ ਜੁਗ ਸੀ।

ਫਿਰ ਦੁਆਪਰ ਆਇਆ ਜਿਸ ਵਿਚ ਧਰਮ ਦੇ ਦੋ ਪੈਰ ਰਹਿ ਗਏ ਦਇਆ ਅਤੇ ਧਰਮ। ਤੱਪੀ ਲੋਕ ਭੀ ਮੌਜੂਦ ਹੁੰਦੇ ਸਨ, ਦੁਰਵਾਸਾ ਰਿਸ਼ੀ ਵਰਗੇ। ਪਰ ਸੰਤੋਖ ਦੀ ਘਾਟ ਕਾਰਣ ਰਾਜੇ ਮਹਾਰਾਜੇ ਆਪੋ ਵਿਚ ਈਰਖਾ ਕਾਰਨ ਲੜਨ ਲਗ ਪਏ।

ਇਸ ਜੁਗ ਵਿਚ ਮਹਾਂਭਾਰਤ ਦਾ ਯੁੱਧ ਹੋਇਆ। ਦਰਯੋਧਨ ਵਰਗਾ ਹੰਕਾਰੀ ਇਸੇ ਯੁੱਗ ਦਾ ਮਾਡਲ ਸੀ। ਸੱਤ ਅਤੇ ਸੰਤੋਖ ਦੀ ਮਾਤ੍ਰਾ ਇਸ ਯੁਗ ਵਿਚ ਕਾਫੀ ਘੱਟ ਚੁੱਕੀ ਸੀ। ਇਸ ਯੁੱਗ ਵਿੱਚ ਦਇਆ ਭੀ ਹੌਲੀ ਹੌਲੀ ਘਟਦੀ ਗਈ। ਪਰਮੇਸ਼ਰ ਦਾ ਨਾਮ ਲੋਕੀ ਲੈਂਦੇ ਸਨ, ਪਰ ਸਤ ਸੰਤੋਖ ਦੀ ਅਣਹੋਂਦ ਕਾਰਨ ਹੰਕਾਰ, ਅਤੇ ਜ਼ੋਰ-ਜ਼ਬਰ ਵਧਦਾ ਗਿਆ। ਪਰਮੇਸ਼ਰ ਦੀ ਨੇੜਤਾ ਦਾ ਅਹਿਸਾਸ ਘਟਦਾ ਗਿਆ। ਇਹ ਸ੍ਰੀ ਕ੍ਰਿਸ਼ਨ ਜੀ ਦਾ ਯੁਗ ਮੰਨਿਆ ਜਾਂਦਾ ਹੈ।

ਕਹਿੰਦੇ ਹਨ-ਕਲਿਯੁਗ ਵਿਚ ਧਰਮ ਦੇ ਤਿੰਨ ਪੈਰ ਲੱਥ ਗਏ, ਕੇਵਲ ਸਦਾਚਾਰ ਰਹਿ ਗਿਆ। ਤੱਪ ਕਰਨ ਵਾਲੇ, ਜਾਂ ਸਤ ਅਤੇ ਸੰਤੋਖੀ ਜੀਵ ਹੁਣ ਟਾਂਵੇ ਟਾਂਵੇ ਰਹਿ ਗਏ ਹਨ। ਪੁੰਨ-ਪਾਪ ਦੀ ਵਿਚਾਰ ਚਲੀ। ਪੁੰਨ ਕਰਮ ਕਰਨ ਉੱਤੇ ਜ਼ੋਰ ਵੱਧ ਗਿਆ। ਤੀਰਥਾਂ ਦੇ ਇਸ਼ਨਾਨ, ਪੂਜਾ-ਪਾਠ, ਦੇਵੀ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਕਈ ਪ੍ਰਕਾਰ ਦੇ ਯੱਗ ਆਦਿ ਤੁਰ ਪਏ। ਕਰਮ-ਕਾਂਡ, ਪੂਜਾ ਪਾਠ, ਪੁੰਨ ਦਾਨ ਆਦਿ ਵਿੱਚ ਲੋਕ-ਵਿਖਾਵੇ ਦਾ ਰਿਵਾਜ਼ ਪੈ ਗਿਆ। ਸਤ ਦੀ ਥਾਂ ਪਾਖੰਡ ਨੇ ਲੈ ਲਈ, ਸੰਤੋਖ ਦੀ ਥਾਂ ਲਾਲਚ ਵੱਧ ਗਿਆ, ਦਇਆ ਦੀ ਥਾਂ ਜ਼ੁਲਮ ਨੇ ਲੈ ਲਈ। ਮਨੁੱਖੀ ਕਦਰਾਂ ਕੀਮਤਾਂ ਦਾ ਆਧਾਰ ਮਨ ਦੀ ਅਸ਼ਾਂਤੀ ਰਹਿ ਗਈ। ਫਿਰ ਹੌਲੀ ਹੌਲੀ ਕੂੜ ਹੀ ਕੂੜ ਪ੍ਰਧਾਨ ਹੋ ਗਿਆ। ਨਾਮ ਜਪਣ ਵਾਲੇ, ਤਪ ਕਰਨ ਵਾਲੇ ਇਸ ਯੁੱਗ ਵਿੱਚ ਭੀ ਮੌਜੂਦ ਹਨ, ਪਰ ਬਹੁਤ ਥੋੜ੍ਹੇ ਹਨ, ਵਿਰਲੇ ਹਨ। ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦੇ। ਲੋਕੀਂ ਸੱਚੇ ਸੁੱਚੇ ਨਾਮ ਨਾਲ ਰੰਗੇ ਹੋਏ ਸਜਣਾ ਦੀ ਭਾਲ ਕਰਦਿਆਂ ਕਰਦਿਆਂ ਪਾਖੰਡੀਆਂ ਦੇ ਡੇਰਿਆਂ ਵਿੱਚ ਜਾ ਵੜਦੇ ਹਨ ਜਿੱਥੇ ਉਨ੍ਹਾਂ ਨੂੰ ਨਿਰਾਸ਼ਾ ਹੁੰਦੀ ਹੈ, ਤੇ ਉਹ ਦੁਖੀ ਹੋ ਕੇ ਮੁੜਦੇ ਹਨ। ਸਤ ਸੰਤੋਖ ਅਤੇ ਦਇਆ ਦੀ ਮਾਤਰਾ ਘਟਣ ਕਰਕੇ ਲੋਕਾਂ ਦੇ ਸੁਭਾਅ ਵਿੱਚ ਅਹੰਕਾਰ , ਈਰਖਾ ਦੀ ਅੱਗ, ਤ੍ਰਿਸ਼ਨਾ, ਮੋਹ, ਜ਼ੋਰ ਜ਼ੁਲਮ ਅਤੇ ਲੋਭ ਲਾਲਚ ਵੱਧ ਜਾਣ ਕਰਕੇ “ਧਰਮੀ” ਬੰਦਿਆਂ ਵਿੱਚ ਭੀ ਵਿਖਾਵਾ ਵੱਧ ਗਿਆ। ਹਿੰਦੂ ਸਮਾਜ ਦਾ ਧਾਰਮਿਕ ਆਗੂ ਬ੍ਰਹਮਣ ਸਦੀਆਂ ਤੋਂ ਚਲਿਆ ਆ ਰਿਹਾ ਹੈ। ਉਸਨੇ ਸਮੁੱਚੇ ਕਰਮ-ਕਾਂਡ ਦਾ ਵਿਧੀ ਵਿਧਾਨ ਤਿਆਰ ਕੀਤਾ ਜੋ ਹੁਣ ਤੱਕ ਤੁਰਿਆ ਆਉਂਦਾ ਹੈ।

**ਕਲਯੁਗ** ਧਰਮ ਦੇ ਖੇਤਰ ਵਿੱਚ ਇਕ ਐਸਾ ਸਮਾਂ ਹੈ ਜਦੋਂ ਲੋਕੀਂ ਸੱਚ ਦੀ ਭਾਲ ਤੋਂ ਭਟਕ ਕੇ ਕੇਵਲ ਰਸਮੋ-ਰਿਵਾਜਾਂ ਅਤੇ ਕਰਮ-ਕਾਂਡਾਂ ਵਿੱਚ ਪਏ ਹੋਏ ਹਨ। ਮੁਸਲਮਾਨ ਤਾਂ ਫਿਰ ਵੀ ਇਕ ਰੱਬ ਨੂੰ ਮੰਨਦੇ ਹਨ, ਪਰ ਹਿੰਦੂ ਧਰਮ ਦੇ ਰੱਬ ਹੀ ਅਨੇਕਾਂ ਦੇਵੀ ਦੇਵਤੇ ਬਣੇ ਹੋਏ ਹਨ। ਪੰਦਰਵੀਂ ਅਤੇ ਸੋਲ੍ਹਵੀਂ ਸ਼ਤਾਬਦੀ ਦੇ ਇਸਲਾਮ ਦੇ ਇਤਿਹਾਸ ਵਿੱਚ ਉਹ ਸਮਾਂ ਸੀ ਜਦੋਂ ਬਾਬਰ ਵਰਗੇ ਜਾਬਰ “ਪਾਪ ਕੀ ਜੰਜ” ਲੈ ਕੇ “ਜੋਰੀ ਦਾਨ” ਮੰਗਣ ਲਈ ਤੁਰੇ ਹੋਏ ਸਨ। 1521 ਈ: ਦੇ ਬਾਬਰ ਦੇ ਐਮਨਾਬਾਦ ਉੱਤੇ ਪਹਿਲੇ ਹਮਲੇ ਸਮੇਂ ਗੁਰੂ ਨਾਨਕ ਦੇਵ ਜੀ ਮੌਕੇ ਦੇ ਗਵਾਹ ਸਨ। ਬਾਬਰੀ ਫੌਜਾਂ ਨੇ ਉੱਥੇ ਦੇ ਮਾਸੂਮ ਲੋਕਾਂ ਦੀ ਜੋ ਲੂਟ-ਮਾਰ ਮਚਾਈ ਉਹ ਸਾਰਾ ਨਜ਼ਾਰਾ ਸਤਿਗੁਰਾਂ ਨੇ ਆਪਣੀ ਅੱਖੀਂ ਵੇਖਿਆ ਅਤੇ ਆਪਣੀ ਬਾਣੀ ਵਿੱਚ ਅੰਕਿਤ ਕੀਤਾ।

ਧਰਮ ਦੇ ਖੇਤਰ ਵਿੱਚ ਚਹੁੰਆਂ ਯੁਗਾਂ ਦਾ ਨਿਬੇੜਾ ਕਰਨ ਲਈ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਵਿੱਚ 3-4 ਦਿਨ ਗੁਪਤ ਸਮਾਧੀ ਵਿੱਚ ਰਹੇ। ਕਿਹਾ ਜਾਂਦਾ ਹੈ ਕਿ ਇਸੇ ਦੌਰਾਨ ਆਪ ਨੂੰ ਅਕਾਲ ਪੁਰਖ ਵੱਲੋਂ ਸਤਿਨਾਮ ਦਾ ਉਪਦੇਸ਼ ਕਰਨ ਲਈ ਪ੍ਰਚਾਰ ਫੇਰੀਆਂ ਉੱਤੇ ਜਾਣ ਦਾ ਹੁਕਮ ਹੋਇਆ। ਇਸ ਸਮਾਧੀ ਵਿਚੋਂ ਜਦੋਂ ਆਪ ਵੇਈਂ ਨਦੀ (ਸੁਲਤਾਨਪੁਰ ਲੋਧੀ) ਦੇ ਮੌਜੂਦਾ ਸੰਤ-ਘਾਟ ਦੇ ਅਸਥਾਨ ਤੋਂ ਬਾਹਰ ਨਿਕਲੇ ਤਾਂ ਉਹਨਾਂ ਨੇ ਉੱਥੇ ਦੀ ਸਾਰੀ ਲੁਕਾਈ ਵਿੱਚ ਰੱਬੀ ਜੋਤਿ ਦੇ ਦੀਦਾਰ ਹੁੰਦੇ ਵੇਖੇ। ਇਸ ਗਿਆਨ ਚਾਨਣੇ ਵਿੱਚ ਉਨ੍ਹਾਂ ਨੂੰ ਨਾ ਕੋਈ ਹਿੰਦੂ ਦਿਸਦਾ ਸੀ, ਅਤੇ ਨ ਕੋਈ ਮੁਸਲਮਾਨ। ਗੁਰੂ ਨਾਨਕ ਸਮ-ਦ੍ਰਿਸ਼ਟੇ ਹੋ ਗਏ ਸਨ। ਪਰ ਜਿਨ੍ਹਾਂ ਲੋਕਾਂ ਨੂੰ ਰੱਬੀ ਜੋਤਿ ਦੇ ਦਰਸ਼ਨ ਨਹੀਂ ਸੀ ਹੋ ਰਹੇ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੀਵਾਨੇ ਹੀ ਜਾਪੇ। ਲੋਕਾਂ ਦੇ ਇਸ ਵਿਚਾਰ ਨੂੰ ਮਹਾਰਾਜ ਨੇ ਆਪਣੀ ਬਾਣੀ ਵਿੱਚ ਇਉਂ ਅੰਕਿਤ ਕੀਤਾ ਹੈ ।

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥**
**ਭਇਆ ਦੀਵਾਨਾ ਸਾਹ ਕਾ ਨਾਨਕੁ ਬਉਰਾਨਾ॥**
**ਹਉ ਹਰਿ ਬਿਨੁ ਅਵਰੁ ਨ ਜਾਨਾ॥ ਰਹਾਉ॥੧॥੭॥**

*(ਮਾਰੂ ਮ: ੧, ਪੰਨਾ ੯੯੧)*

ਸੁਲਤਾਨਪੁਰ ਦੇ ਮੁਸਲਮਾਨ ਹਾਕਮ, ਉੱਥੇ ਦੇ ਕਾਜ਼ੀ, ਇਮਾਮ ਆਦਿ ਸਭ ਗੁਰੂ ਨਾਨਕ ਦੇਵ ਜੀ ਦੀ ਪੈਗੰਬਰੀ ਆਵਾਜ਼ ਦੀ ਪਰਖ ਕਰਨ ਲਈ ਉਨ੍ਹਾਂ ਨੂੰ ਸ਼ਾਹੀ ਮਸਜਿਦ ਵਿਖੇ ਨਿਮਾਜ਼ ਪੜ੍ਹਾਨ ਲਈ ਲੈ ਗਏ ਇਸ ਖਿਆਲ ਨਾਲ ਕਿ ਨਿਮਾਜ਼ ਪੜ੍ਹਾਨ ਉਪਰੰਤ ਨਾਨਕ ਜੀ ਨੂੰ ਇਸਲਾਮ ਕਬੂਲ ਕਰਨ ਲਈ ਕਹਿਣਾ ਆਸਾਨ ਹੋ ਜਾਏਗਾ। ਪਰ ਉਨ੍ਹਾਂ ਨੂੰ ਇਹੋ ਤਾਂ ਭੁਲੇਖਾ ਸੀ ਕਿ ਗੁਰੂ ਨਾਨਕ ਦੇਵ ਜੀ ਵਰਗੇ ਯੁਗ-ਪੁਰਸ਼ ਇਸਲਾਮ ਧਾਰਨ ਕਰਨ ਲਈ ਨਹੀਂ ਸੀ ਆਏ **ਸਗੋਂ ਉਹ ਤਾਂ ਮੁਸਲਮਾਨ ਨੂੰ ਸੱਚਾ ਮੁਸਲਮਾਨ ਅਤੇ ਹਿੰਦੂ ਨੂੰ ਸੱਚਾ ਸੁੱਚਾ ਹਿੰਦੂ ਬਣਾਉਣਾ ਚਾਹੁੰਦੇ ਸਨ।** ਨਿਮਾਜ਼ ਤੋਂ ਮਗਰੋਂ ਹਾਕਮ ਅਤੇ ਅਹਿਲਕਾਰਾਂ ਨੇ ਗੁਰੂ ਨਾਨਕ ਦੇਵ ਜੀ ਵਿੱਚ ਪੈਗੰਬਰੀ ਗੁਣ ਵੇਖੇ। ਉਨ੍ਹਾਂ ਨੂੰ ਸਮਝ ਆ ਗਈ ਕਿ ਗੁਰੂ ਨਾਨਕ ਹੁਣ ਜਗਤ ਗੁਰੂ ਦੀ ਪਦਵੀ ਤੇ ਅਪੜ ਚੁੱਕੇ ਹਨ ਭਾਵ ਇਹ ਕਿਸੇ ਇਕ ਧਰਮ ਦੀ ਕੈਦ ਵਿੱਚ ਰਹਿਣ ਵਾਲੇ ਨਹੀਂ। ਇਸ ਲਈ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਨਹੀਂ ਕਿਹਾ ਗਿਆ।

ਰੱਬੀ ਹੁਕਮ ਦੀ ਸੇਧ ਵਿਚ, ਘਰ ਦੇ ਸੁਖ ਆਰਾਮ ਛੱਡ ਕੇ, ਬਾਲ-ਬੱਚਿਆਂ ਦੇ ਮੋਹ ਨੂੰ ਸਦਾ ਲਈ ਤਿਆਗ ਕੇ, ਆਪ ਜਗਤ ਉਧਾਰਨ ਲਈ ਬੁੱਧ ਵਾਂਗ ਲੁੱਕ ਛਿਪ ਕੇ ਨਹੀਂ ਨਿਕਲੇ, ਸਗੋਂ ਭੈਣ ਨਾਨਕੀ ਅਤੇ ਜੀਜਾ ਜੈਰਾਮ ਜੀ ਤੋਂ ਵਿਦਾ ਲੈ ਕੇ ਸੁਲਤਾਨਪੁਰ ਤੋਂ ਪਹਿਲੀ ਉਦਾਸੀ ਲਈ ਤੁਰ ਪਏ।

ਮਹਾਰਾਜ ਜਾਣਦੇ ਸਨ ਕਾਜ਼ੀ ਦੇ ਟਾਕਰੇ ਤੇ ਬ੍ਰਹਮਣ ਆਪਣੇ ਆਪ ਨੂੰ ਹਿੰਦੂ ਧਰਮ ਦਾ ਵਿਦਵਾਨ ਸਮਝਦਾ ਹੈ। ਉਸ ਨਾਲ ਅੱਗੋਂ ਚਲ ਕੇ ਵਿਚਾਰਾਂ ਦੀ

ਜੰਗ ਹੋਣੀ ਲਾਜ਼ਮੀ ਹੈ। ਬ੍ਰਹਮਣ ਲਈ ਨਾਨਕ ਜੀ ਨਾਲ ਵਿਚਾਰਾਂ ਦੀ ਸਾਂਝ ਕਰਨੀ ਉਸਦੀ ਸਮਝ ਤੋਂ ਬਾਹਰ ਸੀ ਕਿਉਂਕਿ ਉਹ ਆਪਣੇ ਆਪ ਨੂੰ ਹਿੰਦੂ ਧਰਮ ਗ੍ਰੰਥਾਂ ਦਾ ਪੜ੍ਹਿਆ-ਲਿਖਿਆ ਵਿਦਵਾਨ ਸਮਝਦਾ ਸੀ। ਉਹ ਜਾਣਦਾ ਸੀ ਕਿ ਨਾਨਕ ਜੀ ਖਤਰੀਆਂ ਦਾ ਬੇਟਾ ਹੈ। ਉਸਨੂੰ ਇਹ ਭੀ ਪਤਾ ਸੀ ਕਿ ਨਾਨਕ ਜੀ ਨੇ ਕੋਈ ਧਰਮ ਗ੍ਰੰਥ ਨਹੀਂ ਪੜ੍ਹਿਆ। ਇਸ ਲਈ ਉਸਦੀ ਵਿਚਾਰਧਾਰਾ ਪੁਰਾਤਨ ਰਿਸ਼ੀਆਂ ਮੁਨੀਆਂ ਦੀ ਵਿਚਾਰਾਧਾਰਾ ਨਾਲੋਂ ਕਿਵੇਂ ਉਪਰ ਹੋ ਸਕਦੀ ਹੈ? ਫਿਰ ਉਹ ਸੋਚਦਾ ਸੀ ਕਿ ਨਾਨਕ ਕਿਸੇ ਦੇਵਤੇ ਦਾ ਅਵਤਾਰ ਤਾਂ ਹੈ ਨਹੀਂ? ਉਸਦੇ ਧਰਮ ਗ੍ਰੰਥਾਂ ਨੇ ਕਲਕੀ ਅਵਤਾਰ ਵੱਲ ਸੰਕੇਤ ਜ਼ਰੂਰ ਕੀਤੈ, ਪਰ ਨਾਨਕ ਜੀ ਉਹ ਭੀ ਨਹੀਂ ਹੋ ਸਕਦੇ। ਪਿਛਲੇ ਸਤਯੁਗ ਤੋਂ ਲੈਕੇ ਦੁਆਪਰ ਤੱਕ ਦੇ ਤਿੰਨਾਂ ਅਵਤਾਰਾ ਦਾ ਪ੍ਰੀਚੈ ਹਮੇਸ਼ਾ ਬ੍ਰਾਹਮਣ ਹੀ ਕਰਵਾਉਂਦਾ ਆਇਆ ਹੈ। ਪਰ ਇਸ ਦੇ ਉਲਟ ਨਾਨਕ ਜੀ ਦੀਆਂ ਗੱਲਾਂ ਤੋਂ ਉਸ ਨੂੰ ਇਉਂ ਲਗਦਾ ਕਿ ਉਹ ਨ ਵੇਦਾਂ ਨੂੰ ਮੰਨਦੇ ਹਨ ਅਤੇ ਨਾ ਸ਼ਾਸਤਰਾਂ ਨੂੰ, ਦੇਵ ਲੋਕ ਦੀਆਂ ਕਥਾ ਕਹਾਣੀਆਂ ਰੱਚ ਰੱਚ ਕੇ ਸ਼ਿਵਜੀ, ਵਿਸ਼ਨੂੰ, ਬ੍ਰਹਮਾ ਅਤੇ ਹੋਰ ਕਈ ਦੇਵੀ ਦੇਵਤਿਆਂ ਦੀ ਪੂਜਾ ਵਿਚ ਜਿਸ ਹਿੰਦੂ ਸਮਾਜ ਨੂੰ ਅਸਾਂ (ਬ੍ਰਹਮਣਾਂ ਨੇ) ਬੜੀ ਮਿਹਨਤ ਕਰਕੇ ਲਾਇਆ ਹੈ ਪਰ ਇਸ ਦੇ ਉਲਟ ਨਾਨਕ ਜੀ ਇਹਨਾਂ ਦੇਵਤਿਆਂ ਦੀ ਮਾਨਤਾ ਘਟਾ ਕੇ ਲੁਕਾਈ ਨੂੰ ਅਦ੍ਰਿਸ਼ਟ ਪਰਮਾਤਮਾ ਨਾਲ ਕੇਵਲ ਹਰੀ-ਜਸ ਕਰਨ ਰਾਹੀਂ ਜੋੜਨ ਦਾ ਪ੍ਰਚਾਰ ਕਰ ਰਹੇ ਹਨ। ਬ੍ਰਹਮਣ ਦਾ ਮਨ ਇਹ ਸਭ ਕੁਝ ਮੰਨਣ ਲਈ ਤਿਆਰ ਨਹੀਂ ਸੀ। ਇਸਦੇ ਦੋ ਕਾਰਣ ਸਨ-ਪਹਿਲਾ, ਉਸਦਾ ਪੜ੍ਹੇ ਹੋਣ ਦਾ ਅਹੰਕਾਰ। ਫਿਰ ਹਿੰਦੂ-ਕਲਚਰ ਦੀ ਸਿਰਜਨਾ ਉਸਨੇ ਆਪ ਹੀ ਤਾਂ ਕੀਤੀ ਸੀ, ਜੋ ਉਸਦੇ ਹਡੀਂ ਰੱਚ ਚੁੱਕਾ ਸੀ ਅਤੇ ਉਸਦੇ ਜਜਮਾਨਾਂ ਦੇ ਹੱਡੀਂ ਭੀ ਰੱਚ ਚੁਕਾ ਸੀ। ਇਸ ਕਲਚਰ ਨਾਲ ਬ੍ਰਾਹਮਣ ਦਾ ਮੋਹ ਪੈ ਗਿਆ ਸੀ ਭਾਵੇਂ ਇਹ ਕਲਚਰ ਕਲਿਯੁਗ ਤੱਕ ਆ ਕੇ ਓਪਰਾ ਓਪਰਾ ਅਤੇ ਫਿੱਕਾ ਫਿੱਕਾ ਲਗਣ ਲਗ ਪਿਆ ਸੀ।

ਦੂਜਾ ਕਾਰਣ ਇਹ ਸੀ ਕਿ ਜੇ ਉਹ ਧਰਮ ਦੇ ਖੇਤਰ ਵਿਚ ਆਪਣੀ ਸਰਦਾਰੀ ਛੱਡ ਕੇ ਗੁਰੂ ਨਾਨਕ ਜੀ ਨੂੰ ਆਪਣਾ ਗੁਰੂ ਮੰਨਦਾ ਹੈ ਜਿਵੇਂ ਇਸਲਾਮ ਨੇ ਕਬੂਲ ਕਰ ਲਿਆ ਸੀ, ਤਾਂ ਉਸਦੀ ਰੋਜ਼ੀ ਰੋਟੀ ਦਾ ਕੀ ਬਣੇਗਾ? ਬ੍ਰਾਹਮਣ ਨੂੰ ਤਾਂ ਸਤਿਯੁਗ ਤੋਂ ਹੀ ਕਿਰਤ ਕਰਨੀ ਮਨ੍ਹਾ ਕੀਤੀ ਗਈ ਸੀ। ਜਜਮਾਨਾਂ ਦੇ ਦਾਨ ਉੱਤੇ ਉਹ ਨਿਰਬਾਹ ਕਰਦਾ ਆ ਰਿਹਾ ਹੈ। ਪਰ ਨਾਨਕ ਜੀ ਨੇ ਪੂਜਾ ਕਰਾਉਣ ਵਾਲੇ ਪੁਜਾਰੀ ਵਰਗ ਨੂੰ ਉਤਸਾਹਿਤ ਨਹੀਂ ਕੀਤਾ। ਇਕ ਪਰਮੇਸ਼ਰ ਦੀ ਪੂਜਾ ਹਰ ਵਿਅਕਤੀ ਘਰ ਬੈਠੇ ਆਪ ਹੀ ਕਰ ਸਕਦੈ। ਪੁਜਾਰੀ ਦੀ ਲੋੜ ਤਾਂ ਉਦੋਂ ਹੀ ਪੈਂਦੀ ਹੈ ਜਦੋਂ ਇਕ ਦੇ ਮੁਕਾਬਲੇ ਤੇਤੀ ਕਰੋੜ ਦੇਵੀ ਦੇਵਤਿਆਂ ਦੀ ਪੂਜਾ ਕਰਾਉਣੀ ਹੋਵੇ। ਬ੍ਰਾਹਮਣ ਦੀ ਰੋਜ਼ੀ-ਰੋਟੀ ਦਾ ਮਸਲਾ ਅਜ ਭੀ ਪੂਜਾ ਤੋਂ ਹੀ ਪੂਰਾ ਹੋ ਰਿਹਾ ਹੈ। **ਹਾਏ ! ਜ਼ਾਲਮ ਪੇਟ ਨੇ ਬ੍ਰਾਹਮਣ ਨੂੰ ਯੁਗ-ਪੁਰਸ਼ ਗੁਰੂ ਨਾਨਕ ਦੇਵ ਜੀ ਦੇ ਚਰਨ ਪਰਸਨ ਹੀ ਨਹੀਂ ਦਿੱਤੇ।**

ਜੋ ਲੋਕ ਕਿਸੇ ਦੇ ਸਿਧਾਂਤ ਨੂੰ ਕੱਟ ਨਹੀਂ ਸਕਦੇ ਉਹ ਗਾਲੀ ਗਲੋਚ ਤੇ

ਉਤਰ ਆਉਂਦੇ ਹਨ। ਬ੍ਰਾਹਮਣ ਨੇ ਭੀ ਲੋਕਾਂ ਨੂੰ ਇਹੋ ਕੁਝ ਕਹਿਣਾ ਆਰੰਭ ਕੀਤਾ:-

1. ਨਾਨਕ ਦਾ ਕੋਈ ਗੁਰੂ ਨਹੀਂ ਹੈ। ਇਸ ਨੇ ਵੇਦਾਂ ਸ਼ਾਸਤਰਾਂ ਦਾ ਕੋਈ ਅਧਿਐਨ ਨਹੀਂ ਕੀਤਾ। ਇਹ ਵਿਦਵਾਨ ਨਹੀਂ ਹੈ।

2. ਨਾਨਕ ਕੁਰਾਹੀਆ ਹੈ, ਹਿੰਦੂ ਸਮਾਜ ਨੂੰ ਗੁੰਮਰਾਹ ਕਰ ਰਿਹਾ ਹੈ। ਇਹ ਜਾਤ-ਪਾਤ ਦੀ ਵੰਡ ਨੂੰ ਨਹੀਂ ਮੰਨਦਾ ਅਤੇ ਸ਼ੂਦਰਾਂ ਨਾਲ ਬੈਠਦਾ ਹੈ ਤੇ ਉਨ੍ਹਾਂ ਦੇ ਘਰ ਦੇ ਭੋਜਨ ਨੂੰ ਅੰਮ੍ਰਿਤ ਦਸਦਾ ਹੈ ਅਤੇ ਉਨ੍ਹਾਂ ਦੇ ਘਰ ਭੋਜਨ ਕਰਨ ਵਿੱਚ ਕੋਈ ਭਿਟ ਨਹੀਂ ਮੰਨਦਾ। ਉਹ ਸ਼ੂਦਰਾਂ ਨਾਲ ਰੋਟੀ ਅਤੇ ਬੇਟੀ ਦੀ ਸਾਂਝ ਦਾ ਮੁਦਈ ਹੈ।

3. ਨਾਨਕ ਵੇਦਾਂ, ਸ਼ਾਸਤਰਾਂ ਅਤੇ ਹਰ ਪ੍ਰਕਾਰ ਦੇ ਹਿੰਦੂ ਧਰਮ-ਕਰਮ ਨੂੰ ਫੋਕਟ ਅਤੇ ਬੇਲੋੜਾ ਦਸਦਾ ਹੈ।

4. ਨਾਨਕ ਨੂੰ ਅਵਤਾਰ ਨਾ ਸਮਝੋ। ਵਿਸ਼ਨੂੰ ਜੀ ਨੇ ਅਜੇ ਕਲਕੀ ਅਵਤਾਰ ਲੈਣਾ ਹੈ।

ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣ ਦੇ ਸਾਰੇ ਪ੍ਰਸ਼ਨਾਂ ਦੇ ਢੁਕਵੇਂ ਉਤਰ ਦਿੱਤੇ। ਜੋ ਉਹਨਾਂ ਦੀ ਬਾਣੀ ਵਿੱਚ ਕਈ ਥਾਂਈ ਅੰਕਿਤ ਹਨ:- ਹੇਠਾਂ ਦਿਤੇ ਜਾ ਰਹੇ ਸ਼ਬਦ ਵਿਚ ਆਪ ਨੇ ਸਪੱਸ਼ਟ ਕੀਤੈ:-

**ਸਤਿਗੁਰੂ ਦੇਖਿਆ ਦੀਖਿਆ ਲੀਨੀ॥**
**ਮਨੁ ਤਨੁ ਅਰਪਿਓ ਅੰਤਰਗਤਿ ਕੀਨੀ॥**
**ਗਤਿ ਮਿਤਿ ਪਾਈ ਆਤਮੁ ਚੀਨੀ॥੪॥**
**ਭੋਜਨੁ ਨਾਮੁ ਨਿਰੰਜਨ ਸਾਰੁ॥ ਪਰਮਹੰਸੁ ਸਚੁ ਜੋਤਿ ਅਪਾਰ॥**
**ਜਹ ਦੇਖਉ ਤਹ ਏਕੰਕਾਰੁ॥੫॥**
**ਰਹੈ ਨਿਰਾਲਮੁ ਏਕਾ ਸਚੁ ਕਰਣੀ॥**
**ਪਰਮ ਪਦੁ ਪਾਇਆ ਸੇਵਾ ਗੁਰਚਰਣੀ॥**
**ਮਨ ਤੇ ਮਨ ਮਾਨਿਆ ਚੂਕੀ ਅਹੰ ਭ੍ਰਮਣੀ॥੬॥**
**ਇਨ ਬਿਧਿ ਕਉਣੁ ਨਹੀਂ ਤਾਰਿਆ॥**
**ਹਰਿ ਜਸਿ ਸੰਤ ਭਗਤ ਨਿਸਤਾਰਿਆ॥**
**ਪ੍ਰਭ ਪਾਏ ਹਮ ਅਵਰੁ ਨ ਭਾਰਿਆ॥੭॥੧੫॥**

*(ਗਉੜੀ ਮ:੧, ਪੰਨਾ-੨੨੭-੨੮)*

ਗਉੜੀ ਰਾਗ ਦੇ ਉਪਰੋਕਤ ਸ਼ਬਦ ਦੇ ਅੰਤਲੇ ਚਾਰ ਪਦਿਆਂ ਵਿੱਚ ਦੋ ਗੱਲਾਂ ਬੜੇ ਸੱਪਸ਼ਟ ਰੂਪ ਵਿੱਚ ਗੁਰੂ ਪਾਤਸ਼ਾਹ ਨੇ ਸਮੁੱਚੀ ਮਾਨਵਤਾ ਨੂੰ ਦਸੀਆਂ

1. ਅਕਾਲ ਪੁਰਖ ਹੀ ਉਹਨਾਂ ਦੇ ਗੁਰੂ ਹਨ ਜਿਨ੍ਹਾਂ ਤੋਂ ਉਹਨਾਂ ਨੂੰ ਗੁਰੂ ਦੀਖਿਆ ਮਿਲੀ ਹੈ ਗੁਰੂ ਦੀਖਿਆ ਲੈਣ ਦੀ ਪਹਿਲੀ ਸ਼ਰਤ ਹੀ ਇਹ ਹੈ ਕਿ

ਆਪਣਾ ਤਨ, ਮਨ ਅਤੇ ਧਨ ਆਪਣੇ ਗੁਰੂ ਅੱਗੇ ਪੂਰਨ ਤੌਰ ਤੇ ਸਮਰਪਣ ਕਰਨਾ ਪੈਂਦਾ ਹੈ। ਇਉਂ ਉਨ੍ਹਾਂ ਦੀ ਆਤਮਾ ਦਾ ਪਰਮਾਤਮਾ ਨਾਲ ਮੇਲ ਹੋਇਆ ਅਤੇ ਅਕਾਲਪੁਰਖ ਵਲੋਂ ਉਨ੍ਹਾਂ ਨੂੰ ਨਾਮ ਭੋਜਨ ਦੀ ਦਾਤ ਬਖ਼ਸ਼ਿਸ਼ ਹੋਈ। ਇਸ ਨਾਮ-ਰਸ ਨੇ ਸੋਝੀ ਬਖ਼ਸ਼ੀ ਕਿ ਸਾਰੇ ਬ੍ਰਹਮੰਡ ਵਿੱਚ ਕੇਵਲ ਵਾਹਿਗੁਰੂ ਜੀ ਦੀ ਜੋਤਿ ਪਸਰ ਰਹੀ ਹੈ। "ਫਿਰ ਮੈਂ ਜਿਧਰ ਭੀ ਵੇਖਿਆ ਸਤਿਸਰੂਪ ਵਾਹਿਗੁਰੂ ਜੀ ਦੇ ਦੀਦਾਰ ਹੁੰਦੇ ਸਨ। ਇਉਂ ਮੇਰਾ ਮਨ ਨਾਮ ਭੋਜਨ ਛੱਕ ਕੇ ਪਤੀਜ ਗਿਆ ਅਤੇ ਹਉਮੈਂ-ਹਸਤੀ ਦਾ ਭਰਮ ਸਦਾ ਲਈ ਖ਼ਤਮ ਹੋ ਗਿਆ।"

2. ਦੂਜੀ ਗੱਲ ਇਹ ਸਪੱਸ਼ਟ ਰੂਪ ਵਿਚ ਦਿਸਦੀ ਹੈ ਕਿ ਇਸ ਗੁਰ-ਦੀਖਿਆ ਰਾਹੀਂ ਅਕਾਲ ਪੁਰਖ ਨੇ ਹਰਿ ਜਸ ਕਰਨ ਨਾਲ ਅਨੇਕਾਂ ਸੰਤਾਂ ਭਗਤਾਂ ਨੂੰ ਆਪਣੇ ਵਿੱਚ ਲੀਨ ਕਰ ਲਿਆ। ਜਦੋਂ ਪ੍ਰਭੂ ਦੇ ਪ੍ਰਤੱਖ ਦਰਸ਼ਨ ਹੀ ਹੋ ਗਏ ਫਿਰ ਕਿਸੇ ਹੋਰ ਅਵਤਾਰਾਂ ਜਾਂ ਪੈਗੰਬਰਾਂ ਦੀ ਭਾਲ ਕਰਨ ਦੀ ਲੋੜ ਹੀ ਨਹੀਂ ਰਹਿੰਦੀ।

ਜਿਸਨੂੰ ਅਕਲਪੁਰਖ ਦੇ ਦੀਦਾਰ ਹੋ ਜਾਣ ਉਸ ਨੂੰ ਭਲਾ ਵੇਦਾਂ ਸ਼ਾਸਤਰਾਂ ਨੂੰ ਪੜ੍ਹਨ ਦੀ ਕੀ ਲੋੜ ਪਈ ਹੈ? ਇਹਨਾਂ ਧਰਮ-ਗ੍ਰੰਥਾਂ ਨੂੰ ਪੜਨ ਵਾਲਾ ਗਿਆਨੀ ਤਾਂ ਹੋ ਸਕਦਾ ਹੈ ਪਰ ਉਹ ਬ੍ਰਹਮਗਿਆਨੀ ਨਹੀਂ ਬਣਦਾ। ਸ੍ਰੀ ਸੁਖਮਨੀ ਸਾਹਿਬ ਵਿਚ ਗੁਰੂ ਜੀ ਨੇ ਬ੍ਰਹਮਗਿਆਨੀ ਦੀ ਵਿਆਖਿਆ ਕੀਤੀ ਹੈ। ਬ੍ਰਾਹਮਣ ਪਾਸ ਗਿਆਨ ਤਾਂ ਹੈ ਸੀ ਪਰ ਅੰਤਰਆਤਮੇ ਉਹ ਸਖਣਾ ਸਖਣਾ ਜਿਹਾ ਰਹਿੰਦਾ ਸੀ। ਇਸ ਲਈ ਉਸ ਦਾ ਮਾਇਆ ਨਾਲ ਮੋਹ ਨਹੀਂ ਟੁੱਟਿਆਂ। ਪੂਜਾ ਦਾ ਦਾਨ ਖਾ ਖਾ ਕੇ ਉਹ ਭਗਤੀ ਕਰਨ ਦੇ ਯੋਗ ਨਹੀਂ ਸੀ ਰਹਿ ਗਿਆ। ਹਾਂ ਜਿਨ੍ਹਾਂ ਬ੍ਰਾਹਮਣਾਂ ਉੱਤੇ ਅਕਾਲਪੁਰਖ ਨੇ ਕਿਰਪਾ ਕੀਤੀ ਉਹਨਾਂ ਦੀ ਬਾਣੀ ਵਿਚੋਂ ਬ੍ਰਹਮ ਗਿਆਨ ਦੀ ਅਵਸਥਾ ਦੇ ਗੁਰੂ ਨਾਨਕ ਜੀ ਨੂੰ ਦਰਸ਼ਨ ਹੋਏ। ਭਗਤ ਰਾਮਾਨੰਦ, ਭਗਤ ਜੈਦੇਵ ਦੀ ਬਾਣੀ ਨੂੰ ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਥਾਂ ਦਿੱਤੀ ਹੈ। ਇਹ ਦੋਵੇਂ ਭਗਤ ਬ੍ਰਾਹਮਣ ਸਨ। ਅਵਤਾਰੀ ਪੁਰਸ਼ ਦੀ ਥਿਊਰੀ ਵੀ ਤਾਂ ਬ੍ਰਾਹਮਣ ਦੀ ਹੀ ਕਾਢ ਹੈ ਜਿਸ ਰਾਹੀਂ ਭਾਰਤੀ ਹਿੰਦੂ ਸਮਾਜ ਨੂੰ ਹੁਣ ਤਕ ਦੇਵ ਲੋਕ ਦੇ ਡਰ ਵਿੱਚ ਲਾਈ ਰੱਖਿਆ ਹੈ। ਭਾਰਤ ਤੋਂ ਬਾਹਰ ਤਾਂ ਵਿਸ਼ਨੂੰ ਜੀ ਨੇ ਕਦੀ ਅਵਤਾਰ ਲੈਣ ਦੀ ਖੇਚਲ ਹੀ ਨਹੀਂ ਕੀਤੀ। ਭਾਰਤ ਵਿੱਚ ਹੀ ਅਵਤਾਰ ਲੈਂਦੇ ਰਹੇ। ਗੁਰੂ ਨਾਨਕ ਦੇਵ ਜੀ ਦਾ ਇਹ ਪ੍ਰਸ਼ਨ ਬੜਾ ਮੁਨਾਸਿਬ ਹੈ ਕਿ ਜੇ ਵਿਸ਼ਵ ਦਾ ਕਰਤਾ ਭਗਵਾਨ ਵਿਸ਼ਨੂੰ ਸਦਾ ਅਵਤਾਰ ਲੈਣ ਵਿੱਚ ਹੀ ਰੁਝਾ ਰਿਹਾ ਤਾਂ ਬਾਕੀ ਦੀ ਰਚਨਾ ਦੀ ਕੌਣ ਦੇਖ ਭਾਲ ਕਰੇਗਾ? ਇਸਦਾ ਉਤਰ ਬ੍ਰਾਹਮਣ ਪਸ ਨਹੀਂ ਹੈ। ਉਸਦੇ ਤਿੰਨਾਂ ਦੇਵਤਿਆਂ ਦੀ ਦਸ਼ਾ ਗੁਰੂ ਜੀ ਨੇ ਉਸਦੇ ਸਾਹਮਣੇ ਰੱਖ ਦਿੱਤੀ।

**ਬ੍ਰਹਮੈ ਬੇਦਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥**
**ਮਹਾ ਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸ ਬਹੁਤ ਅਹੰਕਾਰਾ॥੨॥**
**ਕਿਸਨ ਸਦਾ ਅਵਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥**
**ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੇ ਮੋਹ ਗੁਬਾਰਾ॥੩॥੫**

*(ਵਡਹੰਸ ਮ: ੩, ਪੰਨਾ ੫੫੯)*

ਅਵਤਾਰ ਤਾਂ ਬ੍ਰਾਹਮਣ ਨੇ ਆਪਣੀ ਵਿਉਂਤ ਅਨੁਸਾਰ ਬਣਾਏ ਅਤੇ ਲੋਕਾਂ ਨੂੰ ਉਹਨਾਂ ਦੀ ਪੂਜਾ ਵਿੱਚ ਲਾਇਆ। ਕੁਝ ਅਵਤਾਰ ਤਾਂ ਐਸੇ ਭੀ ਰਚੇ ਜਿਨ੍ਹਾਂ ਬਾਰੇ ਸ਼ੰਕਾ ਉਠਦੀ ਹੈ। ਕੀ ਕਛੂ, ਮਛੂ ਅਵਤਾਰ ਅਤੇ ਬ੍ਰਾਹ (ਸੂਰ) ਵਰਗੇ ਜਾਨਵਰ ਭੀ ਅਵਤਰ ਹੋ ਸਕਦੇ ਹਨ? ਇਹਨਾਂ ਨੇ ਮਨੁੱਖ ਜਗਤ ਦਾ ਕੀ ਸਵਾਰਿਆ ਹੋਊ? ਕ੍ਰਿਸ਼ਨ ਜੀ ਨੇ ਦੁਆਪਰ ਯੁਗ ਵਿੱਚ ਗੀਤਾ ਰਾਹੀਂ ਵਇਦਾ ਤਾਂ ਕੀਤੇ "ਜਦੋਂ ਸ੍ਰਿਸ਼ਟੀ ਤੇ ਪਾਪ ਵੱਧ ਜਾਣਗੇ ਤਾਂ ਮੈਂ ਅਵਤਾਰ ਧਾਰ ਕੇ ਆਵਾਂਗਾ"। ਦੁਆਪਰ ਵਿੱਚ ਕੇਵਲ ਇਕ ਯੁੱਧ ਮਹਾਂਭਾਰਤ ਹੋਇਆ ਸੀ ਕੁਰੁਕਸ਼ੇਤਰ ਵਿਖੇ। ਦੁਆਪਰ ਅੱਠ ਲਖ ਚੌਂਠ ਹਜ਼ਾਰ ਸਾਲ ਦੀ ਉਮਰ ਭੋਗ ਕੇ ਸਮਾਪਤ ਹੋ ਚੁੱਕਾ ਹੈ। ਕਲਿਯੁਗ ਨੂੰ ਭੀ ਆਰੰਭ ਹੋਇਆਂ ਹਜ਼ਾਰਾਂ ਸਾਲ ਹੋ ਗਏ ਹਨ। ਮਹਾਂਭਾਰਤ ਦਾ ਜੰਗ, ਮੌਜੂਦਾ ਯੁਗ ਦੇ ਦੋ ਮਹਾਨ ਵਿਸ਼ਵ ਯੁੱਧਾਂ ਦੇ ਟਾਕਰੇ ਤੇ ਕੁਝ ਵੀ ਨਹੀਂ। ਪਾਪਾਂ ਨਾਲ ਧਰਤੀ ਦੱਬੀ ਪਈ ਹੈ ਤੇ ਪੁਕਾਰ ਕਰ ਰਹੀ ਹੈ ਪਰ ਪਤਾ ਨਹੀਂ ਵਿਸ਼ਨੂੰ ਜੀ ਹੁਣ ਤੱਕ ਕਿਉਂ ਨਹੀਂ ਪ੍ਰਗਟ ਹੋਏ?

ਪਤਾ ਨਹੀਂ ਸਾਡੇ ਬਜ਼ੁਰਗਾਂ ਨੇ ਬ੍ਰਾਹਮਣ ਦੇ ਕਹੇ ਤੇ ਕਿਵੇਂ ਸੂਰ ਅੱਗੇ ਮੱਥਾ ਟੇਕਿਆ ਹੋਊ? ਕਿਵੇਂ ਕਛੂਐ ਅਤੇ ਮਛੂਐ ਅਗੇ ਬੇਨਤੀਆਂ ਕੀਤੀਆਂ ਹੋਣਗੀਆਂ? ਕੀ ਇਹਨਾਂ ਤਿੰਨਾਂ ਨੇ ਕਿਸ ਯੁਗ ਵਿਚ ਪਾਪਾਂ ਦਾ ਨਾਸ਼ ਕੀਤਾ? ਪਾਪ ਪੁੰਨ ਤਾਂ ਕੇਵਲ ਮਨੁੱਖੀ ਜਗਤ ਦੀ ਹੀ ਰਚਨਾ ਹੈ । ਪਸ਼ੂ, ਪੰਛੀ ਜਾਂ ਜਲ ਵਿਚ ਵਸਦੇ ਜੀਵਾਂ ਨੂੰ ਪਾਪ ਪੁੰਨ ਦਾ ਕੋਈ ਗਿਆਨ ਨਹੀਂ ਹੁੰਦਾ। ਦਰਅਸਲ ਲਗਦੈ ਇਹ 24 ਅਵਤਾਰ ਬ੍ਰਾਹਮਣ ਦੀਆਂ ਬਣਾਈਆਂ ਕਥਾ ਕਹਾਣੀਆਂ ਦੇ ਹੀਰੋ ਹਨ। ਮਨੁੱਖੀ ਸਮਾਜ ਨਾਲ ਇਹਨਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ। ਜਿਸ ਰੱਬ ਨੂੰ ਬ੍ਰਾਹਮਣ ਨੇ ਤੇਤੀ ਕਰੋੜ ਦੇਵਤਿਆਂ ਦੇ ਪਿੱਛੇ ਲੁਕਾਇਆ ਹੋਇਆ ਸੀ, ਮਰਦ ਅੰਗਮੜੇ ਨੇ ਉਸ ਰੱਬ ਨੂੰ ਮਨੁੱਖ ਦੇ ਸਾਹਮਣੇ ਲਿਆ ਪ੍ਰਗਟ ਕੀਤਾ ਕਿ

**ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ॥**

**ਨਾਨਕ ਕਾ ਪਾਤਸ਼ਾਹੁ ਦਿਸੈ ਜਾਹਰਾ॥੪॥੩॥੧੦॥੫** *(ਪੰਨਾ ੩੯੭)*

ਰੱਬ ਤਾਂ ਜਾਗਤ ਜੋਤਿ ਹੈ। ਉਸਦੀ ਜੋਤਿ ਸਦਕਾ ਸਾਰੇ ਜੀਵਾਂ ਅੰਦਰ ਜਾਨ ਪੈ ਜਾਂਦੀ ਹੈ। ਵੇਦਾਂ ਸ਼ਾਸਤਰਾਂ ਦੀ ਫਲਾਸਫੀ ਰਿਸ਼ੀਆਂ ਮੁਨੀਆਂ ਦੀ ਕਲਪਨਾ ਹੈ। ਸਭ ਫਿਲਾਸਫੀਆਂ ਮਨੁੱਖ ਦੀ ਕਲਪਨਾ ਤੋਂ ਬਣਦੀਆਂ ਹਨ। ਪਰ ਗੁਰੂ ਨਾਨਕ ਦੇਵ ਜੀ ਨੇ ਜੋ ਕੁਝ ਆਪਣੀ ਬਾਣੀ ਰਾਹੀਂ ਉਚਾਰਿਆ ਅਤੇ ਪ੍ਰਚਾਰਿਆ ਉਹ ਤ੍ਰੈ ਕਾਲ ਵਿੱਚ ਸੱਚ ਨਿਕਲਿਆ। ਹਰ ਫਿਲਾਸਫੀ ਨੂੰ ਮਾਡਰਨ ਸਾਇੰਸ ਪ੍ਰੱਖਦੀ ਆਈ ਹੈ ਅਤੇ ਸੱਚ ਤੇ ਝੂਠ ਦਾ ਨਿਬੇੜਾ ਕਰਦੀ ਹੈ। ਈਸਾਈ ਜਗਤ ਦੀ ਫਿਲਾਸਫੀ ਕਿ ਧਰਤੀ ਦੁਆਲੇ ਸੂਰਜ ਘੁੰਮਦਾ ਹੈ ਅਜੋਕੇ ਸਮੇਂ ਨੇ ਗਲਤ ਸਾਬਿਤ ਕਰ ਦਿੱਤੀ। ਪੋਪ ਨੂੰ ਸੰਨ 1989 ਈ: ਵਿੱਚ ਗੈਲੀਲਿਓ ਦੀ ਰੂਹ ਤੋਂ ਮਾਫ਼ੀ ਮੰਗਣੀ ਪਈ ਕਿ ਤੂੰ ਠੀਕ ਕਹਿੰਦਾ ਸੀ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਪਰ 1453 ਈ: ਵਿਚ ਉਸ ਸਮੇਂ ਦੇ ਕਟੜਵਾਦੀ ਈਸਾਈਆਂ ਨੇ ਗੈਲੀਲਿਓ ਨੂੰ ਵਿਗਿਆਨਿਕ ਸੱਚ ਬੋਲਣ ਕਾਰਨ ਫਾਂਸੀ ਤੇ ਟੰਗ ਕੇ ਹੀ ਸਾਹ ਲਿਆ। ਇਸਲਾਮ ਸਤ ਆਕਾਸ਼ ਤੇ

ਪਾਤਾਲ ਦੀ ਫਿਲਾਸਫੀ ਨੂੰ ਲੈ ਕੇ ਚਲਿਆ ਹੈ ਪਰ ਬਾਬਾ ਨਾਨਕ ਜੀ ਨੇ ਜਦੋਂ ਲੱਖਾਂ ਆਕਾਸ਼ ਅਤੇ ਪਾਤਾਲਾਂ ਦੀ ਗੱਲ ਕੀਤੀ ਤਾਂ ਬਗ਼ਦਾਦ ਦੇ ਪੀਰ ਉਹਨਾਂ ਨੂੰ ਪੱਥਰ ਮਾਰ ਮਾਰ ਕੇ ਖ਼ਤਮ ਕਰਨ ਦਾ ਹੁਕਮ ਦਿੱਤਾ ਸੀ, ਪਰ ਬਾਬਾ ਨਾਨਕ ਨੇ ਆਪਣੇ ਵਿਚਾਰਾਂ ਨਾਲ ਉਹਨਾਂ ਨੂੰ ਮੰਨਵਾਇਆ, ਪਰ ਅਜੇ ਭੀ ਮੁਸਲਮਾਨ ਸਤ ਆਕਾਸ਼ਾਂ ਵਾਲੀ ਫਿਲਾਸਫੀ ਤੇ ਬੈਠੇ ਹਨ ਜਦੋਂ ਕਿ ਮਾਡਰਨ ਸਾਇੰਸ ਇਹ ਪ੍ਰਵਾਨ ਕਰਦੀ ਹੈ ਕਿ ਵਾਕਈ ਲੱਖਾਂ ਆਕਾਸ਼ ਤੇ ਪਾਤਾਲ ਹਨ। ਅਣਗਿਣਤ ਸੂਰਜ ਮੰਡਲ ਹਨ। ਅਨੇਕਾਂ ਚੰਦ੍ਰਮਾਂ ਹਨ। ਗੁਰੂ ਨਾਨਕ ਦੇਵ ਜੀ ਫਿਲਾਸਫਰ ਨਹੀਂ ਸਨ। ਉਹਨਾਂ ਜੋ ਅੱਖੀਂ ਵੇਖਿਆ ਉਹ ਕਹਿ ਸੁਣਾਇਆ। ਅੱਜ ਤਕ ਉਹਨਾਂ ਦੇ ਕਿਸੇ ਬਚਨ ਨੂੰ ਸਾਇੰਸ ਰੱਦ ਨਹੀਂ ਕਰ ਸਕੀ। ਉਹ ਤਾਂ ਰੱਬ ਦੇ ਸੰਤ ਭਗਤ ਸਨ ਅਤੇ ਰੱਬ ਦਾ ਰੂਪ ਹੋ ਚੁਕੇ ਸਨ।

**ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀਂ॥੪॥੨੫॥੩੬॥** *(ਰਾਮਕਲੀ ਮ: ੫, ਪੰਨਾ ੮੯੪)*

ਗੁਰੂ ਨਾਨਕ ਦੇਵ ਜੀ ਨੇ ਪ੍ਰੇਮਾ ਭਗਤੀ ਮਾਰਗ ਦਾ ਪ੍ਰਚਾਰ ਕੀਤਾ, ਜਿਸ ਵਿੱਚ ਹਰ ਪ੍ਰਾਣੀ ਚਾਹੇ ਉਹ ਕਿਸੇ ਉਚੀ ਜਾਂ ਨੀਵੀਂ ਜ਼ਾਤ ਦਾ ਹੋਵੇ ਉਸ ਨੂੰ ਪਰਮਾਤਮਾ ਦੀ ਸਚੇ ਦਿਲੋਂ ਭਗਤੀ ਕਰਨ ਦਾ ਅਧਿਕਾਰ ਹੈ। ਬ੍ਰਾਹਮਣ ਸ਼ੂਦਰ ਅਤੇ ਇਸਤਰੀ ਨੂੰ ਭਗਤੀ ਕਰਨ ਦਾ ਅਧਿਕਾਰੀ ਨਹੀਂ ਸੀ ਮੰਨਦਾ। **ਮਰਦ ਅਗੰਮੜ ਨੇ ਹਰ ਪ੍ਰਾਣੀ ਨੂੰ ਪ੍ਰਭੂ ਦੇ ਚਰਨ ਪਰਸਨ ਅਤੇ ਦਰਸ਼ਨ ਕਰਨ ਦਾ ਅਧਿਕਾਰੀ ਮੰਨ ਕੇ ਭਾਰਤੀ ਧਰਮ ਦੇ ਇਤਿਹਾਸ ਵਿਚ ਇਕ ਨਵਾਂ ਵਿਚਾਰ ਦਿੱਤਾ।** ਆਪਦੇ ਤੀਜੇ ਸਰੂਪ ਗੁਰੂ ਅਮਰਦਾਸ ਜੀ ਨੇ ਇਸ ਵਿਚਾਰ ਵਿੱਚ ਇਕ ਹੋਰ ਨਵੀਂ ਗੱਲ ਕਹਿ ਕੇ ਕਲਿਯੁਗ ਦੀ ਮਾਨਤਾ ਹੋਰ ਵਧਾ ਦਿੱਤੀ ਕਿ ਇਸੇ ਯੁਗ ਵਿਚ ਪਿਛਲੇਰੇ ਸਾਰੇ ਯੁਗਾਂ ਵਿੱਚ ਕੀਤੀ ਕਮਾਈ ਦਾ ਨਿਬੇੜਾ ਹੋਣਾ ਹੈ। ਬ੍ਰਾਹਮਣੀ ਕਰਮ-ਕਾਂਡ ਪਿਛਲੇਰੇ ਬੀਤੇ ਯੁਗਾਂ ਦਾ ਧਰਮ ਤਾਂ ਮੰਨਿਆ ਜਾ ਸਕਦਾ ਹੈ ਪਰ ਕਲਿਯੁਗ ਵਿੱਚ ਕਰਮ-ਕਾਂਡ ਦੀ ਕੋਈ ਮਹੱਤਤਾ ਨਹੀਂ ਹੈ। ਯਥਾ ਗੁਰਵਾਕ:-

**ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥**
**ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ॥੧॥**
**ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥**
**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ ਰਹਾਉ॥**
**ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁੱਖਾਂ ਨੋ ਏਕੁ ਨਿਧਾਨਾ॥**
**ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ॥੨॥**
**ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਣਾ॥**
**ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪ੍ਰਵਾਣਾ॥੩॥**
**ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ॥**
**ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ॥੪॥**

*(ਬਿਲਾਵਲ ਮ:੩, ਪੰਨਾ ੭੯੭-੯੮)*

ਭਾਵ:- ਪਰੀਪੂਰਨ ਪਰਮੇਸ਼ਰ ਜੀ ਸ੍ਰਿਸ਼ਟੀ ਰਚਨਾ ਦੇ ਹਰ ਕਣ ਕਣ ਵਿੱਚ ਆਪ ਹੀ ਸਮਾਏ ਹੋਏ ਹਨ। ਅਤੇ ਇਸ ਰਚਨਾ ਵਿੱਚ ਕੇਵਲ ਉਸਦੇ ਨਾਮ ਰਾਹੀਂ ਇਸ ਸੰਸਾਰ ਸਾਗਰ ਤੋਂ ਪਾਰ ਹੋ ਸਕੀਦਾ ਹੈ, ਹੋਰ ਕਿਸੇ ਜਪ ਤਪ ਜਾਂ ਕਰਮ-ਕਾਂਡ ਦੀ ਕੋਈ ਸਮੱਰਥਾ ਨਹੀਂ ਹੈ। ਸਤਿਗੁਰੂ ਜੀ ਦੀ ਇਹ ਗੱਲ ਜਿਸ ਪ੍ਰਾਣੀ ਦੇ ਅੰਦਰ ਦ੍ਰਿੜ੍ਹ ਹੋ ਜਾਂਦੀ ਹੈ ਉਹ ਸਤਿਗੁਰੂ ਦਾ ਸਰੂਪ ਹੀ ਬਣ ਜਾਂਦਾ ਹੈ। ਇਸ ਧੁਰ ਕੀ ਬਾਣੀ ਨੂੰ ਜੋ ਪ੍ਰਾਣੀ ਆਪਣੇ ਹਿਰਦੇ ਵਿੱਚ ਵਸਾ ਲੈਂਦਾ ਹੈ ਉਸ ਅੰਦਰ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ।

ਚਹੁੰਆਂ ਜੁਗਾਂ ਦੇ ਜੀਵਾਂ ਦਾ ਜਿਨ੍ਹਾਂ ਦਾ ਸੰਸਾਰ ਸਾਗਰ ਤੋਂ ਪਿਛਲੇਰੇ ਯੁਗਾਂ ਵਿੱਚ ਕੀਤੇ ਪੁੰਨ ਦਾਨ ਜਾਂ ਕਰਮ-ਕਾਂਡ ਰਾਹੀਂ ਹੁਣ ਤੱਕ ਪਾਰ ਉਤਾਰਾ ਨਹੀਂ ਸੀ ਹੋ ਸਕਿਆ, ਜਾਂ ਜਿੰਨਾਂ ਜੀਵਾਂ ਨੂੰ ਪਿਛਲੇਰੇ ਯੁਗਾਂ ਦੇ ਅਵਤਾਰ ਪਾਰ ਨਹੀਂ ਸੀ ਕਰਵਾ ਸਕੇ, ਉਹਨਾਂ ਦਾ ਭੀ ਅਤੇ ਕਲਿਯੁਗ ਅੰਦਰ ਵਿਚਰ ਰਹੇ ਜਗਿਆਸੂਆਂ ਦਾ ਪਰਮੇਸ਼ਰ ਜੀ ਦੇ ਨਾਮ ਰਾਹੀਂ ਨਿਬੇੜਾ ਹੋਣਾ ਹੈ ਕਿਉਂਕਿ ਜਤੁ, (ਕਈ ਪ੍ਰਕਾਰ ਦੇ ਸੰਜਮ-ਵਰਤ ਆਦਿ),ਅਤੇ ਤੀਰਥਾਂ ਦੇ ਇਸ਼ਨਾਨ ਬੀਤੇ ਹੋਏ ਯੁਗਾਂ ਦੇ ਸ੍ਰੇਸ਼ਟ ਕਰਮ ਮੰਨੇ ਜਾਂਦੇ ਸਨ ਪਰ ਕਲਿਯੁਗ ਵਿੱਚ ਕੇਵਲ ਪ੍ਰਭੂ ਨਾਮ ਦੀ ਹੀ ਵਧੇਰੇ ਸਮੱਰਥਾ ਹੈ। ਇਹਨਾਂ ਚੋਹਾਂ ਯੁੱਗਾਂ ਦੀ ਆਪੋ ਆਪਣੀ ਧਰਮ-ਮਰਯਾਦਾ ਰਹੀ ਹੈ, ਇਹ ਗੱਲਾਂ ਵੇਦਾਂ ਅਤੇ ਪੁਰਾਣਾ ਆਦਿ ਧਰਮ ਗ੍ਰੰਥਾਂ ਨੇ ਭੀ ਪ੍ਰਵਾਨ ਕੀਤੀ ਹੈ। ਜੋ ਮਨੁੱਖ ਕਲਿਯੁਗ ਵਿੱਚ ਇਸ ਯੁਗ ਦੇ ਸਭ ਤੋਂ ਸ੍ਰੇਸ਼ਟ ਕਰਮ-ਨਾਮ ਨੂੰ ਸਤਿਗੁਰੂ ਪਾਸੋਂ ਦ੍ਰਿੜ੍ਹ ਕਰਾਕੇ ਹਿਰਦੇ ਵਿੱਚ ਵਸਾਉਂਦੇ ਹਨ ਉਹ ਹੀ ਅੱਗੇ ਜਾ ਕੇ ਰੱਬ ਦੀ ਦਰਗਾਹ ਵਿਚ ਪ੍ਰਵਾਨ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਉਪਦੇਸ਼ ਕਰਦੇ ਹਨ ਜੋ ਪਰਮਾਤਮਾ ਨਾਲ ਸੱਚੀ ਪ੍ਰੀਤ ਲਗਾ ਲੈਂਦਾ ਹੈ ਉਸਦੇ ਅੰਦਰੋਂ ਅਹੰਕਾਰ ਖਤਮ ਹੋ ਜਾਂਦਾ ਹੈ। **ਪਰਮਾਤਮਾ ਦੀ ਸਿਫ਼ਤ ਸਲਾਹ ਕਰਨ ਸੁਣਨ ਵਾਲੇ ਅਤੇ ਉਸਦੀ ਰਜ਼ਾ ਵਿੱਚ ਚਲਣ ਵਾਲੇ ਅੰਤ ਪਰਮੇਸ਼ਰ ਵਿੱਚ ਲੀਨ ਹੋ ਜਾਂਦੇ ਹਨ।**

**ਕਲਿਜੁਗੁ ਉਧਾਰਿਆ ਗੁਰਦੇਵ ॥**
**ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ ਰਹਾਉ ॥੧੪੦॥**

*(ਆਸਾ ਮ: ੫, ਪੰਨਾ ੪੦੬)*

ਬ੍ਰਾਹਮਣ ਨੇ ਮੁੱਢ ਤੋਂ ਹੀ ਗੁਰੂ ਨਾਨਕ ਦੇਵ ਜੀ ਦੇ ਸਰਬ-ਵਿਆਪੀ ਧਰਮ ਦੇ ਪੈਗੰਬਰ ਹੋਣ ਦਾ ਵਿਰੋਧ ਹੀ ਕੀਤਾ ਅਤੇ ਆਮ ਹਿੰਦੂ ਜਨਤਾ ਵਿੱਚ ਗੁਰੂ ਸਾਹਿਬ ਪ੍ਰਤੀ ਕਈ ਪ੍ਰਕਾਰ ਦੇ ਭੁਲੇਖੇ ਪਾਏ। ਇਨ੍ਹਾਂ ਸਾਰੇ ਭਰਮ-ਭੁਲੇਖਿਆਂ ਦਾ ਉਤਰ ਗੁਰੂ ਜੀ ਨੇ ਪਰਵਰਤੀ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਦਿੱਤਾ ਹੈ।

ਯੁਗਾਂ ਦੇ ਅਵਤਾਰਾਂ ਬਾਰੇ ਕੇਵਲ ਬ੍ਰਾਹਮਣ ਹੀ ਇਕ ਐਸਾ ਵਿਅਕਤੀ ਰਿਹਾ ਹੈ ਜਿਸ ਨੇ ਅਵਤਾਰਾਂ ਦੀਆਂ ਸਾਖੀਆਂ ਘੜੀਆਂ ਅਤੇ ਸ੍ਰੀ ਰਾਮ ਚੰਦਰ ਜੀ

ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਦੁਆਪਰ ਅਤੇ ਤ੍ਰੇਤੇ ਦੇ ਅਵਤਾਰ ਵਜੋਂ ਐਲਾਨਿਆ। ਭਲਾ ਜੇ ਰਾਜਾ ਦਸ਼ਰਥ ਨੂੰ ਇਹ ਪਤਾ ਹੁੰਦਾ ਕਿ ਉਸਦਾ ਬੇਟਾ ਵਿਸ਼ਨੂੰ ਦਾ ਅਵਤਾਰ ਹੈ ਤਾਂ ਉਸਨੂੰ 14 ਸਾਲ ਲਈ ਵਨ-ਬਾਸ ਬਿਨਾਂ ਉਨ੍ਹਾਂ ਦੇ ਕਿਸੇ ਦੋਸ਼ ਦੇ ਕਦੀ ਨ ਭੇਜਦੇ। ਜੇ ਰਾਮ ਜੀ ਆਪ ਭੀ ਜਾਣਦੇ ਹੁੰਦੇ ਕਿ ਉਹ ਅਵਤਾਰੀ ਪੁਰਸ਼ ਹਨ ਤਾਂ ਸੀਤਾ ਅਤੇ ਲਛਮਣ ਦੇ ਵਿਜੋਗ ਵਿੱਚ ਕਦੀ ਰੋਂਦੇ ਨਾ।

**ਰੋਵੈ ਰਾਮੁ ਨਿਕਾਲਾ ਭਇਆ॥**

**ਸੀਤਾ ਲਖਮਣੁ ਵਿਛੁੜਿ ਗਇਆ॥** *(ਰਾਮਕਲੀ ਕੀ ਵਾਰ ੯੫੩-੫੪)*

ਸ੍ਰੀ ਰਾਮਚੰਦ ਜੀ ਨੇ ਸਾਰੇ ਜੀਵਨ ਕਾਲ ਵਿੱਚ ਜਨਤਾ ਨੂੰ ਰਾਮ ਨਾਮ ਦਾ ਉਪਦੇਸ਼ ਨਹੀਂ ਦਿੱਤਾ। ਇਸਦੀ ਕਾਢਿ ਮਗਰੋਂ ਹੋਈ। ਤੁਲਸੀ ਦੇ ਰਾਮ ਅਤੇ ਕਬੀਰ ਦੇ ਰਾਮ ਵਿਚ ਇਹੋ ਤਾਂ ਅੰਤਰ ਹੈ। ਤੁਲਸੀ ਦਾ ਰਾਮ ਰਾਜਕੁਮਾਰ ਹੀ ਸੀ। ਕਬੀਰ ਦਾ ਰਾਮ ਰੱਬ ਹੈ। ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਨੂੰ ਅਵਤਾਰੀ ਪੁਰਸ਼ ਦਸ ਕੇ ਬ੍ਰਾਹਮਣ ਨੇ ਜਨਤਾ ਨੂੰ ਕ੍ਰਿਸ਼ਨ-ਭਗਤੀ ਵਿੱਚ ਮਗਰੋਂ ਹੀ ਜੋੜਿਆ ਲਗਦਾ ਹੈ। ਇਸ਼ਨਾਨ ਕਰਦਿਆਂ ਸਖੀਆਂ ਦੇ ਵਸਤਰ ਲੁਕੋ ਲੈਣੇ ਕੀ ਇਹ ਅਵਤਾਰੀ ਪੁਰਸ਼ਾਂ ਨੂੰ ਸੋਭਦਾ ਹੈ? ਉਨ੍ਹਾਂ ਦੇ ਜੀਵਨ ਕਾਲ ਵਿੱਚੋਂ ਕਿਤੇ ਸੰਸਾਰ-ਸਾਗਰ ਤੋਂ ਪਾਰ ਉਤਾਰਾ ਕਰਾਨ ਲਈ ਉਨ੍ਹਾਂ ਦੁਆਰਾ ਕੀਤੇ ਯਤਨਾਂ ਦਾ ਕੋਈ ਇਤਿਹਾਸ ਨਹੀਂ ਮਿਲਦਾ। ਸ੍ਰੀ ਮਦ ਭਗਵਤ-ਪੁਰਾਣ ਵਿੱਚ ਉਨ੍ਹਾਂ ਦੀ ਲੀਲਾ ਦੀਆਂ ਅਨੇਕਾਂ ਸਾਖੀਆਂ ਹਨ ਪਰ ਸ੍ਰੀ ਮਦ-ਭਗਵਤ ਗੀਤਾ ਉਨ੍ਹਾਂ ਦੀ ਆਪਣੀ ਰਚਨਾ ਨਹੀਂ। ਇਹ ਰਚਨਾ ਕ੍ਰਿਸ਼ਨ ਜੀ ਤੋਂ ਮਗਰੋਂ ਹੋਈ ਹੈ। ਪਰ ਉਹਨਾਂ ਦੀਆਂ ਸਾਖੀਆਂ ਵਿਚੋਂ ਭੀ ਸੰਸਾਰ ਸਗਰ ਤੋਂ ਪਾਰ ਉਤਾਰੇ ਦੀਆਂ ਗੱਲਾਂ ਨਹੀਂ ਲਭੰਦੀਆਂ।

ਗੁਰੂ ਨਾਨਕ ਸਾਹਿਬ ਦਾ ਜੋ ਪ੍ਰੀਚਾ ਗਿਆਰਾ ਵਿਦਵਾਨ ਬ੍ਰਾਹਮਣ ਭੱਟਾਂ ਨੇ 17ਵੀਂ ਸਦੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਰਾਹੀਂ ਦਿੱਤਾ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਸੱਚ ਮੁੱਚ ਗੁਰੂ ਨਾਨਕ ਦੇਵ ਜੀ ਵਰਤਮਾਨ ਕਲਿਯੁਗ ਵਿਖੇ ਜੀਵਾਂ ਦੇ ਕਲਿਆਣ ਕਰਨ ਲਈ, ਨਿਰੰਕਾਰ ਸਰੂਪ ਪ੍ਰਗਟ ਹੋਏ। ਫਿਰ 200 ਸਾਲ ਤੋਂ ਵੱਧ ਸਮੇਂ ਤੱਕ ਗੁਰੂ ਨਾਨਕ-ਜੋਤਿ ਨੇ ਸਤਿਨਾਮ ਦਾ ਪ੍ਰਚਾਰ ਕੀਤਾ। ਕਰਮ-ਕਾਂਡ ਅਤੇ ਹੋਰ ਕਈ ਪ੍ਰਕਾਰ ਦੇ ਸੰਜਮਾਂ (ਪਿਛਲੇਰੇ ਯੁਗਾਂ ਦੇ) ਨੂੰ ਨਿਰਾਰਥਕ ਦੱਸਿਆ। ਇਕ ਅਕਾਲਪੁਰਖ ਦੀ ਭਗਤੀ ਉੱਤੇ ਹੀ ਜ਼ੋਰ ਦਿੱਤਾ। ਜਨ-ਸਾਧਾਰਨ ਨੂੰ ਪ੍ਰੇਮਾ ਭਗਤੀ ਦੀ ਜਾਚ ਸਿਖਾਈ, ਬ੍ਰਾਹਮਣ ਪ੍ਰੋਹਤ ਦੀ ਮੁਥਾਜੀ ਤੋਂ ਆਪਣੇ ਸਿੱਖਾਂ ਨੂੰ ਸਦਾ ਲਈ ਆਜ਼ਾਦ ਕੀਤਾ। ਪਰ ਅਫਸੋਸ ਇਸ ਗੱਲ ਦਾ ਹੈ ਕਿ ਬ੍ਰਹਮਣ ਨੇ ਗੁਰੂ ਨਾਨਕ ਦੇਵ ਜੀ ਨੂੰ ਨ ਆਪ ਸਮਝਿਆ ਨਾ ਆਪਣੇ ਜਜਮਾਨਾਂ ਨੂੰ ਸਮਝਾ ਸਕਿਆ। ਉਹ ਹੁਣ ਵੀ ਕਹਿੰਦੇ ਥਕਦੇ ਨਹੀਂ ਕਿ ਸਿੱਖ ਹਿੰਦੂ ਹੁੰਦੇ ਹਨ। ਪਰ ਸਿੱਖ, ਗੁਰੂ ਨਾਨਕ ਦੇਵ ਜੀ ਦੇ ਲੜ ਲੱਗ ਕੇ ਸੁਚਿਆਰ ਸਿੱਖ ਬਣਨ ਦਾ ਜਤਨ ਕਰਦੇ ਹਨ। ਉਹ ਬ੍ਰਹਣਾਂ ਦੇ ਪਿਛ-ਲੱਗ ਨਹੀਂ ਬਣੇ।

ਮ: ੧ ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ।
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥
ਗਿਆਨੁ ਸਲਾਹੇ ਵੱਡਾ ਕਰਿ ਸਚੋ ਸਚਾ ਨਾਉ॥
ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ॥
ਬੇਦੁ ਵਪਾਰੀ ਗਿਆਨ ਰਾਸਿ ਕਰਮੀ ਪਲੈ ਹੋਇ॥
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ॥੨॥੧੯ (ਪਉੜੀ)

*(ਸਾਰੰਗ ਕੀ ਵਾਰ ਮ: ੧, ੧੨੪੩)*

◆◆◆

# 7. ਪ੍ਰਭ ਡੋਰੀ ਹਾਥਿ ਤੁਮਾਰੇ

ਕਿਸੇ ਗੁਰਸਿਖ ਦੇ ਘਰੋਂ ਟੇਪ ਰਿਕਾਰਡਰ ਤੋਂ ਮਧੁਰ ਮਧੁਰ ਆਵਾਜ਼ ਬਾਹਰ ਤੱਕ ਆ ਰਹੀ ਸੀ ਜਿਸਦੀ ਅਸਥਾਈ ਦੀ ਇਹ ਤੁਕ ਬਾਰ ਬਾਰ ਸੁਣੀਦੀ ਸੀ:-

"ਪ੍ਰਭ ਡੋਰੀ ਹਾਥਿ ਤੁਮਾਰੇ"॥

ਇਸ ਘਰ ਵਿੱਚ ਇਕ ਨੌਜਵਾਨ ਹੈ ਜੋ ਵਿਗਿਆਨ ਦੇ ਖੇਤਰ ਵਿੱਚ ਕਿਸੇ ਉਪਰਲੀ ਕਲਾਸ ਵਿੱਚ ਪੜ੍ਹਦਾ ਹੈ। ਉਸਦੇ ਬਜ਼ੁਰਗ ਦਾਦਾ ਜੀ ਗੁਰਬਾਣੀ ਦੇ ਰਸੀਆਂ ਅਤੇ ਖੋਜੀ ਹਨ। ਓਹੀ ਸਵੇਰੇ ਸਵੇਰੇ ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਸਰਵਨ ਕਰਨ ਤੋਂ ਮਗਰੋਂ ਟੇਪ ਲਗਾ ਕੇ ਕੁਝ ਦੇਰ ਤੱਕ ਟੇਪਾਂ ਤੋਂ ਕੀਰਤਨ ਸੁਣਦੇ ਹਨ। ਅਜੱ ਜਿਸ ਸ਼ਬਦ ਦਾ ਟੇਪ ਤੋਂ ਕੀਰਤਨ ਹੋ ਰਿਹਾ ਸੀ ਉਹ ਇਹ ਸੀ:-

**ਸੋਈ ਕਰਾਇ ਜੋ ਤੁਧੁ ਭਾਵੈ॥ ਮੋਹਿ ਸਿਆਣਪ ਕਛੂ ਨ ਆਵੈ॥**
**ਹਮ ਬਾਰਕ ਤਉ ਸਰਣਾਈ॥ ਪ੍ਰਭਿ ਆਪੇ ਪੈਜ ਰਖਾਈ॥੧॥**
**ਮੇਰਾ ਮਾਤ ਪਿਤਾ ਹਰਿ ਰਾਇਆ॥**
**ਕਰਿ ਕਿਰਪ ਪ੍ਰਤਿਪਾਲਣ ਲਾਗਾ ਕਰੀ ਤੇਰਾ ਕਰਾਇਆ॥੧॥ ਰਹਾਉ॥**
**ਜੀਅ ਜੰਤ ਤੇਰੇ ਧਾਰੇ॥ ਪ੍ਰਭ ਡੋਰੀ ਹਾਥਿ ਤੁਮਾਰੇ॥**
**ਜਿ ਕਰਾਵੈ ਸੋ ਕਰਣਾ॥ ਨਾਨਕ ਦਾਸ ਤੇਰੀ ਸਰਣਾ॥੨॥੭॥**

*(ਸੋਰਠਿ ਮ: ੫, ਪੰਨਾ ੬੨੬-੨੭)*

ਇਸ ਸ਼ਬਦ ਤੋਂ ਬਾਅਦ ਦਾਦਾ ਜੀ ਨੇ ਟੇਪ ਰਿਕਾਰਡਰ ਬੰਦ ਕਰ ਦਿੱਤਾ। ਘਰ ਅੰਦਰ ਗੁਰਬਾਣੀ ਦੇ ਲਗਾਤਾਰ ਕਾਫੀ ਦੇਰ ਤੋਂ ਕੀਰਤਨ ਦੀ ਗੁੰਜਾਰ ਨੇ ਘਰ ਅੰਦਰਲੇ ਸਾਰੇ ਵਾਤਾਵਰਣ ਨੂੰ ਸ਼ਾਂਤ ਅਤੇ ਰਸ-ਮਈ ਬਣਾਇਆ ਹੋਇਆ ਸੀ। ਨੌਜਵਾਨ ਪੋਤੇ ਨੂੰ ਅੱਜ ਕਾਲਜ ਤੋਂ ਛੁੱਟੀ ਸੀ। ਕਈ ਦਿਨਾਂ ਤੋਂ ਮਨੁੱਖ ਦੇ ਜੀਵਨ ਪ੍ਰਤੀ ਗੁਰਬਾਣੀ ਦੀ ਵਿਧਾਤਾ-ਮੁਖੀ ਸੋਚ ਬਾਰੇ ਉਹ ਆਪਣੇ ਦਾਦਾ ਜੀ ਤੋਂ ਕੁਝ ਸਪੱਸ਼ਟੀਕਰਣ ਲੈਣਾ ਚਾਹੁੰਦਾ ਸੀ। ਉਸ ਅੰਦਰ ਗੁਰਬਾਣੀ ਅਤੇ ਸਤਿਗੁਰੂ ਸਾਹਿਬਾਨ ਪ੍ਰਤੀ ਪੂਰੀ ਸ਼ਰਧਾ ਸੀ। ਉਸਨੇ ਹੁਣੇ ਹੁਣੇ ਅੰਮ੍ਰਿਤ ਭੀ ਪਾਨ ਕਰ ਲਿਆ ਸੀ। ਸਾਇੰਸ ਦੇ ਵਿਦਿਆਰਥੀ ਦੇ ਮਨ ਵਿਚ ਕਈ ਕਿਸਮ ਦੇ ਪ੍ਰਸ਼ਨ ਉਠਦੇ ਹੁੰਦੇ ਹਨ। ਜੇਕਰ ਉਹਨਾਂ ਪ੍ਰਸ਼ਨਾਂ ਦਾ ਠੀਕ ਸਮੇਂ ਘਰ ਦੇ ਮਾਤਾ ਪਿਤਾ ਤੋਂ ਜਾਂ ਬਾਹਰੋਂ ਪ੍ਰਚਾਰਕ ਵਰਗ ਦੇ ਲੈਕਚਰਾਂ ਤੋਂ ਸਮਾਂਧਾਨ ਨਹੀਂ ਹੁੰਦਾ ਤਾਂ ਇਸ ਦੇ ਫਲਸਰੂਪ ਮਾਡਰਨ ਨੌਜਵਾਨ ਹੌਲਾ ਹੌਲੀ ਗੁਰਬਾਣੀ ਦੀ ਸੋਚ ਅਤੇ ਸਿਧਾਂਤ ਤੋਂ ਦੂਰ ਚਲੇ ਜਾਂਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਜਦੋਂ ਨੌਜਵਾਨ ਬਾਣੀ ਤੋਂ ਉਪਰਾਮ ਹੋ ਕੇ ਸਿੱਖ ਵਿਚਾਰਧਾਰਾ ਤੋਂ ਇਲਾਵਾ ਸਿੱਖੀ ਬਾਣੇ ਨੂੰ ਭੀ ਛੱਡ ਦਿੰਦੇ ਹਨ ਤਾਂ ਇਉਂ ਇਹ ਭਟਕੇ ਹੋਏ ਨੌਜਵਾਨ ਪੱਛਮੀ ਵਿਗਿਆਨਕ ਸੋਚ ਅਤੇ ਪੱਛਮੀ ਫਿਲਾਸਫੀ, ਜਾਂ ਹੋਰ ਕਈ ਪ੍ਰਕਾਰ ਦੀਆਂ ਵਿਚਾਰਧਾਰਾਵਾਂ ਦੇ ਵਿਸ਼ਾਲ ਸਮੁੰਦਰ ਵਿੱਚ ਤੈਰਨ ਦਾ ਯਤਨ ਕਰਦੇ ਹਨ ਜਿਸ ਵਿਚ ਉਨ੍ਹਾਂ ਦੇ ਡੁਬਣ ਦੀਆਂ ਸੰਭਾਵਨਾਵਾਂ ਜ਼ਿਆਦਾ ਹਨ।

ਉਹ ਇਸ ਵਿਚਾਰ ਦੇ ਧਾਰਨੀ ਹੋ ਜਾਂਦੇ ਹਨ ਕਿ ਮਨੁੱਖ ਹੀ ਆਪਣੀ ਕਿਸਮਤ ਦਾ ਵਿਧਾਤਾ ਹੈ ਅਤੇ ਉਸਨੂੰ ਆਪਣੇ ਜੀਵਨ ਵਿਚ ਅਗੇ ਵਧਣ ਦੀ ਹਰ ਤਰ੍ਹਾਂ ਦੀ ਖੁੱਲ੍ਹ ਹੈ। ਪੜ੍ਹ ਲਿਖ ਕੇ ਸਿਆਣਾ ਹੋ ਜਾਣ ਕਰਕੇ ਉਹ ਇਹ ਸਮਝਣ ਲਗ ਪੈਂਦੇ ਹਨ ਕਿ ਪੁਰਾਤਨ ਗੁਰੂਆਂ ਦੇ ਉਪਦੇਸ਼ ਉਨ੍ਹਾਂ ਨੂੰ ਸਹੀ ਮਾਰਗ ਨਹੀਂ ਦਿਖਾ ਸਕਦੇ ਕਿਉਂਕਿ ਉਹਨਾਂ ਦੇ ਸਮੇਂ ਬੀਤ ਚੁੱਕੇ ਹਨ। ਉਹ ਇਹ ਕਹਿਣ ਲਗ ਪੈਂਦੇ ਹਨ ਕਿ ਬੜਾ ਕੁਝ ਬਦਲ ਗਿਆ ਹੈ ਇਸ ਬਦਲੇ ਮਾਹੌਲ ਵਿੱਚ ਗੁਰੂਆਂ ਦੀ ਬਾਣੀ ਅਸੰਗਤ ਜਿਹੀ ਲਗਦੀ ਹੈ।

ਅੱਜ ਨਾਸ਼ਤਾ ਲੈਣ ਤੋਂ ਮਗਰੋਂ ਪੋਤਾ ਦਾਦਾ ਜੀ ਪਾਸ ਆ ਕੇ ਬੈਠ ਜਾਂਦਾ ਹੈ ਅਤੇ ਉਹਨਾਂ ਤੋਂ ਆਗਿਆ ਲੈ ਕੇ ਆਪਣੇ ਸ਼ੰਕਿਆਂ ਨੂੰ ਇਕ ਇਕ ਕਰਕੇ ਉਹਨਾਂ ਦੇ ਸਾਹਮਣੇ ਰੱਖਦਾ ਹੈ।

ਪੋਤਾ:- ਦਾਦਾ ਜੀ ਗੁਰੂ ਸਾਹਿਬਾਨ ਦੇ ਸਮੇਂ ਹੋਰ ਸਨ ਅਜ ਸਮਾਂ ਹੋਰ ਹੈ, ਕੀ 500 ਸਾਲ ਪੁਰਾਣੀ ਬਾਣੀ ਸਾਨੂੰ ਵਰਤਮਾਨ ਸਮੇਂ ਵਿੱਚ ਅਗਵਾਈ ਦੇ ਸਕਦੀ?

ਦਾਦਾ:- ਸਦੀਆਂ ਦੇ ਬੀਤ ਜਾਣ ਨਾਲ ਮਨੁੱਖ ਦਾ ਮੂਲ ਸੁਭਾਉ ਨਹੀਂ ਬਦਲਦਾ। ਉਦੋਂ ਭੀ ਮਨੁੱਖ ਦੇ ਤਿੰਨ ਬੁਨਿਆਦੀ ਮਸਲੇ ਹੁੰਦੇ ਸਨ-ਰੋਟੀ, ਕੱਪੜਾ ਅਤੇ ਮਕਾਨ। ਹੁਣ ਭੀ ਇਹਨਾਂ ਦੀ ਪੂਰਤੀ ਵਿੱਚ ਹਰ ਜਨਰੇਸ਼ਨ (ਪੀੜ੍ਹੀ) ਆਪੋ ਆਪਣੇ ਢੰਗ ਨਾਲ ਜਤਨ ਕਰਦੀ ਆ ਰਹੀ ਹੈ। ਜੇ ਪਹਿਲਾਂ ਪੇਟ ਭਰਨ ਲਈ ਕਣਕ ਦੀ ਰੋਟੀ ਹੁੰਦੀ ਸੀ ਤਾਂ ਹੁਣ ਪੇਟ ਭਰਨ ਲਈ ਕੁਝ ਨਵੇਂ ਪਦਾਰਥਾਂ ਦਾ ਸਹਾਰਾ ਲੈ ਕੇ ਪੇਟ ਭਰੀਦਾ ਹੈ। ਅਮੀਰ ਅਤੇ ਗਰੀਬ ਦੀ ਰੋਟੀ ਵਿੱਚ, ਇਹਨਾਂ ਦੇ ਰਿਹਾਇਸ਼ੀ ਮਕਾਨਾਂ ਦੀ ਸ਼ਕਲ ਸੂਰਤ ਵਿੱਚ, ਜਾਂ ਇਹਨਾਂ ਦੇ ਕਪੜਿਆਂ ਵਿਚ ਹਜ਼ਾਰਾਂ ਸਾਲ ਪਹਿਲਾਂ ਵੀ ਅੰਤਰ ਹੁੰਦਾ ਸੀ ਅਤੇ ਹੁਣ ਭੀ ਅੰਤਰ ਹੈ। ਤਾਂ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਬੜਾ ਕੁਝ ਬਦਲ ਗਿਆ ਹੈ?

ਪੋਤਾ:- ਇਹ ਗੱਲ ਤਾਂ ਤੁਹਾਡੀ ਠੀਕ ਹੈ ਕਿ ਮਨੁੱਖ ਦੀਆਂ ਤਿੰਨ ਮੁੱਢਲੀਆਂ ਲੋੜਾਂ ਹਜ਼ਾਰਾਂ ਸਾਲ ਬਾਅਦ ਭੀ ਨਹੀਂ ਬਦਲ ਸਕਦੀਆਂ। ਮੇਰਾ ਸਵਾਲ ਇਹ ਹੈ ਕਿ ਕੀ ਮਨੁੱਖ ਦੇ ਮੂਲ ਸੁਭਾਉ ਅਤੇ ਵਿਗਿਆਨ ਵਿੱਚ ਤਬਦੀਲੀ ਨਹੀਂ ਆਈ? ਕੀ ਉਸਦੀ ਸੋਚ ਵਿਚ ਭੀ ਮਾਡਰਨ ਸਿਖਿਆ ਰਾਹੀਂ ਭਾਰੀ ਪਰਿਵਰਤਨ ਨਹੀਂ ਆਇਆ? ਮੇਰਾ ਵਿਸ਼ਵਾਸ਼ ਹੈ ਕਿ ਇਸ ਨਵੀਨ ਸੋਚ ਨੇ ਉਸ ਅੰਦਰ ਇਕ ਸ੍ਵੈ-ਵਿਸ਼ਵਾਸ਼ ਪੈਦਾ ਕੀਤਾ ਹੈ ਕਿ ਹਰ ਮਨੁੱਖ ਆਪਣੀ ਜ਼ਿੰਦਗੀ ਵਿੱਚ ਜੋ ਕੁਝ ਭੀ ਬਣਨਾ ਚਾਹੇ ਉਹ ਬਣ ਸਕਦਾ ਹੈ। ਇਸਦੇ ਟਾਕਰੇ ਤੇ ਪੁਰਾਤਨ ਸਮੇਂ ਦੇ ਨੌਜਵਾਨ ਨੂੰ ਨਾ ਤਾਂ ਮਾਡਰਨ ਵਿੱਦਿਆ ਦੇ ਅਵਸਰ ਪ੍ਰਾਪਤ ਸਨ ਜਿਸ ਨਾਲ ਉਹ ਆਪਣੇ ਪਰਿਵਾਰਕ ਕਿੱਤੇ ਤੋਂ ਬਾਹਰ ਜਾਣ ਦੀ ਕਦੀ ਸੋਚ ਸਕਦਾ ਸੀ। ਕੀ ਇਹ ਇਕ ਮਹੱਤਵਪੂਰਨ ਤਬਦੀਲੀ ਨਹੀਂ? ਤੁਹਾਡਾ ਕੀ ਵਿਚਾਰ ਹੈ ਕਿ ਅੱਜ ਦਾ ਨੌਜਵਾਨ ਨਵੇਂ ਬਦਲੇ ਮਾਹੌਲ ਵਿੱਚ ਕਾਰਜ ਕਰਨ ਲਈ ਜ਼ਿਆਦਾ ਸੁਤੰਤਰ ਨਹੀਂ?

ਦਾਦਾ:- ਤੁਸੀਂ ਇਕੋ ਵਕਤ ਕਈ ਸਵਾਲ ਇੱਕਠੇ ਹੀ ਕਰ ਦਿੱਤੇ ਹਨ। ਮੂਲ ਸੁਭਾਉ ਦੀ ਗੱਲ ਤੁਸਾਂ ਆਖੀ ਹੈ। ਸੁਭਾਉ ਬਦਲਦੇ ਆ ਰਹੇ ਹਨ ਅਤੇ ਇਹ ਬਦਲਦੇ ਰਹਿਣਗੇ। ਪੰਡਿਤਾਂ ਨੇ ਸੁਭਾਉ ਨੂੰ ਧਿਆਨ ਵਿੱਚ ਰੱਖ ਕੇ ਚਾਰ ਯੁਗਾਂ ਦੀ ਕਲਪਨਾ ਸਮਾਜ ਸਾਹਮਣੇ ਰੱਖੀ। ਸਤਿਯੁਗ ਤੋਂ ਕਲਿਯੁਗ ਤਕ ਦੇ ਲੱਖਾਂ ਸਾਲ ਦੇ ਸਫ਼ਰ ਦੇ ਦੌਰਾਨ ਮਨੁੱਖੀ ਸੁਭਾਉ ਉੱਤੇ ਝਾਤ ਮਾਰਦਿਆਂ ਇਹੋ ਵੇਖਣ ਵਿਚ ਆਇਆ ਹੈ ਕਿ ਮਨੁੱਖ ਦੇ ਸੁਭਾਉ ਵਿੱਚ ਯੁਗਾਂ ਦੇ ਹਰ ਪੜਾਅ ਤੋਂ ਬਾਅਦ ਗਿਰਾਵਟ ਆਉਂਦੀ ਗਈ। ਜੇ ਸਤਿਯੁਗ ਵਿੱਚ ਮਨੁੱਖ ਸੱਚ ਬੋਲਦਾ ਸੀ ਤਾਂ ਕਲਿਯੁਗ ਵਿਚ ਕੂੜ ਪ੍ਰਧਾਨ ਹੋ ਗਿਆ ਹੈ। ਜੇ ਤ੍ਰੇਤੇ ਯੁਗ ਵਿੱਚ ਮਨੁੱਖ ਸੰਤੋਖੀ ਸੀ ਤਾਂ ਕਲਿਯੁਗ ਵਿਚ ਉਸਦੇ ਸੁਭਾਉ ਵਿੱਚ ਜ਼ਿਆਦਾ ਲਾਲਚ ਆ ਗਿਆ। ਦੁਆਪਰ ਵਿਚ ਜੇ ਦਇਆ ਅਤੇ ਧਰਮ ਦੀਆਂ ਕਦਰਾਂ ਕੀਮਤਾਂ ਕਾਇਮ ਸਨ ਤਾਂ ਕਲਿਯੁਗ ਵਿਚ ਨਾ ਦਇਆ ਹੈ ਨ ਧਰਮ ਦੀ ਕੋਈ ਬਹੁਤੀ ਕਦਰ ਰਹੀ ਹੈ। ਕਲਿਯੁਗ ਦਾ ਮਤਲਬ ਹੀ ਇਹੋ ਹੈ ਕਿ ਮਨੁੱਖ ਦੇ ਸੁਭਾਉ ਦੀ ਗਿਰਾਵਟ ਦਾ ਝੁਕਾਉ ਹੋਰ ਨਿਵਾਣ ਵਲ ਨੂੰ ਹੁੰਦਾ ਜਾ ਰਿਹਾ ਹੈ। ਤੁਸੀਂ ਦਸੋ ਇਸ ਤਬਦੀਲੀ ਨਾਲ ਮਨੁੱਖ ਅੱਗੇ ਨਾਲੋਂ ਮਨੁੱਖੀ ਕਦਰਾਂ ਕੀਮਤਾਂ ਦੀ ਮਾਪ-ਫੱਟੀ ਉੱਤੇ ਉਪਰ ਵੱਲ ਜਾ ਰਿਹਾ ਹੈ ਜਾਂ ਨਿਵਾਣ ਵੱਲ?

ਪੋਤਾ:- ਦਿਸਦਾ ਤਾਂ ਨਿਵਾਣ ਵਲ ਨੂੰ ਜਾਂਦੈ। (ਹੈਰਾਨ ਹੋਕੇ) ਇਹ ਕਦੀ ਸੋਚਿਆ ਹੀ ਨਹੀਂ ਸੀ। ਇਸ ਤਬਦੀਲੀ ਦੀ ਅਜੇ ਮਨੁੱਖ ਨੂੰ ਸਮਝ ਨਹੀਂ ਆਈ।

ਦਾਦਾ:- ਕੁਦਰਤ ਦੀ ਰਚਨਾ ਵਿੱਚ ਕਿਸੇ ਜੀਵ ਜੰਤ ਦੇ ਸੁਭਾਉ ਵਿੱਚ ਗਿਰਾਵਟ ਨਹੀਂ ਆਈ ਜਿਤਨੀ ਮਨੁੱਖ ਦੇ ਸੁਭਾਅ ਅੰਦਰ ਆਈ ਹੈ। ਪੰਛੀ ਜਗਤ ਊਸ਼ਾ ਦੀ ਪਹਿਲੀ ਲਾਲੀ ਦੀ ਮੱਧਮ ਲੋਅ ਨਾਲ ਹੀ ਜਾਗ ਕੇ ਚਹਿਕਣ ਲੱਗ ਪੈਂਦਾ ਹੈ।

**ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥**
**ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥੧॥**

*(ਗਉੜੀ ਕੀ ਵਾਰ ਮ:੪ ਪੰਨਾ-੩੧੯)*

ਪਰ ਮਨੁੱਖ ਦਾ ਨਾਂ ਤਾਂ ਸੌਣ ਦਾ ਕੋਈ ਵਕਤ ਰਿਹਾ ਹੈ ਨਾ ਜਾਗਣ ਦਾ। ਉਹ ਆਪਣੇ ਆਪ ਨੂੰ ਸੁਤੰਤਰ ਜੋ ਸਮਝਦਾ ਹੈ। ਪਰ ਡਾਕਟਰ ਕਹਿੰਦੇ ਹਨ ਕਿ ਮੌਜੂਦਾ ਬੀਮਾਰੀਆਂ ਦਾ ਵੱਡਾ ਕਾਰਣ ਮਨੁੱਖ ਦੀਆਂ ਖਾਣ ਪੀਣ ਦੀਆਂ ਅਤੇ ਸਮੇਂ ਸਿਰ ਆਰਾਮ ਨਾ ਕਰਨ ਦੀਆਂ ਆਦਤਾਂ ਹੀ ਹਨ। ਪਸ਼ੂ ਪੰਛੀਆਂ ਨੂੰ ਮਨੁੱਖ ਦੇ ਮੁਕਾਬਲੇ ਤੇ ਘੱਟ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ। ਸਿਹਤ ਤੋਂ ਇਲਾਵਾ ਪਸ਼ੂਆਂ ਪੰਛੀਆਂ ਦੇ ਸੁਭਾਉ ਜ਼ਿਆਦਾ ਟਿਕਾਉ ਵਿਚ ਹੁੰਦੇ ਹਨ। ਗਧੇ ਨੇ ਗਧਾ ਹੀ ਰਹਿਣਾ ਹੈ। ਕਿਸੇ ਨੇ ਉਸ ਨੂੰ ਚੰਗਾ ਗੱਧਾ ਬਣਨ ਲਈ ਨਹੀਂ ਕਹਿਣਾ, ਨਾ ਕਦੀ ਕਿਸੇ ਨੇ ਤੋਤੇ ਨੂੰ ਚੰਗਾ ਤੋਤਾ ਬਣਨ ਲਈ ਆਖਿਆ ਹੈ। ਪਰ ਕੇਵਲ ਮਨੁੱਖ ਹੀ ਹੈ ਜਿਸ ਸੁਭਾਉ ਵਿੱਚ ਆਈ ਗਿਰਾਵਟ ਨੂੰ ਮੁੱਖ ਰੱਖ ਕੇ ਅੱਜ ਹਰ ਦੇਸ਼ ਵਿੱਚ ਅਤੇ ਹਰ ਮਨੁੱਖੀ ਸਮਾਜ ਵਿੱਚ ਕਦਰਾਂ ਕੀਮਤਾਂ ਦੀ ਗਿਰਾਵਟ ਕਾਰਨ ਇਹ

ਆਵਾਜ਼ਾਂ ਆ ਰਹੀਆਂ ਹਨ "ਐ ਇਨਸਾਨ ਤੂੰ ਚੰਗਾ ਇਨਸਾਨ ਬਣ ਦਿਨੋ ਦਿਨ ਤੂੰ ਪਸ਼ੂ ਕਿਉਂ ਬਣਦਾ ਜਾ ਰਿਹਾ ਹੈ"?

**"ਕਰਤੂਤਿ ਪਸੂ ਕੀ ਮਾਨਸ ਜਾਤਿ"**
**ਲੋਕ ਪਚਾਰਾ ਕਰੈ ਦਿਨੁ ਰਾਤਿ ॥੫॥੪॥**

*(ਗਉੜੀ ਸੁਖਮਨੀ ਮ:੫, ਪੰਨਾ ੨੬੭)*

ਜਿਵੇਂ ਪਸ਼ੂ ਹਰਿਆਵਲ ਵਲ ਦੌੜਦਾ ਹੈ ਤਿਵੇਂ ਮਨੁੱਖ ਭੁੱਖਾਂ ਦੀ ਪੂਰਤੀ ਲਈ ਦੌੜਿਆ ਭੱਜਿਆ ਫਿਰਦਾ ਹੈ। ਇਸ ਤੋਂ ਵੱਧ ਮਨੁੱਖ ਨੇ ਕੋਈ ਖਾਸ ਮੱਲਾਂ ਨਹੀਂ ਮਾਰੀਆਂ। ਤੁਸੀਂ ਵਿਦਿਆ ਰਾਹੀਂ ਪ੍ਰਾਪਤ ਵਿਗਿਆਨ ਦੀ ਗੱਲ ਕੀਤੀ ਹੈ। ਇਹ ਠੀਕ ਹੈ ਸਮੇਂ ਨਾਲ ਹਰ ਮੁਲਕ ਵਿਚ ਵਿਦਿਅਕ ਸੰਸਥਾਵਾਂ ਦੇ ਵਿਸਥਾਰ ਕਾਰਨ ਮਨੁੱਖ ਨੂੰ ਆਪਣੇ ਆਲੇ ਦੁਆਲੇ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਹੋਈ ਹੈ। ਮੈਂ ਇਸ ਨੂੰ ਕੇਵਲ ਸੂਚਨਾ (information) ਦਾ ਨਾਂ ਦਿੰਦਾ ਹਾਂ, ਜਿਸਨੂੰ ਤੁਸੀਂ ਵਿਗਿਆਨ ਕਹਿੰਦੇ ਹੋ। ਅਸਲ ਗਿਆਨ ਦਾ ਤੁਹਾਨੂੰ ਪਤਾ ਹੀ ਨਹੀਂ। ਗੁਰਬਾਣੀ ਨੂੰ ਜ਼ਰਾ ਧਿਆਨ ਨਾਲ ਪੜ੍ਹੋ ਫਿਰ "ਕੇਵਲ ਸੂਚਨਾ ਵਾਲੇ ਗਿਆਨ ਦਾ ਅਤੇ ਰੱਬੀ ਨਿਜ਼ਾਮ ਦੇ ਗਿਆਨ ਦਾ ਫ਼ਰਕ ਤੁਹਾਨੂੰ ਪਤਾ ਲਗ ਜਾਏਗਾ। ਇਸ ਉੱਤੇ ਫਿਰ ਕਿਸੇ ਸਮੇਂ ਚਰਚਾ ਕਰਾਂਗੇ।

ਪੁਰਾਤਨ ਸਮੇਂ ਦੇ ਨੌਜਵਾਨ ਦੇ ਮੁਕਾਬਲੇ ਤੇ ਹੁਣ ਦਾ ਨੌਜਵਾਨ ਵਾਕਈ ਜ਼ਿਆਦਾ ਚੇਤੰਨ ਹੈ। ਉਸ ਅੰਦਰ ਕੁਝ ਬਣਨ ਦੀਆਂ ਸੰਭਾਵਨਾਵਾਂ ਦਾ ਕਾਫੀ ਵਿਸਥਾਰ ਹੋਇਆ ਲੱਗਦਾ ਹੈ। ਤੁਸਾਂ ਠੀਕ ਹੀ ਤਾਂ ਕਿਹਾ ਹੈ ਕਿ ਅੱਜ ਦਾ ਸਿੱਖਿਅਤ ਨੌਜਵਾਨ ਪੁਰਾਤਨ ਸਮੇਂ ਦੇ ਨੌਜਵਾਨ ਨਾਲੋਂ ਆਪਣੇ ਆਪ ਨੂੰ ਜ਼ਿਆਦਾ ਸੁਤੰਤਰ ਮਹਿਸੂਸ ਕਰਦਾ ਹੈ। ਪਰ ਮੈਂ ਪੁੱਛਦਾ ਹਾਂ ਸੁਤੰਤਰ ਹੋਣ ਤੋਂ ਤੁਹਾਡਾ ਕੀ ਭਾਵ ਹੈ?

ਪੋਤਾ:- ਮੇਰਾ ਮਤਲਬ ਹੈ ਜੇ ਮੈਂ ਡਾਕਟਰ ਬਣਨਾ ਚਾਹੁੰਦਾ ਤਾਂ ਕੀ ਮੈਂ ਡਾਕਟਰ ਨਹੀਂ ਬਣ ਸਕਦਾ? ਜੇ ਕੋਈ ਨੀਵੀਂ ਜਾਤ ਵਾਲਾ ਵਿਅਕਤੀ ਉੱਚੀਆਂ ਜਾਤਾਂ ਦੇ ਕਿੱਤਿਆਂ ਵਿੱਚ ਪ੍ਰਵੇਸ਼ ਕਰਨਾ ਚਾਹੇ ਤਾਂ ਉਹ ਸੁਤੰਤਰ ਹੈ ਕਿਉਂਕਿ ਸਾਡੇ ਦੇਸ਼ ਦਾ ਸੰਵਿਧਾਨ ਜਾਤ, ਧਰਮ ਜਾਂ ਲਿੰਗ ਦੇ ਆਧਾਰ ਤੇ ਪਾਏ ਗਏ ਭੇਦ-ਭਾਵ ਨੂੰ ਪ੍ਰਵਾਨ ਨਾ ਕਰਕੇ, ਸਭ ਨੂੰ ਕਾਰਜ ਕਰਨ ਦੀ ਖੁਲ੍ਹ ਦਿੰਦਾ ਹੈ। ਕਿੱਤਾ ਸਿਖਣ ਅਤੇ ਅਪਨਾਉਣ ਦੀ ਸਭ ਨੂੰ ਖੁਲ੍ਹ ਦਿਤੀ ਗਈ ਹੈ।

ਦਾਦਾ:- ਤੁਸੀਂ ਠੀਕ ਕਹਿ ਰਹੇ ਹੋ। ਤੁਹਾਨੂੰ ਪਤੈ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਰਾਵੀ ਪਾਰ ਗੁਰਮਤਿ ਦਾ ਪਹਿਲਾਂ ਵਿਦਿਆਲਾ ਖੋਲ੍ਹਿਆ ਤਾਂ ਉਸ ਵਿੱਚ ਸਭ ਨੂੰ ਪਹਿਲਾ ਪਾਠ ਹੀ ਇਹੋ ਪੜ੍ਹਾਇਆ ਗਿਆ ਸੀ ਕਿ ਅਸੀਂ ਸਾਰੇ ਪਰਮਾਤਮਾ ਦੇ ਬੇਟੇ ਬੇਟੀਆਂ ਹਾਂ। ਮਨੁੱਖ ਨੂੰ ਚਾਰ ਜਾਤਾਂ ਵਿੱਚ ਵੰਡਣਾ ਤੇ ਵੰਡੀ ਰੱਖਣਾ ਮਹਾਂ ਪਾਪ ਹੈ। ਅੱਜ ਦੇ ਸੰਵਿਧਾਨ ਵਿੱਚ ਮਨੁੱਖੀ ਬਰਾਬਰਤਾ ਲਈ ਜੋ ਕੁਝ ਕਿਹਾ ਗਿਆ ਹੈ ਗੁਰੂ ਨਾਨਕ ਦੇਵ ਜੀ ਨੇ ਤਾਂ 500 ਤੋਂ ਵੱਧ ਸਾਲ ਪਹਿਲਾਂ ਹੀ ਇਸ ਗੱਲ ਉਤੇ ਬਹੁਤ ਜ਼ੋਰ ਦਿੱਤਾ। ਪਰ ਹਿੰਦੂ ਧਰਮ ਦੇ ਰਾਹਬਰਾਂ ਨੇ ਗੁਰੂ ਮਹਾਰਾਜ ਦਾ ਇਹ ਗੱਲ

ਕਹਿ ਕੇ ਵਿਰੋਧ ਕੀਤਾ ਕਿ ਗੁਰੂ ਜੀ ਹਿੰਦੂ ਧਰਮ ਦਾ ਸਤਿਆਨਾਸ ਕਰਨਾ ਚਾਹੁੰਦੇ ਹਨ। ਇਸ ਡਰ ਤੋਂ ਬ੍ਰਾਹਮਣੀ ਸਭਿਆਚਾਰ ਦੇ ਲੋਕ ਗੁਰੂ ਜੀ ਦੇ ਵਿਦਿਆਲੇ ਵਿਚ ਅੱਜਤਕ ਦਾਖ਼ਲਾ ਲੈਣ ਤੋਂ ਸੰਕੋਚ ਕਰਦੇ ਆਏ ਹਨ। ਅਸੀਂ ਤਾਂ ਕਹਿੰਦੇ ਹਾਂ ਕਿ ਹਰ ਮਨੁੱਖ ਨੂੰ ਜੋ ਕੁਝ ਉਹ ਆਪਣੀ ਜ਼ਿੰਦਗੀ ਵਿੱਚ ਬਣਨਾ ਚਾਹੇ ਬਣੇ। ਉਹ ਬਣਨ ਵਿੱਚ ਸੁਤੰਤਰ ਹੋਵੇ। ਉਸਦਾ ਇਹ ਮੌਲਿਕ ਅਧਿਕਾਰ ਹੈ। ਸਭ ਨੂੰ ਬਰਾਬਰ ਔਸਰ ਦਿੱਤੇ ਜਾਣ।

ਪੋਤਾ:- ਇਸਦਾ ਭਾਵ ਤਾਂ ਇਹ ਹੋਇਆ ਕਿ ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਦੇ ਸਮਾਜ ਤੋਂ ਕਈ ਸੌ ਸਾਲ ਅਗੇਤਰੇ ਸਨ, ਕਿਉਂਕਿ ਇਹਨਾਂ ਪੰਜ ਸੌ ਸਾਲਾਂ ਵਿਚ ਅਜੇ ਕੇਵਲ ਮਨੁੱਖੀ ਬਰਾਬਰੀ ਦੀ ਗੱਲ ਹੀ ਸਾਡੇ ਸੰਵਿਧਾਨ ਵਿਚ ਆਈ ਹੈ ਜਿਸ ਉੱਤੇ ਪੂਰੀ ਤਰ੍ਹਾਂ ਅਮਲ ਨਹੀਂ ਹੋ ਰਿਹਾ। ਇਸਦਾ ਮਤਲਬ ਹੋਇਆ ਕਿ ਗੁਰੂ ਸਾਹਿਬਾਨ ਦੀ ਬਾਣੀ ਵਿੱਚ ਦਰਜ ਧਾਰਮਿਕ ਵਿਚਾਰ ਤਾਂ ਨਵੀਨਤਮ ਹੀ ਹਨ ਅਤੇ ਮਾਡਰਨ ਸਮੇਂ ਨਾਲੋਂ ਭੀ ਅਗੇਤਰੇ ਹਨ।

ਦਾਦਾ:- ਬੇਟਾ, ਅਜੇ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਦੇ ਵਿਦਵਨਾਂ ਨੇ ਖੋਜਿਆ ਹੀ ਨਹੀਂ। ਅਮਰੀਕਾ ਵਿੱਚ ਇਕ ਪੁਸਤਕ ਪ੍ਰਕਾਸ਼ਤ ਹੋਈ ਹੈ ਜਿਸ ਦਾ ਨਾਮ ਹੈ (One Hundred Original Thinkers of the World) "ਵਿਸ਼ਵ ਦੇ ਸੌ ਮੌਲਿਕ ਵਿਅਕਤੀ"। ਉਸ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਨੂੰ ਭੀ ਸ਼ਾਮਲ ਕੀਤਾ ਗਿਆ ਹੈ । ਤੁਹਾਨੂੰ ਤਾਂ ਇਹ ਭੁਲੇਖਾ ਪਿਆ ਲਗਦਾ ਹੈ ਕਿ 500 ਸਾਲ ਪੁਰਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੁਰਾਣੇ ਸਮਾਜਿਕ ਵਿਚਾਰ ਹੀ ਹੋਣਗੇ। ਐਸਾ ਨਹੀਂ ਹੈ। ਗੁਰਬਾਣੀ ਵਿਚ ਆਏ ਵਿਚਾਰ ਕਿਸੇ ਆਉਣ ਵਾਲੇ ਯੁਗ ਵਿਚ ਭੀ ਪੁਰਾਣੇ ਨਹੀਂ ਜਾਪਣਗੇ ਕਿਉਂਕਿ ਸੱਚ ਸਦਾ ਸੱਚ ਰਹਿੰਦਾ ਹੈ, ਕਦੇ ਪੁਰਾਣਾ ਨਹੀਂ ਹੁੰਦਾ।

**ਸਚੁ ਪੁਰਾਣਾ ਨ ਥੀਐ ਨਾਮੁ ਨ ਮੈਲਾ ਹੋਇ॥**
**ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ॥੨**

*(ਪਉੜੀ ੨੯ ਮ: ੩, ਪੰਨਾ ੧੨੪੮)*

ਪੋਤਾ:- (ਹੈਰਾਨ ਹੋ ਕੇ) ਕਮਾਲ ਹੈ, ਮੈਂ ਕਦੀ ਇਸ ਪਖੋਂ ਵਿਚਾਰ ਹੀ ਨਹੀਂ ਸੀ ਕੀਤਾ। ਮੈਂ ਤਾਂ ਇਸ ਨੂੰ ਮਹਾਨ-ਕਾਵਿ ਰਚਨਾ ਸਮਝ ਕੇ ਪੜ੍ਹਦਾ ਰਿਹਾ ਹਾਂ ਕਿ ਇਹ ਸਾਡੇ ਬਜ਼ੁਰਗ ਕਵੀਆਂ ਦੀਆਂ ਕਾਵਿ ਉਡਾਰੀਆਂ ਹਨ, ਪਰ ਹੁਣ ਮੈਨੂੰ ਲਗਦੈ ਕਿ ਇਹ ਮੇਰੀ ਭੁਲ ਸੀ। ਹੁਣ ਮੈਂ ਗੁਰਬਾਣੀ ਨੂੰ ਹੋਰ ਸਾਵਧਾਨ ਹੋ ਕੇ ਪੜ੍ਹਨ ਦਾ ਜਤਨ ਕਰਾਂਗਾ ਕਿਉਂਕਿ ਇਸ ਵਿਚ ਆਦਿ-ਜੁਗਾਦੀ ਸੱਚ ਦੀ ਗੱਲ ਆਖੀ ਗਈ ਹੈ। ਦਾਦਾ ਜੀ! ਅੱਜ ਜੋ ਸ਼ਬਦ ਤੁਸੀਂ ਸਵੇਰੇ ਸਵੇਰੇ ਟੇਪ ਤੋਂ ਲਗਾਇਆ ਹੋਇਆ ਸੀ ਉਸ ਵਿੱਚ ਘੜੀ ਘੜੀ ਇਹ ਲਾਇਨ ਗਾਇਨ ਹੋ ਰਿਹਾ ਸੀ, "ਪ੍ਰਭ ਡੋਰੀ ਹਾਥ ਤੁਮਾਰੇ"। ਮੈਂ ਸਮਝਦਾ ਹਾਂ ਮੇਰੇ ਵਰਗਾ ਹਰ ਨੌਜਵਨ ਸੁਤੰਤਰ ਹੈ। ਉਹ ਜੋ ਚਾਹੇ ਆਪਣੀ ਵਿਦਿਅਕ ਯੋਗਤਾ ਅਨੁਸਾਰ ਬਣ ਸਕਦਾ ਹੈ, ਕਿਉਂਕਿ ਉਸਨੇ ਜ਼ਿੰਦਗੀ ਵਿਚ ਕੁੱਝ ਨਾ ਕੁੱਝ ਬਣਨਾ ਹੈ। ਜੇ ਉਸਦੀ ਡੋਰੀ ਰੱਬ ਦੇ ਹੱਥ ਵਿਚ ਦੇ

ਦਿੱਤੀ ਜਾਏ ਤਾਂ ਮੇਰੇ ਵਰਗੇ ਨੌਜਵਾਨ ਦੀਆਂ ਅਗੇ ਵਧਣ ਦੀਆਂ ਇਛਾਵਾਂ ਦਾ ਕੀ ਬਣੇਗਾ? ਘੱਟੋ ਘੱਟ ਮੈਂ ਆਪਣੀਆਂ ਇਛਾਵਾਂ ਦੀ ਡੋਰੀ ਰੱਬ ਦੇ ਹੱਥ ਦੇਣ ਲਈ ਤਿਆਰ ਨਹੀਂ। ਬਜ਼ੁਰਗ ਵਰਗ ਦੇ ਲੋਕ ਜੇ ਇਹ ਆਖਣ 'ਪ੍ਰਭ ਡੋਰੀ ਹਾਥ ਤੁਮਾਰੇ' ਤਾਂ ਕਿਸੇ ਹੱਦ ਤਕ ਠੀਕ ਹੈ ਕਿ ਬਜ਼ੁਰਗਾਂ ਨੇ ਤਾਂ ਹੁਣ ਸੰਸਾਰ ਯਾਤਰਾ ਪੂਰੀ ਕਰਕੇ ਜਾਣਾ ਹੀ ਰੱਬ ਕੋਲ ਹੈ, ਇਸ ਲਈ ਰੱਬ ਦੇ ਹੱਥ ਵਿਚ ਡੋਰੀ ਫੜਾਉਣ ਵਿੱਚ ਉਹ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਹਨ। ਪਰ ਮੇਰੇ ਵਰਗਾ ਨੌਜਵਾਨ ਸੁਤੰਤਰ ਹੈ, ਅਤੇ ਸਤੁੰਤਰਤਾ ਮੇਰਾ (ਪੈਦਾਇਸ਼ੀ) ਜਨਮ ਸਿੱਧ ਅਧਿਕਾਰ ਹੈ। ਜਦੋਂ ਸਮਾਂ ਆਏਗਾ ਮੈਂ ਭੀ ਆਪਣੀ ਡੋਰੀ ਰੱਬ ਦੇ ਹੱਥ ਵਿੱਚ ਜ਼ਰੂਰ ਫੜਾਵਾਂਗ ਪਰ ਅਜੇ ਨਹੀਂ। ਕਿਉਂ ਜੀ ਮੈਂ ਠੀਕ ਕਿਹਾ ਹੈ ਨਾ?

ਦਾਦਾ:- (ਦਾਦਾ ਜੀ ਤਾੜੀ ਮਾਰ ਕੇ ਖ਼ੂਬ ਹਸੇ) ਹਾਂ ਬੇਟਾ ਅਸਾਂ ਬੁੱਢਿਆਂ ਨੂੰ ਸੋਭਦਾ ਭੀ ਇਹੋ ਹੈ ਕਿ ਹੁਣ ਤਾਂ ਡੋਰੀ ਰੱਬ ਦੇ ਹੱਥ ਫੜਾਈ ਜਾਏ। ਅਸਾਂ ਸੰਸਾਰ ਤੇ ਹੁਣ ਹੋਰ ਕੀ ਬਣਨਾ ਹੈ। ਪਰ ਮੇਰਾ ਸਵਾਲ ਇਹ ਹੈ ਕਿ ਕੀ ਮਨੁੱਖ ਸੰਸਾਰ ਅੰਦਰ ਸਮਾਜ ਵਿੱਚ ਵਿਚਰਦਿਆਂ ਕਦੀ ਪੂਰਨ ਸੁਤੰਤਰਤਾ ਮਾਣ ਸਕਿਆ ਹੈ? ਮੈਂ ਪੁੱਛਦਾ ਹਾਂ ਕੀ ਕਾਰਣ ਸੀ ਗਰੀਕ (ਯੂਨਾਨ) ਦੇ ਮਹਾਨ ਫਿਲਾਸਫਰ ਸੁਕਰਾਤ ਨੂੰ ਭਰ ਜਵਾਨੀ, ਜੇਲ੍ਹ ਵਿੱਚ ਡੱਕ ਕੇ ਜ਼ਹਿਰ ਪੀਣ ਲਈ ਮਜ਼ਬੂਰ ਕੀਤਾ ਗਿਆ? ਕਿਉਂਕਿ ਉਹ ਆਪਣੇ ਸਮੇਂ ਤੋਂ ਅਗੇਤਾ ਸੀ? ਉਹ ਜੋ ਕੁਝ ਵੀ ਕਹਿੰਦਾ ਸੀ ਉਸ ਸਮੇਂ ਦੇ ਸਮਾਜ ਨੂੰ ਸਮਝ ਨਹੀਂ ਸੀ ਆਉਂਦਾ। ਇਸੇ ਤਰ੍ਹਾਂ ਈਸਾ ਜੀ ਨੂੰ ਭੀ ਆਪਣੇ ਸਮਾਜ ਨੇ ਸੁਤੰਤਰ ਤੌਰ ਤੇ ਵਿਚਰਨ ਨਹੀਂ ਦਿੱਤਾ ਤੇ ਕਾਰਸ ਉੱਤੇ ਲਟਕਾਅ ਕੇ ਸਭ ਨੌਜਵਾਨਾਂ ਨੂੰ ਚਿਤਾਵਨੀ ਦਿੱਤੀ ਕਿ ਖ਼ਬਰਦਾਰ ਕੋਈ ਆਪਣੇ ਆਪ ਨੂੰ ਰੱਬ ਦਾ ਬੇਟਾ ਕਹੇ। ਪਰ ਦੋ ਹਜ਼ਾਰ ਸਾਲ ਬਾਅਦ ਹੁਣ ਅਸੀਂ ਸਾਰੇ ਰੱਬ ਦੇ ਬੇਟੇ ਬੇਟੀਆਂ ਅਖਵਾਉਂਦੇ ਹਾਂ। ਇਸ ਦਾ ਭਾਵ ਇਹ ਹੋਇਆ ਕਿ ਹਰ ਨੌਜਵਾਨ ਦੀ ਸੁਤੰਤਰਤਾ ਨੂੰ ਰੁਕਾਵਟ ਪਾਣ ਵਾਲਾ ਜੇ ਕੋਈ ਹੈ ਤਾਂ ਉਹ ਸਮੇਂ ਦਾ ਸਮਾਜ ਹੀ ਹੁੰਦਾ ਹੈ। ਰੱਬ ਨੇ ਕਦੀ ਕਿਸੇ ਥਾਂ ਉੱਤੇ ਪ੍ਰਗਟ ਹੋ ਕੇ ਕਿਸੇ ਨੂੰ ਨਹੀਂ ਰੋਕਿਆ। ਗੈਲੀਲਿਓ ਵਰਗੇ ਮਹਾਨ ਸਾਇੰਸਦਾਨ ਨੂੰ ਈਸਾਈ ਸਮਾਜ ਨੇ ਇਸ ਲਈ ਫਾਂਸੀ ਉਤੇ ਟੰਗ ਦਿੱਤਾ ਕਿਉਂਕਿ ਉਸਦੀ ਵਿੱਦਿਅਕ ਖੋਜ ਕਹਿੰਦੀ ਸੀ ਕਿ ਸੂਰਜ ਗੋਲ ਹੈ ਇਸ ਲਈ ਧਰਤੀ ਚਪਟੀ ਨਹੀਂ ਇਹ ਵੀ ਗੋਲ ਹੈ। ਸੂਰਜ ਧਰਤੀ ਦੁਆਲੇ ਨਹੀਂ ਘੁੰਮਦਾ ਸਗੋਂ ਧਰਤੀ ਸੂਰਜ ਦੁਆਲੇ ਚੱਕਰ ਕਟਦੀ ਹੈ। ਪਰ ਉਸ ਸਮੇਂ ਦੇ ਕੈਥੋਲਿਕ ਈਸਾਈ ਧਰਮ ਦੇ ਆਗੂਆਂ ਨੇ ਇਸਦੇ ਉਲਟ ਜਿਸ ਧਾਰਨਾ ਦਾ ਪ੍ਰਚਾਰ ਕੀਤਾ ਹੋਇਆ ਸੀ, ਉਸ ਨੇ ਗੈਲੀਲਿਓ ਨੂੰ ਸੁਤੰਤਰਤਾ ਨਾਲ ਬੋਲਣ ਦੀ ਜਾਂ ਖੋਜ ਕਰਨ ਦੀ ਆਗਿਆ ਨਹੀਂ ਦਿੱਤੀ। ਮਨੁੱਖੀ ਸਮਾਜ ਹੀ, ਸੁਤੰਤਰ ਵਿਚਾਰਾਂ ਵਾਲਿਆਂ ਨੂੰ ਸਦਾ ਡੱਕਣ ਦਾ ਜਤਨ ਕਰਦਾ ਆਇਆ ਹੈ। ਕਈ ਵਾਰੀ ਤਾਂ ਸੌੜੇ ਵਿਚਾਰ ਵਾਲੇ ਸਮਾਜ ਉਹਨਾਂ ਦੀ ਜਾਨ ਲੈ ਲੈਂਦੇ ਹਨ। ਗੈਲੀਲਿਓ ਨੂੰ 1453 ਈ: ਵਿੱਚ ਫਾਂਸੀ ਦੇ ਦਿੱਤੀ ਗਈ ਪਰ 1989 ਵਿੱਚ ਕੈਥੋਲਿਕ ਪੋਪ ਨੂੰ ਮਾਡਰਨ ਵਿਗਿਆਨ ਨੂੰ ਪ੍ਰਵਾਨ ਕਰਦੇ ਹੋਏ 536 ਵਰ੍ਹਿਆਂ ਬਾਅਦ ਗੈਲੀਲਿਓ ਦੀ ਕਬਰ ਵਿਚ ਪਈ ਰੂਹ ਤੋਂ ਲਿਖਤੀ ਮਾਫੀ ਮੰਗਣੀ ਪਈ ਕਿ ਤੂੰ ਠੀਕ ਸੀ ਅਸੀਂ ਤੁਹਾਨੂੰ ਮਾਰਨ ਦੀ

ਭੁਲ ਕੀਤੀ।

ਪੋਤਾ:- ਦਾਦਾ ਜੀ, ਮੇਰੇ ਸਵਾਲ ਦਾ ਉੱਤਰ ਅਜੇ ਨਹੀਂ ਮਿਲਿਆ। ਸਮਾਜ ਦੀਆਂ ਰੁਕਾਵਟਾਂ ਨਾਲ ਟੱਕਰ ਲੈਣ ਦੀਆਂ ਗੱਲਾਂ ਇਤਿਹਾਸ ਵਿਚ ਬਥੇਰੀਆਂ ਮਿਲਦੀਆਂ ਹਨ, ਮੇਰਾ ਸਵਾਲ ਕੇਵਲ ਇਤਨਾ ਹੈ ਕਿ ਮਨੁੱਖ ਹੀ ਆਪਣੇ ਨਵੇਂ ਵਿਚਾਰਾਂ ਦੁਆਰਾ ਆਪਣੇ ਆਲੇ ਦੁਆਲੇ ਨੂੰ ਸੰਵਾਰਦਾ ਆਇਆ ਹੈ, ਪੁਰਾਣੇ ਕਟੜ ਲੋਕਾਂ ਦੇ ਵਿਚਾਰਾਂ ਵਿੱਚ ਭੀ ਸਮੇਂ ਸਮੇਂ ਨਵੇਂ ਵਿਚਾਰਾਂ ਦਾ ਸੰਚਾਰ ਹੁੰਦਾ ਰਿਹਾ ਹੈ। ਸਾਇੰਸ ਦੀਆਂ ਨਵੀਨ ਕਾਂਢਾਂ ਨੇ ਮਨੁੱਖ ਦੇ ਜੀਵਨ ਵਿੱਚ ਅਗੇ ਨਾਲੋਂ ਵਧੇਰੀਆਂ ਸੁਖ-ਸਹੂਲਤਾਂ ਪੈਦਾ ਕੀਤੀਆਂ ਹਨ। ਜੇਕਰ ਮਨੁੱਖ ਦੀ ਇਸ ਮੁਢਲੀ ਸੁਤੰਤਰਤਾ ਨੂੰ ਪ੍ਰਵਾਨ ਨ ਕਰਕੇ ਅਸੀਂ ਇਹੋ ਆਖੀ ਜਾਈਐ ਕਿ ਰੱਬ ਜੀ ਸਾਡੀ ਡੋਰੀ ਤੁਹਾਡੇ ਹੱਥ ਵਿਚ ਹੈ ਤਾਂ ਸ਼ਾਇਦ ਇਤਨਾ ਵੱਡਾ ਵਿਕਾਸ ਕਦੀ ਨਾ ਹੁੰਦਾ। ਅੱਜ ਦਾ ਮਨੁੱਖ ਤਾਂ ਸਾਨੂੰ ਰੱਬ ਤੋਂ ਸੁਤੰਤਰ ਹੁੰਦਾ ਦਿਸਦਾ ਹੈ। ਉਸਦੀ ਵਰਕਸ਼ਾਪ ਅਤੇ ਖੋਜਸ਼ਾਲਾ ਵਿਚ ਕੰਮ ਕਰਦੇ ਹੋਏ, ਉਸਦੀ ਸੁਤੰਤਰਤਾ ਦੀ ਡੋਰੀ ਰੱਬ ਦੇ ਹੱਥ ਵਿਚ ਨਹੀਂ ਦਿਸਦੀ। ਇਹ ਕੀ ਖੇਡ ਹੈ? ਇਹ ਤਾਂ ਮੈਂ ਮੰਨਦਾ ਹਾਂ ਕਿ ਜੀਵ-ਜੰਤੂ ਉਸਦੇ ਪੈਦਾ ਕੀਤੇ ਹੋਏ ਹਨ, ਪਰ ਡੋਰੀ ਫੜਾਉਣ ਵਾਲੀ ਗੱਲ ਮੇਰੇ ਸਮਝ ਨਹੀਂ ਆਈ ਕਿ ਇਕ ਸੂਝਵਾਨ ਮਨੁੱਖ ਆਪਣੀ ਸੋਚ ਦੀ ਵਰਤੋਂ ਨ ਕਰੇ? ਕੀ ਉਹ ਆਪਣੇ ਸੁਤੰਤਰ ਅਤੇ ਮੌਲਿਕ ਵਿਚਾਰਾਂ ਨੂੰ ਕਿਸੇ ਅਦ੍ਰਿਸ਼ਟ ਹਸਤੀ ਦੇ ਰਹਿਮੋ-ਕਰਮ ਉੱਤੇ ਛੱਡ ਦੇਵੇ? ਇਹ ਕਿਥੋਂ ਦੀ ਸਿਆਣਪ ਹੈ?

ਦਾਦਾ:- ਮੇਰਾ ਵੀ ਇਹੋ ਕਹਿਣਾ ਹੈ ਕਿ ਮਨੁੱਖ ਆਪਣੀ ਮੌਲਿਕਤਾ ਨੂੰ ਸੁਤੰਤਰ ਹੋ ਕੇ ਵਰਤੇ। ਸਮਾਜਿਕ ਰੁਕਾਵਟਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਮੌਲਿਕਤਾ ਤੁਹਾਨੂੰ ਆਪਣਾ ਰਾਹ ਪੱਧਰਾ ਕਰਨ ਦੀ ਜਾਚ ਸਿਖਾਏਗੀ। ਇਸਦੀ ਭਰਪੂਰ ਵਰਤੋਂ ਕਰੋ। ਪਰਮਾਤਮਾ ਤੁਹਾਡਾ ਰਾਹ ਕਦੀ ਨਹੀਂ ਰੋਕੇਗਾ।

ਪੋਤਾ:- ਜੇ ਤੁਸੀਂ ਮੌਲਿਕਤਾ ਦੀ ਹੋਂਦ ਨੂੰ ਪ੍ਰਵਾਨ ਕਰਦੇ ਹੋ ਤਾਂ ਫਿਰ ਕੀ ਕਾਰਣ ਹੈ ਕਿ ਤੁਸੀਂ ਪ੍ਰਭੂ ਦੇ ਹੱਥ ਡੋਰੀ ਰਖਣ ਦੀ ਗੱਲ ਵੀ ਉਸੇ ਲਗਨ ਅਤੇ ਦ੍ਰਿੜ੍ਹਤਾ ਨਾਲ ਕਹਿ ਜਾਂਦੇ ਹੋ, ਇਹ ਮੇਰੀ ਸਮਝ ਤੋਂ ਬਾਹਰ ਹੈ।

ਦਾਦਾ:- ਬੇਟਾ, ਅਸਲ ਗੱਲ ਇਹ ਹੈ ਕਿ ਰੱਬ ਨੇ ਜਦੋਂ ਸ੍ਰਿਸ਼ਟੀ ਰਚਨਾ ਕੀਤੀ ਉਸਨੇ ਕਈ ਪ੍ਰਕਾਰ ਦੇ ਜੀਵ ਜੰਤੂ ਬਣਾਏ। ਹਰ ਜੀਵ ਵਿੱਚ ਪ੍ਰਭੂ ਨੇ ਹਉਂ-ਚੇਤੰਨਾ ਵਾਲੀ ਸੁਰਤਿ ਦੀ ਇਕ ਨਿੱਕੀ ਜੇਹੀ ਡੱਬੀ ਰੱਖ ਦਿੱਤੀ, ਜਿਹੜੀ ਬੈਟਰੀ ਵਾਂਗ ਹਰ ਜੀਵ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ।

**ਏਕਾ ਸੁਰਤਿ ਜੇਤੇ ਹੈ ਜੀਅ॥**
**ਸੁਰਤਿ ਵਿਹੂਣਾ ਕੋਇ ਨ ਕੀਅ॥**
**ਜੇਹੀ ਸੁਰਤਿ ਤੇਹਾ ਤਿਨ ਰਾਹੁ॥**
**ਲੇਖਾ ਇਕੋ ਆਵਹੁ ਜਾਹੁ॥੧॥**
**ਕਾਹੇ ਜੀਅ ਕਰਹਿ ਚਤੁਰਾਈ॥**
**ਲੈਵੈ ਦੇਵੈ ਢਿਲ ਨ ਪਾਈ॥੧॥ ਰਹਾਉ॥**

*(ਸਿਰੀਰਾਗ ਮ: ੧, ਪੰਨਾ ੨੪-੨੫)*

ਮਨੁੱਖ ਅੰਦਰ ਭੀ ਇਹ ਹਉਮੈਂ ਵਾਲੀ ਡੱਬੀ ਕੁਝ ਹੋਰਾਂ ਨਾਲੋਂ ਵੱਡੀ ਰੱਖ ਦਿੱਤੀ ਹੋਈ ਹੈ, ਜੋ ਉਸ ਅੰਦਰ ਸਾਰੀ ਉਮਰ ਉਸ ਨੂੰ ਸੁਤੰਤਰ ਹੋ ਕੇ ਵਿਚਰਨ ਲਈ ਬੈਟਰੀ ਦੇ ਸੈਲ ਵਾਂਗ ਕੰਮ ਕਰਦੀ ਹੈ। ਇਸ ਤੋਂ ਸਵੈ-ਮਾਨ ਅਤੇ ਸਵੈ-ਅਭਿਮਾਨ, ਆਦਿ ਨੇ ਜਨਮ ਲਿਆ। ਇਸੇ ਵਿਚ ਹੀ ਮੌਲਿਕਤਾ ਛੁਪੀ ਹੁੰਦੀ ਹੈ।

**ਹਉ ਵਿਚਿ ਆਇਆ ਹਉ ਵਿਚਿ ਗਿਆ॥**
**ਹਉ ਵਿਚਿ ਜਮਿਆ ਹਉ ਵਿਚਿ ਮੁਆ॥**
**-----------------------------**
**ਹਉ ਵਿਚਿ ਮਾਇਆ ਹਉ ਵਿਚਿ ਛਾਇਆ॥**
**ਹਉਮੈਂ ਕਰਿ ਕਰਿ ਜੰਤ ਉਪਾਇਆ॥**
**ਹਉਮੈਂ ਬੂਝੈ ਤਾਂ ਦਰ ਸੂਝੈ॥**
**ਗਿਆਨ ਵਿਹੂਣਾ ਕਥਿ ਕਥਿ ਲੂਝੈ॥** *(ਆਸਾ ਕੀ ਵਾਰ, ਮ: ੧, ਪੰਨਾ ੪੬੬)*

ਰੱਬ ਨੇ ਤਾਂ ਜੀਵ ਜੰਤਾਂ ਵਿੱਚ ਹਉਮੈਂ ਦੀ ਡੱਬੀ ਰੱਖ ਕੇ ਉਹਨਾਂ ਨੂੰ ਤੁਰਨ ਫਿਰਨ ਲਗਾ ਦਿੱਤਾ ਅਤੇ ਉਹ ਸਾਰੇ ਸੁਤੰਤਰ ਹੋ ਕੇ ਵਿਚਾਰ ਰਹੇ ਹਨ। ਅਸੀਂ ਤਾਂ ਕੇਵਲ ਮੁੱਨਖੀ ਸਮਾਜ ਦੀ ਹੀ ਗੱਲ ਕਰ ਰਹੇ ਹਾਂ। ਕਦੀ ਇਹ ਭੀ ਸੋਚਿਐ ਕਿ ਬਾਕੀ ਦੀ ਚੌਰਾਸੀ ਲੱਖ ਜੂਨਾਂ ਵਿਚ ਕੀ ਵਰਤਾਰਾ ਵਰਤ ਰਿਹਾ ਹੈ? ਰੱਬ ਤਾਂ ਰਚਨਾ ਦਾ ਪਸਾਰਾ ਕਰਕੇ ਸਭ ਜੀਵਾਂ ਨੂੰ ਸੁਤੰਤਰਤਾ ਦੀ ਸੁਰਤਿ ਵਾਲੀ ਬੈਟਰੀ ਦੇ ਕੇ ਆਪ ਲੁਕ ਗਿਆ।

**ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥**
*(ਪਉੜੀ-੧ ਆਸਾ ਕੀ ਵਾਰ ਮ:੧, ਪੰਨਾ ੪੬੩)*

ਉਸ ਨੂੰ ਆਪਣੀ ਰਚਨਾ ਨੂੰ ਸੁਤੰਤਰ ਹੋ ਕੇ ਵਿਚਰਦਿਆਂ ਨੂੰ ਵੇਖਣ ਦਾ ਚਾਉ ਹੈ। ਇਉਂ ਪ੍ਰਭੂ ਨੇ ਇਕ ਮਹਾਨ ਖੇਲ ਦੀ ਰਚਨਾ ਕਰ ਦਿੱਤੀ ਤੇ ਫਿਰ ਆਪ ਤਮਾਸ਼ਾ ਦੇਖਣ ਬੈਠ ਗਿਆ। ਸਭ ਜੀਵ ਜੰਤ ਆਜ਼ਾਦ ਹੋ ਕੇ ਤੁਰੇ ਫਿਰਦੇ ਹਨ।

ਪੋਤਾ:- ਤੁਹਾਡਾ ਭਾਵ ਹੈ ਉਹ ਤਮਾਸ਼ਾਬੀਨ ਹੈ?

ਦਾਦਾ:- ਹਾਂ, ਦਸਵੇਂ ਪਾਤਸ਼ਾਹ ਭੀ ਤਾਂ ਇਹੋ ਕਹਿੰਦੇ ਸਨ:-

**ਮੈਂ ਹਉ ਪਰਮਪੁਰਖ ਕੋ ਦਾਸਾ॥**
**ਦੇਖਨ ਆਇਓ ਜਗਤ ਤਮਾਸ਼ਾ॥** *(ਪੰਨਾ ੧੦)*

ਦਸਵੇਂ ਪਾਤਸ਼ਾਹ ਨੂੰ ਪਰਮਪੁਰਖ ਨੇ ਜਗਤ ਤਮਾਸ਼ਾ ਵੇਖਣ ਲਈ ਭੇਜ ਦਿੱਤਾ। ਉਹਨਾਂ ਨੇ ਸੰਸਾਰ ਵਿਚ ਪ੍ਰਗਟ ਹੋ ਕੇ ਜਗਤ ਦੇ ਤਮਾਸ਼ੇ ਵਿਚ ਰੋਲ ਅਦਾ ਕੀਤਾ। ਆਪ ਉਸ ਵਿਚ ਪਾਤਰ ਬਣੇ ਅਤੇ ਆਪਣਾ ਸਰਬੰਸ ਧਰਮ ਤੋਂ ਕੁਰਬਾਨ ਕੀਤਾ। ਖਾਲਸਾ ਪੰਥ ਸਾਜਿਆ। ਜੰਗ ਯੁੱਧ ਵੀ ਕੀਤੇ, ਜਿੱਤਾਂ ਪ੍ਰਾਪਤ ਕੀਤੀਆਂ। ਪਰ ਡੋਰੀ ਸਦਾ ਕਰਤਾਰ ਦੇ ਹੱਥ ਰੱਖੀ:-

ਪੋਤਾ:- ਕਮਾਲ ਹੈ। ਇਹ ਨਹੀਂ ਸਮਝ ਆਈ ਕਿ ਡੋਰੀ ਸਦਾ ਕਰਤਾਰ ਦੇ

ਹੱਥ ਵਿਚ ਕਿਉਂ ਰਹਿੰਦੀ ਰਹੀ?

ਦਾਦਾ:- ਇਸ ਮਨੁੱਖ ਦੀ ਸੁਤੰਤਰ ਹਸਤੀ ਨੇ ਉਸ ਨੂੰ ਨਵੇਂ ਅਣਚਲੇ ਗਾਹਾਂ ਉਤੇ ਤੋਰਿਆ, ਉਸ ਤੋਂ ਨਵੀਆਂ ਖੋਜਾਂ ਅਤੇ ਕਾਂਢਾਂ ਕਢਵਾਈਆਂ। ਨੋਬੇਲਪ੍ਰਾਈਜ਼ ਵਰਗੇ ਅੰਤਰਰਾਸ਼ਟਰੀ ਪ੍ਰਾਈਜ਼ ਇਕ ਮਨੁਖ ਦੀ ਹੀ ਦੇਣ ਹੈ। ਫਿਰ ਖੇਡਾਂ ਦੇ ਮੈਦਾਨ ਵਿਚ ਇਨਾਮ ਦਿੱਤੇ ਜਾਂਦੇ ਹਨ। ਸੁੰਦਰਤਾ ਦੇ ਮੈਦਾਨ ਵਿਚ ਇਨਾਮ ਦਿੱਤੇ ਜਾਂਦੇ ਹਨ ਅਤੇ ਵਿਗਿਆਨ ਵਿਚ ਇਨਾਮ ਮਨੁੱਖ ਹੀ ਤਾਂ ਮਾਣ ਨਾਲ ਪ੍ਰਾਪਤ ਕਰਦਾ ਹੈ। ਇਸ ਨਾਲ ਉਸ ਦੀ ਅੰਦਰਲੀ ਹਉਮੈਂ ਨੂੰ ਚਾਰ ਚੁਫੇਰਿਓ ਵਾਹ ਵਾਹ ਮਿਲਦੀ ਹੈ। ਉਸਦੀ ਹਉਮੈਂ ਦਾ ਆਕਾਰ ਫੁੱਲ ਕੇ ਵੱਡਾ ਹੋ ਜਾਂਦਾ ਹੈ। ਫਿਰ ਕਈ ਵਾਰੀ ਤਾਂ ਉਸਦੀ ਮਤਿ ਬੁੱਧੀ ਭੀ ਫਿੱਟ ਜਾਂਦੀ ਹੈ। ਲੋਕੀ ਕਹਿਣ ਲੱਗ ਪੈਂਦੇ ਹਨ ਇਸ ਨੂੰ ਪੈਸੇ ਦਾ ਹੰਕਾਰ ਹੋ ਗਿਆ ਹੈ। ਕੋਈ ਕਹਿੰਦੈ "ਜਦੋਂ ਦਾ ਇਹ ਮੰਤਰੀ ਬਣਿਆ ਹੈ ਸਿੱਧੇ ਮੂੰਹ ਗੱਲ ਕਰਨਾ ਹੀ ਭੁੱਲ ਗਿਆ ਹੈ।" ਯਾਦ ਰੱਖਣਾ ਜਦੋਂ ਹਉਮੈਂ ਮਨੁੱਖ ਅੰਦਰ ਲੋੜ ਨਾਲੋਂ ਜ਼ਿਆਦਾ ਵੱਧ ਜਾਏ ਤਾਂ ਅਕਾਲਪੁਰਖ ਉਸਦਾ ਛੇਤੀ ਹੀ ਅੰਤ ਕਰ ਦਿੰਦਾ ਹੈ। ਕਹਾਵਤ ਹੈ "ਹੰਕਾਰਿਆ ਤਾਂ ਮਾਰਿਆ।" ਫਿਰ ਮਨੁੱਖ ਦੀ ਬਿਬੇਕ ਬੁਧਿ ਨੂੰ ਵੀ ਪਾਪ ਪੁੰਨ ਦੀ ਪਛਾਣ ਨਹੀਂ ਰਹਿੰਦੀ। ਮਹਾਂਭਾਰਤ ਦੇ ਇਕ "ਮਹਾਨ" ਪਾਤਰ ਦੁਰਯੋਧਨ ਨੇ ਆਪਣੇ ਰਾਜਮੱਦ ਦੇ ਅਹੰਕਾਰ ਵਿਚ ਦਰੋਪਦੀ (ਜੋ ਉਸਦੀ ਭਰਜਾਈ ਸੀ ਜਿਸ ਨੂੰ ਭਾਵੇਂ ਜੂਏ ਵਿਚ ਉਸ ਜਿਤ ਲਿਆ ਸੀ) ਵਰਗੀ ਰਾਜ ਘਰਾਣੇ ਦੀ ਬਹੂ ਨੂੰ ਭਰੇ ਸ਼ਾਹੀ ਦਰਬਾਰ ਵਿਚ ਅਲਫ-ਨੰਗਾ ਕਰਨ ਦਾ ਹੁਕਮ ਦੇ ਕੇ ਕਿਹੜੀ ਅਕਲਮੰਦੀ ਦਾ ਸਬੂਤ ਦਿੱਤਾ? ਉਸਦਾ ਹਸ਼ਰ ਪਤੈ ਕੀ ਹੋਇਆ? ਮਹਾਂਭਾਰਤ ਦੇ ਯੁੱਧ ਤੋਂ ਮਗਰੋਂ ਉਸਦਾ ਸਸਕਾਰ ਕਰਨ ਵਾਲਾ ਕੋਈ ਨਹੀਂ ਸੀ। ਉਸਦੀ ਦੇਹ ਨੂੰ ਫਿਰ ਕਾਂਵਾਂ, ਕੁਤਿਆਂ ਅਤੇ ਗਿੱਲ੍ਹਝਾਂ ਨੇ ਖਾਧਾ। ਕਿਥੇ ਤਾਂ ਉਹ ਐਡਾ ਵੱਡਾ ਚਕਰਵਰਤੀ ਰਾਜਾ ਸੀ ਤੇ ਕਿਤੇ ਉਸ ਦਾ ਅੰਤ ਵੇਖੋ ਤਾਂ ਲਾਵਾਰਸਾਂ ਵਾਲਾ ਹੋਇਆ। ਲਾਸ਼ ਕਈ ਦਿਨ ਪਈ ਰੁਲਦੀ ਰਹੀ ਆਖਿਰ ਗਿਲਝਾਂ ਨੇ ਖਾਧੀ।

**ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥**
**ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥**

*(ਨਾਮਦੇਵ ਜੀ ੬੯੨-੯੩)*

ਫਿਰ ਦੇਖੋ ਰਾਵਣ ਵਰਗੇ ਨਾਲ ਕੀ ਹੋਇਆ? ਮਹਾਨ ਵਿਦਵਾਨ ਸੀ, ਪੰਡਿਤ ਸੀ। ਕਹਿੰਦੇ ਹਨ ਮੌਤ ਨੂੰ ਭੀ ਉਸਨੇ ਬੰਨ ਕੇ ਰੱਖਿਆ ਹੋਇਆ ਸੀ। ਵੱਡਾ ਸ਼ਿਵ ਭਗਤ ਸੀ। ਪਰ ਅਹੰਕਾਰ ਕਾਰਨ ਉਸਦੀ ਮਤਿ ਬੁਧਿ ਫਿੱਟ ਗਈ। ਸ੍ਰੀ ਰਾਮਚੰਦਰ ਅਤੇ ਲਛਮਣ ਜੀ ਦੀ ਗੈਰਹਾਜ਼ਰੀ ਵਿਚ ਸੀਤਾ ਜੀ ਨੂੰ ਨਸਾ ਕੇ ਰਾਜਮਹਲਾਂ ਵਿਚ ਲੈ ਆਇਆ। ਇਸੇ ਪਿੱਛੇ ਤਾਂ ਲੜਾਈ ਹੋਈ, ਲੰਕਾ ਦੀ ਬਰਬਾਦੀ ਹੋਈ ਅਤੇ ਆਪ ਭੀ ਮਾਰਿਆ ਗਿਆ। ਬਾਣੀ ਵਿਚ ਇਉਂ ਟਿਪਣੀ ਮਿਲਦੀ ਹੈ।

**ਇਕੁ ਲਖੁ ਪੂਤੁ ਸਵਾ ਲਖੁ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥੨੧**

*(ਆਸਾ ਕਬੀਰ ਜੀ ੪੮੧)*

**ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਨੁ ਕਿਆ ਲੈ ਗਇਆ ॥੩ ॥**

*(ਭੈਰਉ ਕਬੀਰ ਜੀ ੧੧੫੮)*

ਪੋਤਾ:- ਦਾਦਾ ਜੀ, ਗੁਰਬਾਣੀ ਦੀਆਂ ਇਹ ਟਿਪਣੀਆਂ ਬੜੀਆਂ ਢੁੱਕਵੀਆਂ ਹਨ।

ਦਾਦਾ:- ਹੁਣ ਸਮਝ ਆਈ ਨਾ ਕਿ ਅਕਾਲਪੁਰਖ ਨੇ ਇਕ ਮਹਾਨ ਤਮਾਸ਼ਾ ਰਚਿਆ ਹੋਇਆ ਹੈ ਜਿਸ ਦੇ ਮਾਸਟਰ ਪਲਾਨ ਦਾ ਕੇਵਲ ਉਸਨੂੰ ਹੀ ਪਤਾ ਹੈ। ਅਗਲੇ ਸੀਨ ਵਿਚ ਕੀ ਕੁਝ ਪੇਸ਼ ਹੋਣ ਵਾਲਾ ਹੈ ਕਿਸੇ ਨੂੰ ਕੋਈ ਪਤਾ ਨਹੀਂ। ਅਗੋਂ ਜਾ ਕੇ ਇਹ ਡਰਾਮਾ ਦੁਖਾਂਤ ਦਾ ਰੂਪ ਧਾਰਨ ਕਰੇਗਾ ਜਾਂ ਖ਼ੁਸ਼ੀ ਅੰਤ ਵਾਲਾ ਹੋਵੇਗਾ? ਕੋਈ ਪਤਾ ਨਹੀਂ। ਇਥੇ ਤਾਂ ਹਰ ਪਾਤਰ ਨੂੰ ਥੋੜਾ ਥੋੜਾ ਰੋਲ ਦੇ ਕੇ ਇਸ ਡਰਾਮੇ ਵਿਚ ਸੁਤੰਤਰ ਬਣਾ ਕੇ ਪੂਰਨ ਸਵੈ-ਵਿਸ਼ਵਾਸ਼ ਨਾਲ ਆਪਣਾ ਰੋਲ ਅਦਾ ਕਰਨ ਦੀ ਖੁਲ੍ਹ ਦਿਤੀ ਜਾਂਦੀ ਹੈ। ਰੋਲ ਮੁਕ ਜਾਣ ਤੋਂ ਮਗਰੋਂ ਉਸਨੂੰ ਦੁਬਾਰਾ ਕਦੀ ਵੀ ਸਟੇਜ ਉਤੇ ਉਸੇ ਸ਼ਕਲ ਅਤੇ ਵਰਦੀ ਵਿਚ ਨਹੀਂ ਲਿਆਂਦਾ ਜਾਂਦਾ। ਇਉਂ ਉਸਦੀ ਬਣੀ ਬਣਾਈ ਪਹਿਚਾਨ ਅਤੇ ਉਸਦੀ ਸੁਤੰਤਰ ਹਸਤੀ ਨੂੰ ਐਸਾ ਮੇਟਿਆ ਜਾਂਦਾ ਹੈ ਕਿ ਮੁੜ ਕੇ ਉਸਦਾ ਪਤਾ ਹੀ ਨਹੀਂ ਲਗਦਾ ਉਹ ਕਿੱਥੇ ਚਲਾ ਗਿਆ। ਇਸ ਡਰਾਮੇ ਦੇ ਿ ਕਸੇ ਪਾਤਰ ਨੂੰ ਇਸ ਕਿਸਮ ਦੀ ਤਬਦੀਲੀ ਦੇ ਕਾਰਣ ਬਾਰੇ ਪੁਛਣ ਦੀ ਜੁਰਅਤ ਨਹੀਂ ਪੈਂਦੀ। ਹੈ ਨਾ ਅਜੀਬ ਖੇਲ? ਪਰ ਜਿਹੜੇ ਇਸ ਡਰਾਮੇ ਦੇ ਡਾਇਰੈਕਟਰ ਨੂੰ ਪਹਿਚਾਨ ਜਾਂਦੇ ਹਨ, ਉਹ ਕਦੀ ਉਸ ਨੂੰ ਭੁਲਦੇ ਨਹੀਂ ਅਤੇ ਨਾ ਆਪਣੀ ਹਉਂ-ਹਸਤੀ ਦੀ ਅਸਲੀਅਤ ਨੂੰ ਭੁਲਦੇ ਹਨ, ਅਤੇ ਨਾ ਉਹ ਇਹ ਭੁਲਦੇ ਹਨ ਕਿ ਇਸ ਖੇਲ ਵਿਚ ਡੋਰੀ ਸਦਾ ਅਕਾਲਪੁਰਖ ਦੇ ਹੱਥ ਰਹਿੰਦੀ ਹੈ। ਅਤੇ ਉਨ੍ਹਾਂ ਦੀ 'ਸੁਤੰਤਰਤਾ' ਅਕਾਲਪੁਰਖ ਦੀ ਰਜ਼ਾ ਵਿਚ ਹੀ ਤੁਰਦੀ ਹੈ।

ਪੋਤਾ:- ਦਾਦਾ ਜੀ, ਤੁਹਾਡੀ ਗੱਲ ਦਾ ਕੇਂਦਰੀ ਧੁੱਰਾ ਹੁਣ ਕੁਝ ਕੁਝ ਮੇਰੀ ਸਮਝ ਵਿਚ ਆ ਰਿਹਾ ਹੈ। ਮੈਂ ਉਸ ਦਿਨ ਰੇਡਿਓ ਤੋਂ ਅੰਮ੍ਰਿਤ ਵੇਲੇ ਇਕ ਵਾਰੀ ਸੁਣ ਰਿਹਾ ਸਾਂ "ਵਾਹੁ ਵਾਹੁ ਕਾ ਵੱਡਾ ਤਮਾਸ਼ਾ" ਮੈਨੂੰ ਅੱਜ ਤੁਸੀਂ ਵਿਸਥਾਰ ਨਾਲ ਇਹ ਗੱਲ ਸਮਝਾਈ ਹੈ ਤਾਂ ਮੇਰੀ ਸਮਝ ਵਿਚ ਬੈਠੀ ਹੈ ਕਿ ਪਰਮਾਤਮਾ ਦਾ ਇਤਨਾ ਵੱਡਾ ਖੇਲ ਤਮਾਸ਼ਾ ਹੈ।

ਦਾਦਾ:- ਗੁਰੂ ਨਾਨਕ ਸਾਹਿਬ ਦੀ ਸਿਰੀ ਰਾਗ ਬਾਣੀ ਵਿਚ ਬਹੁਤ ਖ਼ੂਬਸੂਰਤ ਵਿਚਾਰ ਇਹਨਾਂ ਸਤਰਾਂ ਵਿਚ ਆਇਆ ਹੈ। ਗੁਰੂ ਸਾਹਿਬ ਆਪਣੇ ਅਗੰਮੀ ਅਨੁਭਵ ਰਾਹੀਂ ਇਹ ਦੇਖ ਰਹੇ ਹਨ ਕਿ ਕਿਸੇ ਕੁਕਰਮ ਦੇ ਵਧਣ ਕਾਰਣ ਅਕਾਲਪੁਰਖ ਖ਼ੁਸ਼ ਨਜ਼ਰ ਨਹੀਂ ਆ ਰਹੇ। ਡੋਰੀ ਉਹਨਾਂ ਦੇ ਹੱਥ ਵਿਚ ਰਹਿੰਦੀ ਹੈ। ਮਰਦ ਅੰਗਮੜੇ ਗੁਰੂ ਨਾਨਕ ਦੇਵ ਜੀ ਅਕਾਲਪੁਰਖ ਨੂੰ ਸੰਬੋਧਨ ਹੋ ਕੇ ਕਹਿ ਦਿੰਦੇ ਸਨ।

**ਜੇ ਤੂੰ ਸਾਹਿਬ ਆਵਹਿ ਰੋਹ ॥**
**ਤੂੰ ਉਨਾ ਕਾ ਤੇਰੇ ਉਹ ॥੨ ॥**
**ਅਸੀਂ ਬੋਲਵਿਗਾੜ ਵਿਗਾੜਹਿ ਬੋਲ ॥**
**ਤੂੰ ਨਦਰੀ ਅੰਦਰਿ ਤੋਲਹਿ ਤੋਲ ॥੩** *(ਸਿਰੀਰਾਗ ਮ: ੧, ਪੰਨਾ ੨੫)*

ਪੋਤਾ:- ਹੈਂ! ਗੁਰੂ ਨਾਨਕ ਦੇਵ ਜੀ ਉਹ ਪ੍ਰਤੱਖ ਹਸਤੀ ਸਨ ਜੋ ਨਿਰੰਕਾਰ ਦੇ ਅਦ੍ਰਿਸ਼ਟ ਸਰੂਪ ਵਿਚ ਹਰਖ ਜਾਂ ਕ੍ਰੋਧ ਦੇ ਭਾਉ ਵੀ ਵੇਖ ਸਕਦੇ ਸਨ? ਫਿਰ ਉਹ ਉਹਨਾਂ ਨਾਲ ਸਿੱਧੀਆਂ ਗੱਲਾਂ ਵੀ ਕਰ ਲੈਂਦੇ ਸਨ?

ਦਾਦਾ:- ਬੇਟੇ ਅਜੇ ਤੈਨੂੰ ਗੁਰੂ ਨਾਨਕ ਦੇਵ ਜੀ ਦੀ ਹਸਤੀ ਦਾ ਕੋਈ ਪਤਾ ਨਹੀਂ। ਕਦੀ ਉਹ ਆਪ ਹੀ ਨਿਰਾਕਾਰ ਰੂਪ ਹੋ ਜਾਂਦੇ ਸਨ ਅਤੇ ਕਦੀ ਉਹ ਮਨੁੱਖ ਰੂਪ ਵਿਚ ਨੀਚਾਂ ਨਾਲ ਪਿਆਰ ਕਰਨ ਲਗ ਜਾਂਦੇ ਹਨ।

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥**

*(ਸਿਰੀਰਾਗ ਮ: ੧ ਪੰਨਾ ੧੫)*

16ਵੀਂ ਈਸਵੀ ਵਿਚ ਕੋਈ ਐਸਾ ਧਾਰਮਿਕ ਆਗੂ ਨਜ਼ਰੀਂ ਨਹੀਂ ਪੈਂਦਾ ਜੋ ਨੀਚ ਤੋਂ ਨੀਚ ਜਾਤੀ ਦੇ ਲੋਕਾਂ ਨਾਲ ਜਾ ਖੜਾ ਹੋਇਆ ਹੋਵੇ। ਸਭ ਅਵਤਾਰ ਅਤੇ ਉਚੀਆਂ ਜਾਤਾਂ ਵਾਲੇ ਨੇਕ ਲੋਕ ਨੀਚਾਂ ਨਾਲ ਖੜੇ ਹੋਣ ਤੋਂ ਸੰਕੋਚ ਕਰਦੇ ਸਨ ਪਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਹਉਂ ਮਿਟਾ ਲਈ ਹੋਈ ਸੀ ਇਸ ਲਈ ਉਹ ਇਸ ਮਹਾਨ ਡਰਾਮੇ ਵਿਚ ਹਰ ਕਿਸਮ ਦੇ ਵੱਡੇ ਜਾਂ ਛੋਟੇ ਪਾਤਰ ਨਾਲ, ਹਰ ਧਰਮ ਦੇ ਬੰਦੇ ਨਾਲ ਬੈਠ ਕੇ ਵਿਚਾਰ ਕਰਨ ਵਿਚ, ਜਾਂ ਨਿਮਾਜ਼ ਪੜ੍ਹਨ ਵਿਚ ਕੋਈ ਸੰਕੋਚ ਨਹੀਂ ਸੀ ਕਰਦੇ।

ਪੋਤਾ:- ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਦਾ ਇਹ ਪੱਖ ਮੇਰੇ ਲਈ ਨਵਾਂ ਹੈ।

ਦਾਦਾ:- ਰੱਬ ਨਿਰਾਕਾਰ ਸਰੂਪ ਹੈ। ਇਸਨੂੰ ਜੋਤ ਸਰੂਪ ਵੀ ਕਹਿੰਦੇ ਹਨ।

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**

*(ਧਨਾਸਰੀ ਮ: ੧, ਪੰਨਾ ੧੩)*

ਪਰਮਾਤਮਾ ਸਭ ਜੀਵਾਂ ਵਿਚ ਅਤੇ ਸਭ ਜੜ ਵਸਤੂਆਂ ਵਿਚ ਇਕ ਰਸ ਸਮਾਇਆ ਹੋਇਆ ਹੈ। ਕਦੀ ਉਸ ਨੇ ਪ੍ਰਤੱਖ ਰੂਪ ਵਿਚ ਪ੍ਰਗਟ ਹੋ ਕੇ ਮਨੁੱਖ ਦੀ ਐਕਟਿੰਗ ਵਿਚ ਦਖ਼ਲ ਨਹੀਂ ਦਿਤਾ ਕਿਉਂਕਿ ਉਸਦੇ ਡਰਾਮੇ ਦਾ ਇਹ ਨੇਮ ਹੈ ਕਿ ਪਾਤਰ ਨੂੰ ਇਉਂ ਪੇਸ਼ ਕੀਤਾ ਜਾਵੇ ਕਿ ਉਹ ਅਸਲੀ ਲਗੇ ਅਤੇ ਉਹ ਸੁਤੰਤਰ ਵੀ ਲਗੇ। ਕਈ ਵਾਰੀ ਜੋਤਸ਼ੀ ਲੋਕ ਪਾਤਰ ਨੂੰ ਅਗੇਤਰੀ ਸੂਚਨਾ ਦੇ ਕੇ ਉਸਦੀ ਸੁਤੰਤਰਤਾ ਨੂੰ ਖੋਰਾ ਲਗਾ ਦਿੰਦੇ ਹਨ। ਕਿਤ ਕਿਤੇ ਕੋਈ ਇਸ ਸੁਤੰਤਰ ਪਾਤਰ ਨੂੰ ਗ੍ਰਹਿ ਨਛਤਰਾਂ ਤੋਂ ਭੀ ਡਰਾ ਦਿੰਦਾ ਹੈ, ਫਿਰ ਉਹ ਪਾਤਰ ਆਪਣੇ ਰੋਲ ਨੂੰ ਅਦਾ ਕਰਨ ਵਿਚ ਨਾ ਅਸਲੀ ਰਹਿੰਦਾ ਹੈ ਅਤੇ ਨਾ ਸੁਤੰਤਰ। ਸਿੱਖ ਨੂੰ ਮਹਾਰਾਜ ਨੇ ਜੋਤਸ਼ੀਆਂ ਦੇ ਜਾਲ ਵਿਚ ਫਸਣ ਤੋਂ ਵਰਜਿਆ ਹੈ। ਜੋ ਭਾਣੇ ਵਿਚ ਹੋਣਾ ਹੈ ਉਹ ਤਾਂ ਹੋ ਕੇ ਰਹੇਗਾ। ਫਿਰ ਫਿਕਰ ਕਾਹਦਾ?

ਪੋਤਾ:- ਮੇਰੇ ਮਨ ਵਿਚ ਚਿਰਾਂ ਤੋਂ ਇਹ ਸ਼ੰਕਾ ਬੈਠੀ ਹੋਈ ਹੈ ਕਿ ਚੰਗੇ ਕੰਮ ਤਾਂ ਰੱਬ ਦੀ ਰਜ਼ਾ ਵਿਚ ਹੀ ਹੁੰਦੇ ਹੋਣਗੇ ਪਰ ਕੀ ਸੰਸਾਰ ਦੇ ਕਈ ਪ੍ਰਕਾਰ ਦੇ ਪਾਪ, ਹਿੰਸਾ, ਚੋਰੀ, ਡਾਕੇ, ਕਤਲ, ਬਲਤਕਾਰ ਭੀ ਉਸ ਦੇ ਹੁਕਮ ਅੰਦਰ ਹੀ ਹੁੰਦੇ ਹਨ? ਮੇਰਾ ਮਨ ਇਹ ਨਹੀਂ ਸੀ ਮੰਨਦਾ। ਪਾਪ ਦਾ ਇਤਨਾ ਵੱਡਾ ਪਸਾਰਾ ਵੇਖ ਕੇ ਤਾਂ ਮੈਨੂੰ ਕਈ ਵਾਰੀ ਲਗਦੈ ਕਿ ਇਸ ਮਹਾਨ ਡਰਾਮੇ ਵਿਚੋਂ ਅਕਾਲਪੁਰਖ ਉਸ ਸਮੇਂ ਗੈਰਹਾਜ਼ਰ ਹੁੰਦਾ ਹੈ, ਨਹੀਂ ਤਾਂ ਉਹ ਕਦੀ ਵੀ ਪਾਪ ਹੋਣ ਨ ਦੇਵੇ।

ਦਾਦਾ:-ਨਹੀਂ ਬੇਟੇ ਨਹੀਂ! ਅਕਾਲਪੁਰਖ ਕਦੀ ਵੀ ਕਿਸੇ ਸੀਨ ਵਿਚੋਂ ਗ਼ੈਰ ਹਾਜ਼ਰ ਨਹੀਂ ਹੁੰਦੇ। ਪਾਪੀ ਪਾਤਰਾਂ ਨੂੰ ਸੁਤੰਤਰ ਰੂਪ ਵਿਚ ਬੜੀ ਖੁਲ੍ਹ-ਦਿਲੀ ਨਾਲ ਪਾਪ ਕਰਨ ਦੀ ਖੁਲ੍ਹ ਦਿੱਤੀ ਹੁੰਦੀ ਹੈ ਤਾਂਕਿ ਉਹ ਅਸਲੀ ਐਕਟਿੰਗ ਪੇਸ਼ ਕਰ ਸਕਣ ਵਿਸ਼ਵਾਸ਼ ਕਰਨਾ:-

**ਭਾਣੈ ਉਝੜ ਭਾਣੈ ਰਾਹਾ॥**
**ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥**
**ਭਾਣੈ ਭਰਮਿ ਭਵੈ ਬਹੁ ਜੂਨੀ॥**
**ਸਭ ਕਿਛੁ ਤਿਸੈ ਰਜਾਈ ਜੀਉ॥੨॥**

*(ਮਾਝ ਮ: ੫, ਪੰਨਾ ੯੮)*

ਇਹ ਤਾਂ ਨਿਰੰਕਾਰ ਹੀ ਜਾਣਦਾ ਹੈ ਇਸ ਦਿਸਦੇ ਜਗਤ ਤਮਾਸ਼ੇ ਵਿਚ ਚੰਗਿਆਈ ਅਤੇ ਬੁਰਿਆਈ ਦਾ ਕੀ ਅਨੁਪਾਤ ਰਖਣਾ ਹੈ। ਜੇ ਚੰਗਿਆਈ ਦਾ ਅਨੁਪਾਤ ਵੱਧ ਜਾਏ ਤਾਂ ਇਸਨੂੰ ਸਤਿਯੁਗ ਕਿਹਾ ਜਾਂਦਾ ਹੈ, ਤੇ ਜੇ ਇਸ ਦੇ ਉਲਟ ਬੁਰਆਿਈ ਦੀ ਮਾਤਰਾ ਵੱਧ ਜਾਏ ਤਾਂ ਕਲਿਯੁਗ ਵਰਤ ਜਾਂਦਾ ਹੈ। ਤਮਾਸ਼ਾ ਤਾਂ ਤਮਾਸ਼ਾ ਹੀ ਰਹਿੰਦਾ ਹੈ। ਜਦੋਂ ਖੇਲ ਖ਼ਤਮ ਹੋ ਜਾਂਦਾ ਹੈ ਤਾਂ ਪਰਦਾ ਗਿਰ ਜਾਂਦਾ ਹੈ। ਪਰਲੋ ਹੋ ਜਾਂਦੀ ਹੈ। ਇਉਂ ਇਹ ਖੇਲ ਤਮਾਸ਼ਾ ਕਈ ਵਾਰ ਹੋ ਚੁੱਕਾ ਹੈ।

**ਕਈ ਬਾਰ ਪਸਰਿਓ ਪਾਸਾਰ॥**
**ਸਦਾ ਸਦਾ ਇਕੁ ਏਕੰਕਾਰ॥੭॥੧੦**_(ਗਉੜੀ ਸੁਖਮਨੀ ਮ: ੫, ਪੰਨਾ ੨੭੬)_

ਹੁਣ ਸਮਝ ਆਈ ਨਾ! ਇਸ ਤਮਾਸ਼ੇ ਦੇ ਪਾਤਰ ਸੁਤੰਤਰ ਲਗਦੇ ਹੋਏ ਭੀ ਅਸਲੋਂ ਸੁਤੰਤਰ ਨਹੀਂ ਹੁੰਦੇ। ਇਹੋ ਤਮਾਸ਼ਾ ਦੀ ਉਤਮ ਕਲਾ ਹੈ:-

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰੋ ਜਾਨੈ॥**
**ਜੈਸਾ ਭੇਖੁ ਕਰਾਵੈ ਬਾਜੀਗਰੁ ਓਹ ਤੈਸੋ ਹੀ ਸਾਜੁ ਆਨੈ॥**

*(ਗਉੜੀ ਮ:੫, ਪੰਨਾ ੨੦੬)*

**ਕਾਠ ਦੀਆਂ ਪੁਤਲੀਆਂ ਦਾ ਤਮਾਸ਼ਾ ਜਾਣ ਬੁਝ ਕੇ ਅੰਧੇਰੇ ਵਿਚ ਰਚਾਇਆ ਜਾਂਦਾ ਹੈ ਤਾਂ ਕਿ ਖਿਲਾਵਨਹਾਰੇ ਦੇ ਹੱਥ ਦੀਆਂ ਡੋਰੀਆਂ ਨਾ ਦਿਸਣ। ਨਿਰੰਕਾਰ ਵੀ ਇਹ ਜਗਤ ਤਮਾਸ਼ਾ ਅਗਿਆਨਤਾ ਦੇ ਅੰਧੇਰੇ ਵਿਚ ਹੀ ਰਚਦਾ ਹੈ। ਉਸ ਦੀ ਡੋਰੀ** ਸਭ ਨੂੰ ਨਹੀਂ ਦਿਸਦੀ, ਪਰ ਜਿਸ ਨੂੰ ਦਿਸ ਪੈਂਦੀ ਹੈ ਉਹ ਉਚੀ ਉਚੀ ਗਾਉਂਦਾ ਹੈ

**ਜੀਅ ਜੰਤ ਤੇਰੇ ਧਾਰੇ ॥ ਪ੍ਰਭ ਡੋਰੀ ਹਾਥਿ ਤੁਮਾਰੇ ॥**
**ਜਿ ਕਰਾਵੈ ਸੋ ਕਰਣਾ ॥ ਨਾਨਕ ਦਾਸ ਤੇਰੀ ਸਰਣਾ ।।੨।।੭।।੭੧**

*(ਸੋਰਠਿ ਮ: ੫, ਪੰਨਾ ੬੨੭)*

ਪੋਤਾ:- (ਹੈਰਾਨ ਹੋ ਕੇ) ਦਾਦਾ ਜੀ, ਅੱਜ ਮੈਨੂੰ ਇਹ ਜਾਪਣ ਲੱਗ ਪਿਆ ਹੈ ਕਿ ਗੁਰਬਾਣੀ ਉਹ ਕਾਵਿ ਰਚਨਾ ਨਹੀਂ ਜੋ ਆਮ ਸਾਧਾਰਣ ਕਵੀ ਸ਼ੁਗ਼ਲ ਲਈ ਜਾਂ ਕਵੀਆਂ ਵਿਚ ਆਪਣੀ ਵਾਹ ਵਾਹ ਲਈ ਕਵੀ ਸੰਮੇਲਨਾ ਲਈ ਉਚੇਚੇ ਤੌਰ 'ਤੇ ਲਿਖਦੇ ਅਤੇ ਪੜ੍ਹਦੇ ਹਨ। ਇਹ ਤਾਂ ਕੋਈ ਅਗੰਮੀ ਰਚਨਾ ਹੈ। ਗੁਰੂ ਸਾਹਿਬਾਨ ਭਾਵੇਂ ਆਮ ਮਨੁੱਖਾਂ ਵਾਂਗ ਜੰਮੇ ਪਲੇ, ਘਰਬਾਰੀ ਜੀਵਨ ਭੀ ਬਿਤਾਇਆ, ਪਰ ਉਹਨਾਂ ਦੀ ਸੁਰਤਿ ਉਡਾਰੀ ਮਾਰ ਕੇ ਸੰਸਾਰ ਵਿਖੇ ਪਸਰੀ ਅਗਿਆਨਤਾ ਦੇ ਅੰਧੇਰੇ ਦੀ ਚਾਦਰ ਨੂੰ ਚੀਰ ਕੇ ਗਗਨ ਮੰਡਲਾਂ ਤੋਂ ਕਰਤਾਪੁਰਖ ਦੇ ਮਨੁੱਖ ਲਈ ਸੁਨੇਹੜੇ ਲਿਆਉਂਦੀ ਰਹੀ ਹੈ। ਉਹਨਾਂ ਨੇ ਆਪਣਾ ਸਾਰਾ ਜੀਵਨ ਮਨੁੱਖਤਾ ਦੇ ਭਲੇ ਲਈ ਸਮਰਪਨ ਕੀਤਾ ਹੋਇਆ ਸੀ। ਇਹ ਰਾਜ਼ ਮੈਨੂੰ ਤੁਹਾਡੀਆਂ ਗੱਲਾਂ ਵਿਚੋਂ ਲੱਭਿਆ ਹੈ। ਮੇਰੀ ਪੂਰੀ ਤਰ੍ਹਾਂ ਤਸੱਲੀ ਹੋ ਗਈ ਹੈ ਕਿ ਆਮ ਸਾਧਾਰਨ ਮਨੁੱਖ ਆਪਣੀ ਹੋਂਦ-ਹਸਤੀ ਦੇ ਨਸ਼ੇ ਵਿਚ ਸਮਝਦਾ ਹੈ ਕਿ ਮੈਂ ਹੀ ਆਪਣੀ ਤਕਦੀਰ ਦਾ ਮਾਲਕ ਹਾਂ। ਮੈਂ ਜੋ ਚਾਹਾਂ ਬਣ ਸਕਦਾ ਹਾਂ। ਅਣਦਿਸਦੇ ਰੱਬ ਬਾਰੇ ਉਹ ਸਮਝਦੈ ਇਹ ਐਂਵੇ ਲੋਕਾਂ ਦੇ ਦਿਲਾਂ ਵਿਚ ਡਰ ਪੈਦਾ ਕਰਨ ਦੇ ਸ਼ੋਸ਼ੇ ਨਾਲੋਂ ਵੱਧ ਹੋਰ ਕੁਝ ਵੀ ਨਹੀਂ। ਸਚ ਪੁਛੋ ਤਾਂ ਤੁਸਾਂ ਮੇਰੇ ਅੰਦਰ ਚਿਰਾਂ ਤੋਂ ਅਟਕਿਆ ਭੁਲੇਖਾ ਅੱਜ ਕੱਢ ਦਿੱਤੈ।

ਰੱਬ ਹੈ ਅਤੇ ਇਸ ਦਿਸਦੇ ਸਾਰੇ ਪਾਸਾਰੇ ਦੀ ਹਰ ਸ਼ੈ ਵਿਚ ਹੈ। ਪਸ਼ੂ, ਪੰਛੀ, ਮਨੁੱਖ, ਪਾਣੀ ਵਿਚ ਰਹਿਣ ਵਾਲੇ ਜੀਵ ਜੰਤ, ਹਵਾ ਵਿਚ ਉਡਦੇ ਫਿਰਦੇ ਕਈ ਪ੍ਰਕਾਰ ਦੇ ਜਰਮ ਜੋ ਇਨ੍ਹਾਂ ਅੱਖਾਂ ਨਾਲ ਦਿਸਦੇ ਭੀ ਨਹੀਂ ਬਿਨਾਂ ਰੱਬ ਦੇ ਕਿਵੇਂ ਹੋ ਸਕਦੇ ਹਨ। ਇਹ ਕਿਵੇਂ ਹੋ ਸਕਦੈ ਕਿ ਧਰਤੀ ਵਰਗੀ ਵੱਡੀ ਸਟੇਜ ਪ੍ਰਭੂ ਨੇ ਆਪ ਨ ਬਣਾਈ ਹੋਵੇ? ਇਹ ਨਹੀਂ ਹੋ ਸਕਦਾ ਕਿ ਇਹੋ ਜੇਹੀ ਵਿਸ਼ਾਲ ਸਟੇਜ ਦਾ ਕੋਈ (ਡਾਇਰੈਕਟਰ) ਸੰਚਾਲਕ ਹੀ ਨਾ ਹੋਵੇ। ਸਾਡੀ ਧਰਤੀ ਨਾਲੋਂ ਭੀ ਕਈ ਗੁਣਾਂ ਵੱਡੇ ਆਕਾਰ ਦੀਆਂ ਹੋਰ ਭੀ ਧਰਤੀਆਂ ਹਨ। ਉਹ ਭੀ ਤਾਂ ਇਕ ਤਰ੍ਹਾਂ ਦੀਆਂ ਸਟੇਜਾਂ ਹਨ। ਇਸ ਪ੍ਰਕਾਰ ਦੇ ਖ਼ਬਰੇ ਕਿਤਨੇ ਸੂਰਜ ਮੰਡਲ ਹਨ। ਕੋਈ ਅੰਤ ਨਹੀਂ ਆਉਂਦਾ। ਅਸੀਂ ਤਾਂ ਆਪਣੀ ਧਰਤੀ ਦੀ ਸਟੇਜ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕੇ ਪਰ ਡਾਇਰੈਕਟਰ ਨੇ ਤਾਂ ਅਨੇਕਾਂ ਏਹੋ ਜੇਹੀਆਂ ਧਰਤੀਆਂ ਉਤੇ ਤਮਾਸ਼ੇ ਰਚੇ ਹੋਏ ਹਨ। ਉਹ ਲੋਕ ਅਜੇ ਅਗਿਆਨਤਾ ਦੇ ਹਨ੍ਹੇਰੇ ਵਿਚ ਹੀ ਤੁਰੇ ਫਿਰਦੇ ਹਨ, ਜੋ ਆਪਣੇ ਆਪ ਨੂੰ ਸੁਤੰਤਰ ਮੰਨਦੇ ਹਨ ਪਰ ਅਗਲੇ ਪਲ ਉਹਨਾਂ ਨਾਲ ਕੀ ਵਾਪਰਨਾ ਹੈ ਇਸਦਾ ਉਨ੍ਹਾਂ ਨੂੰ ਕੋਈ ਪਤਾ ਨਹੀਂ। ਜਿਹੜਾ ਸੁਆਸ ਅਸੀਂ ਬਾਹਰ ਪਏ ਕੱਢਦੇ ਹਾਂ, ਉਸ ਤੋਂ ਅਗਲਾ ਸੁਆਸ ਮੁੜ ਕੇ ਵਾਪਿਸ ਅੰਦਰ ਆਵੇਗਾ ਕਿ ਨਹੀਂ? ਇਸ ਬੇਬਸੀ ਨੂੰ ਉਹ ਅਜੇ ਭੀ ਸੁਤੰਤਰਤਾ ਦਾ ਨਾਮ ਦਿੰਦੇ ਹਨ। ਮੈਨੂੰ ਉਹਨਾਂ ਉਤੇ ਕਈ ਵਾਰ ਗੁੱਸਾ ਜਿਹਾ ਆਉਂਦਾ ਹੈ ਤੇ ਤਰਸ ਵੀ। ਦਾਦਾ ਜੀ ਤੁਸੀਂ

ਇਕ ਵਾਰੀ ਮੈਨੂੰ ਦਸਿਆ ਸੀ ਕਿ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਆਇਆ ਹੈ:-

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿਵੜੀਏ**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥੨॥੫**

*(ਬਿਹਾਗੜਾ ਮ: ੪, ਪੰਨਾ ੫੪੦)*

ਦਾਦਾ:- ਹਾਂ ਠੀਕ ਹੈ। ਤੁਸੀਂ ਮੇਰੀ ਗੱਲ ਨੂੰ ਹੁਣ ਠੀਕ ਸਮਝਿਆ ਹੈ। ਮੈਨੂੰ ਖ਼ੁਸ਼ੀ ਹੈ।

ਪੋਤਾ:- ਪਰ ਮੇਰੇ ਮਨ ਵਿਚ ਇਕ ਸ਼ੰਕਾ ਹੋਰ ਹੈ।

ਦਾਦਾ:- ਸਾਰੀਆਂ ਸ਼ੰਕਾਵਾਂ ਅੱਜ ਹੀ ਪੁਛ ਕੇ ਦੂਰ ਕਰਨੀਆਂ ਹਨ, ਕਦੀ ਫਿਰ ਸਹੀ।

ਪੋਤਾ:- ਨਹੀਂ ਦਾਦਾ ਜੀ, ਬਹੁਤ ਛੋਟਾ ਜਿਹਾ ਸਵਾਲ ਹੈ। ਭਾਰਤ ਵਿਚ ਕਈ ਪ੍ਰਕਾਰ ਦੇ ਸਿੱਧ ਸਾਧਕ, ਰਿਸ਼ੀ ਮੁੰਨੀ, ਬੜੇ ਬੜੇ ਅਵਤਾਰ ਹੋਏ ਹਨ। ਤੇਤੀ ਕ੍ਰੋੜ ਤਾਂ ਦੇਵਤਾ ਹੀ ਦੱਸਿਆ ਜਾਂਦਾ ਹੈ। ਇਹਨਾਂ ਦੇ ਨਾਮ ਨਾਲ ਕਈ ਪ੍ਰਕਾਰ ਦੀਆਂ ਕਰਾਮਾਤੀ ਗੱਲਾਂ ਭੀ ਜੋੜੀਆਂ ਗਈਆਂ ਹਨ। ਜਿਨਾਂ ਤੋਂ ਇਹ ਲਗਦੈ ਕਿ ਇਹਨਾਂ ਦੇ ਵਰ ਸਰਾਪ ਸ਼ਾਇਦ ਰੱਬੀ ਹੁਕਮ ਵਿਚ ਨਹੀਂ ਹੋਣੈ? ਕੀ ਏਹੋ ਜਿਹੇ ਅਵਤਾਰ, ਸਿੱਧ, ਸਾਧਕ, ਗਿਆਨ-ਵਾਨ ਹੋ ਕੇ ਸੁਤੰਤਰ ਪਾਤਰ ਹੋ ਜਾਂਦੇ ਹਨ ਜਾਂ ਨਹੀਂ?

ਦਾਦਾ:- ਦੇਖੋ ਬੇਟਾ ਅਵਤਾਰਾਂ ਅਤੇ ਦੇਵੀ ਦੇਵਤਿਆਂ ਦੀਆਂ ਕਥਾ ਕਹਾਣੀਆਂ ਤਾਂ ਬ੍ਰਹਮਣ ਦੀ ਕਲਪਨਾ ਉਡਾਰੀ ਦੀ ਉਪਜ ਹੈ ਜਿਸ ਆਸਰੇ ਉਸ ਨੇ ਹਿੰਦੂ ਧਰਮ ਨੂੰ ਖੜਾ ਕੀਤਾ ਹੋਇਆ ਹੈ। ਭਲਾ ਦੇਵ ਲੋਕ ਨੂੰ ਕੀ ਪਈ ਹੈ ਕਿ ਉਹ ਮਾਤ ਲੋਕ ਦੇ ਨਿਵਾਸੀਆਂ ਦੀ ਸੁਤੰਤਰਤਾ ਨੂੰ ਖੋਰਾ ਲਾਉਣ। ਉਹਨਾਂ ਦੇ ਰਾਕਸ਼ਾਂ ਨਾਲ ਆਪਣੇ ਝਗੜੇ ਨਹੀਂ ਮੁਕਦੇ। ਰਾਕਸ਼ ਵੀ ਤਾਂ ਦੇਵ ਲੋਕ ਵਿਚ ਰਹਿੰਦੇ ਹਨ। ਸ਼ੁਕਰ ਕਰੋ ਇਸ ਧਰਤੀ ਤੇ ਨਹੀਂ ਹਨ। ਬਾਕੀ ਰਹੀ ਸਿੱਧੀ ਦਿਖਾਣ ਵਾਲੇ ਸੰਤਾਂ ਰਿਸ਼ੀਆਂ, ਮੁਨੀਆਂ, ਸਿਧ ਜੋਗੀਆਂ ਆਦਿ ਦੀ ਗੱਲ, ਇਹ ਠੀਕ ਹੈ ਕੁਝ ਸਾਧਨਾ ਕਰਨ ਉਪਰੰਤ 18 ਸਿਧੀਆਂ ਵਿਚੋਂ ਕੁਝ ਕੁ ਦੀ ਕਿਸੇ ਜੋਗੀ ਨੂੰ ਆਪਣੀ ਕਮਾਈ ਅਨੁਸਾਰ ਸਿਧੀ ਨੂੰ ਵਰਤਣ ਦੀ ਜਾਚ ਆ ਜਾਂਦੀ ਹੋਵੇ ਪਰ ਗੁਰਬਾਣੀ ਸਪੱਸ਼ਟ ਦਸਦੀ ਹੈ:-

**ਸਭਿ ਸਤ ਸਭਿ ਤਪ ਸਭਿ ਚੰਗਿਆਈਆ॥**
**ਸਿਧਾ ਪੁਰਖਾ ਕੀਆ ਵਡਿਆਈਆ॥**
**ਤਧੁ ਵਿਣੁ ਸਿਧੀ ਕਿਨੈ ਨ ਪਾਈ ਆ॥**
**ਕਰਮਿ ਮਿਲੈ ਨਾਹੀ ਠਾਕਿ ਰਹਾਈ ਆ॥੩॥੨** *(ਆਸਾ ਮ: ੧, ਪੰਨਾ ੯)*

ਸੋ ਜੋ ਕੁਝ ਭੀ ਇਹ ਲੋਕ ਕਰਦੇ ਹਨ, ਉਹ ਸਭ ਉਸਦੇ ਹੁਕਮ ਤੋਂ ਬਾਹਰ ਨਹੀਂ ਹੁੰਦਾ। ਪਰ ਸਿਧੀਆਂ ਦਿਖਾਣ ਨਾਲ ਉਹਨਾਂ ਦੀ ਕੀਤੀ ਕਮਾਈ ਦੀ ਤਾਕਤ

ਘਟ ਜਾਂਦੀ ਹੈ। ਗੁਰਬਾਣੀ ਤਾਂ ਸਿਧੀਆਂ ਆਦਿ ਦੇ ਪ੍ਰਦਰਸ਼ਨ ਉਤੇ ਸਖ਼ਤ ਸ਼ਬਦਾਂ ਵਿਚ ਹੁਕਮ ਦਿੰਦੀ ਹੈ:-

**ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥**

*(ਮ: ੩ ਸੋਰਠਿ ਦੀ ਵਾਰ ਮ: ੪ ਪਉੜੀ ੨੦, ਪੰਨਾ ੬੫੦)*

ਰੱਬ ਦੀ ਭਗਤੀ ਕਰਨ ਵਾਲਿਆਂ ਨੂੰ ਸੋਭਦਾ ਹੀ ਨਹੀਂ ਕਿ ਉਹ ਰੱਬ ਦੇ ਸ਼ਰੀਕ ਬਣ ਕੇ ਕਿਸੇ ਨੂੰ ਮੁੰਡਾ ਤੇ ਕਿਸੇ ਨੂੰ ਕੁੜੀ ਵੰਡਦੇ ਫਿਰਨ। ਕਿਤੇ ਤੂਫਾਨ ਲਿਆਉਣ ਜਾਂ ਕਿਤੇ ਮੀਂਹ ਵਸਾ ਕੇ ਤਬਾਹੀ ਲਿਆਉਣ। ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਭੀ ਇਹੋ ਤਾੜਨਾ ਕੀਤੀ ਸੀ ਕਿ ਕਰਾਮਾਤਾਂ ਦਿਖਾਣ ਨਾਲ ਰੱਬ ਦੀ ਸੱਚੀ ਦਰਗਾਹ ਵਿਚ ਬੈਠਣ ਨੂੰ ਕੋਈ ਥਾਂ ਨਹੀਂ ਮਿਲਦਾ:-

**ਮਾਨੈ ਹੁਕਮੁ ਸਭੈ ਗੁਣ ਗਿਆਨ ॥**

**ਨਾਨਕੁ ਦਰਗਹ ਪਾਵੈ ਮਾਨੁ ॥੫੬** *(ਸਿਧ ਗੋਸਟ ਪੰਨਾ ੯੪੪)*

ਦਸਵੇਂ ਪਾਤਸ਼ਾਹ ਮਰਦ ਅੰਗਮੜੇ ਦੇ ਬੋਲਾਂ ਵਿਚ ਤਾਂ ਇਹੋ ਉਪਦੇਸ਼ ਹੈ:-

**ਭੇਖ ਦਿਖਾਇਓ ਜਗਤ ਕੋ ਲੋਕਨ ਕੋ ਬਸਿ ਕੀਨ ॥**

**ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮਹਿ ਲੀਨ ॥** *(ਪਾਤਸ਼ਾਹੀ ੧੦)*

ਪੋਤਾ:- ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹਨਾਂ ਲੋਕਾਂ ਨੂੰ ਦਰਅਸਲ ਕੋਈ ਸੁਤੰਤਰਾ ਨਹੀਂ ਹੁੰਦੀ ਜਿਨ੍ਹੀ ਕੁ ਕਮਾਈ ਕਰਦੇ ਹਨ ਉਸ ਨੂੰ ਖਰਚ, ਖਤਮ ਕਰਕੇ ਫਿਰ ਖਾਲੀ ਦੇ ਖਾਲੀ।

ਦਾਦਾ:- ਕਰਾਮਾਤਾਂ ਦਿਖਾਣਾ (ਖਸਮ) ਵਾਹਿਗੁਰੂ ਜੀ ਦੇ ਸ਼ਰੀਕ ਬਣਨ ਦੇ ਤੁਲ ਹੈ। ਭਗਤੀ ਕਰਨ ਵਾਲੇ ਕਰਾਮਾਤਾਂ ਤੋਂ ਹਮੇਸ਼ਾ ਸੰਕੋਚਦੇ ਹਨ:-

**ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥**

**ਵਜਹੁ ਗਵਾਇ ਅਗਲਾ ਮੁਹੇ ਮਹਿ ਪਾਣਾ ਖਾਇ ॥੨੨**

*(ਆਸਾ ਕੀ ਵਾਰ ਪਉੜੀ ਪੰਨਾ ੪੭੪)*

ਜੋ ਨੌਕਰ ਆਪਣੇ ਖਸਮ ਦੀ ਬਰਾਬਰੀ ਹੀ ਕਰਨ ਲਗ ਪਵੇ ਤਾਂ ਉਸਦਾ ਹਾਲ ਇਹ ਹੁੰਦਾ ਹੈ ਕਿ ਉਸ ਨੂੰ ਅਗੇ ਜਾ ਕੇ ਮੂੰਹ ਉਤੇ ਜੁੱਤੀਆਂ ਪੈਂਦੀਆਂ ਹਨ ਅਤੇ ਖਸਮ ਦੀ ਦਰਗਾਹ ਤੋਂ ਧੱਕੇ ਪੈਂਦੇ ਹਨ।

ਪੋਤਾ:- ਦਾਦਾ ਜੀ, ਤੁਹਾਡਾ ਬਹੁਤ ਧੰਨਵਾਦ, ਅੱਜ ਮੇਰੇ ਕਈ ਸ਼ੰਕਿਆਂ ਦਾ ਸਮਾਧਾਨ ਹੋ ਗਿਆ।

◆◆◆

# 8. ਸੇਵਾ ਅਤੇ ਸਿਮਰਨ

## ਸੇਵਾ

ਸੇਵਾ ਅਤੇ ਸਿਮਰਨ ਸਿੱਖ ਧਰਮ ਦੇ ਦੋ ਮਹਾਨ ਸਾਧਨਾ ਪੱਖ ਹਨ। ਪਿੱਛੇ ਸਿਧਾਂਤਕ ਪੱਖਾਂ ਉਤੇ ਵਿਸਥਾਰ ਨਾਲ ਵਿਚਾਰ ਕਰਨ ਉਪਰੰਤ ਆਉ ਸਾਧਨਾ ਪੱਖਾਂ ਉਤੇ ਵੀ ਝਾਤ ਮਾਰ ਲਈਏ?

ਅੰਦਾਜ਼ਾ ਹੈ ਸੰਨ 1521 ਈ ਵਿਚ ਗੁਰੂ ਨਾਨਕ ਸਾਹਿਬ ਆਪਣੀਆਂ ਚਾਰ ਉਦਾਸੀਆਂ (ਧਰਮ ਪ੍ਰਚਾਰ ਫੇਰੀਆਂ) ਤੋਂ ਫ਼ਾਰਗ਼ ਹੋ ਕੇ ਰਾਵੀ ਪਾਰ ਸ੍ਰੀ ਕਰਤਾਰਪੁਰ (ਪਾਕਿਸਤਾਨ) ਵਿਖੇ ਪਹਿਲੀ ਸੰਗਤ ਕਾਇਮ ਕੀਤੀ। ਇਥੇ ਆਪ ਨੇ ਲੱਗਪੱਗ 18 ਸਾਲ ਸੰਗਤਾਂ ਦੀ ਅਗਵਾਈ ਕੀਤੀ। ਅਨੁਮਾਨ ਹੈ ਇਥੇ ਹੀ ਆਪ ਨੇ ਬਾਣੀ ਦੀ ਰਚਨਾ ਭੀ ਕੀਤੀ ਹੋਵੇਗੀ। ਇਥੇ ਕਾਇਮ ਕੀਤੀ ਸੰਗਤ ਵਿਚ ਸੇਵਾ ਅਤੇ ਸਿਮਰਨ ਦੀ ਪਿਰਤ ਪਾਈ। ਨਿੱਤ ਅੰਮ੍ਰਿਤ ਵੇਲੇ ਸੰਗਤਾਂ ਨੂੰ ਸਾਵਧਾਨ ਕੀਤਾ ਜਾਂਦਾ। ਗੁਰਮੰਤਰ ਦਾ ਜਾਪ ਸੰਗਤੀ ਰੂਪ ਵਿਚ ਹੁੰਦਾ। ਸ਼ਾਮ ਨੂੰ ਸੋਦਰ ਅਤੇ ਆਰਤੀ ਦੇ ਸ਼ਬਦਾਂ ਦਾ ਕੀਰਤਨ ਹੁੰਦਾ। ਭਾਈ ਗੁਰਦਾਸ ਜੀ ਦੀਆਂ ਵਾਰ ਵਿਚੋਂ ਕੁਝ ਸੰਕੇਤ ਮਿਲਦੇ ਹਨ:-

**ਬਾਣੀ ਮੁਖਹੁ ਉਚਾਰੀਐ ਹੁਇ ਰੁਸ਼ਨਾਈ ਮਿਟੈ ਅੰਧਾਰਾ॥**
**ਗਿਆਨ ਗੋਸਟ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ॥**
**ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥**
**ਗੁਰਮੁਖਿ ਭਾਰਿ ਅਥਰਬਣਿ ਤਾਰਾ॥੩੮॥** *(ਵਾਰ ੧/੩੮)*

ਕਰਤਾਰਪੁਰ 16ਵੀਂ ਸਦੀ ਦਾ ਇਕ ਪਿੰਡ ਸੀ ਜਿਥੇ ਮਾਡਰਨ ਸਹੂਲਤਾਂ ਬਾਰੇ ਸੋਚਿਆ ਭੀ ਨਹੀਂ ਜਾ ਸਕਦਾ। ਕੁਦਰਤੀ ਗੱਲ ਹੈ ਕਿ ਉਥੇ ਬਾਬੇ ਨਾਨਕ ਦੇ ਡੇਰੇ ਵਿਖੇ ਸੰਗਤਾਂ ਨੇ ਆਪੂੰ ਹੀ ਹੱਥੀਂ ਸੇਵਾ ਕਰਨ ਦਾ ਉਦਮ ਗੁਰੂ ਪਾਤਸ਼ਾਹ ਤੋਂ ਸਿਖਿਆ। ਉਥੇ ਮਹਾਰਾਜ ਆਪ ਖੇਤੀ ਕਰਦੇ ਅਤੇ ਕਰਾਉਂਦੇ ਰਹੇ। ਡੇਰੇ ਵਿਖੇ ਰਿਹਾਇਸ਼ ਲਈ ਕਮਰਿਆਂ ਦੀ ਉਸਾਰੀ ਭੀ ਸੰਗਤ ਨੇ ਆਪ ਹੀ ਸੇਵਾ ਰਾਹੀਂ ਕੀਤੀ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਕੁਝ ਖਾਸ ਕਿਸਮ ਦੀਆਂ ਸੇਵਾਵਾਂ ਦਾ ਜ਼ਿਕਰ ਮਿਲਦਾ ਹੈ ਜੋ ਉਸ ਸਮੇਂ ਸਿੱਖ-ਸੰਗਤ ਵਲੋਂ ਕੀਤੀਆਂ ਜਾਂਦੀਆਂ:-

(ੳ) ਲੰਗਰ ਲਈ ਆਟਾ ਪੀਸਣਾ

(ਅ) ਲੰਗਰ ਲਈ ਖੂਹਾਂ ਆਦਿ ਤੋਂ ਜਲ ਲਿਆਉਣਾ

(ੲ) ਲੰਗਰ ਲਈ ਲੱਕੜਾਂ ਕੱਟ ਕੇ ਲਿਆਉਣਾ ਅਤੇ ਚੁਲਾਂ ਵਿਚ ਬਾਲਣ ਝੋਕਣਾ।

(ਸ) ਲੰਗਰ ਵਰਤਾਉਣਾ, ਜੂਠੇ ਬਰਤਨ ਸਾਫ਼ ਕਰਨੇ,

(ਹ) ਲੰਗਰ ਵਿਚ ਜਾਂ ਸੰਗਤ ਵਿਚ ਬੈਠਣ ਵਾਲੇ ਤਪੜਾਂ/ਦਰੀਆਂ ਆਦਿ ਨੂੰ ਝਾੜ ਕੇ ਵਿਛਾਉਣਾ। ਇਨ੍ਹਾਂ ਥਾਂਵਾਂ ਤੇ ਝਾੜੂ ਆਦਿ ਫੇਰਨਾ। ਗਰਮੀ ਵਿਚ ਪੱਖਾਂ ਝਲਣ ਦੀ ਸੇਵਾ ਆਦਿ।

ਬ੍ਰਹਮਣੀ ਸਮਾਜ ਵਿਚ ਇਹੋ ਜਿਹੇ ਸਾਰੇ ਕਰਮ ਨੀਵੀਆਂ ਜਾਤੀਆਂ ਲਈ ਰਾਖਵੇਂ ਰਖਏ ਹੋਏ ਸਨ। **ਧੰਨ ਗੁਰੂ ਨਾਨਕ ਜਿਨ੍ਹਾਂ ਨੇ ਜ਼ਾਤ-ਪਾਤ ਦੇ ਬੰਧਨ ਤੋੜ ਕੇ ਸਿੱਖ ਨੂੰ ਗੁਰੂ ਕੀ ਸੰਗਤ ਦੀ ਸੇਵਾ ਕਰਨ ਦੀ ਜਾਚ ਸਿਖਾਈ।** ਗੁਰੂ ਸਾਹਿਬ ਜੀ ਦੀ ਸਮੁਚੀ ਵਿਚਾਰਧਾਰਾ ਅਤੇ ਸਾਧਨਾ ਪੱਖ ਵਲ ਸੰਕੇਤ ਕਰਦੇ ਹੋਏ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਜੇ ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਸੰਪਰਕ ਵਿਚ ਨਾ ਆਉਂਦੇ ਤਾਂ ਅਸੀਂ ਭੀ ਭਾਰਤ ਦੀ ਬਾਕੀ ਲੁਕਾਈ ਵਾਂਗ ਬ੍ਰਹਮਣੀ ਕਰਮ-ਧਰਮ ਕਰਦੇ ਹੋਏ ਜਨਮ-ਜਨਮ ਰੁਲਦੇ ਫਿਰਦੇ। ਗੁਰੂ ਨਾਨਕ ਸਾਹਿਬ ਦੀ ਕਿਰਪਾ ਸਦਕਾ ਅਸੀਂ ਭਲੇ ਬਚੇ।

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥**

**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥**

**ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭ ਸੋਗ ਸੰਤਾਪੇ॥੪॥੪੯॥**

*(ਗਉੜੀ ਮ:੪, ਪੰਨਾ ੧੬੭)*

ਸੇਵਾ ਦੀਆਂ ਉਪਰੋਕਤ ਪਰੰਪਰਾਵਾਂ ਗੁਰੂ ਨਾਨਕ ਸਾਹਿਬ ਜੀ ਤੋਂ ਚਲਦੇ ਚਲਦੇ ਸ੍ਰੀ ਗੁਰੂ ਅਮਰਦਾਸ ਜੀ ਤਕ ਕਾਫੀ ਪੱਕੀਆਂ ਹੋ ਚੁੱਕੀਆਂ ਸਨ। ਭਾਈ ਗੁਰਦਾਸ ਜੀ ਸਿੱਖ ਜਗਤ ਦੀ ਉਹ ਮਹਾਨ ਸ਼ਖਸੀਅਤ ਹਨ, ਜਿਨ੍ਹਾਂ ਨੂੰ ਗੁਰੂ ਅਮਰਦਾਸ ਜੀ ਤੋਂ ਗੁਰੂ ਹਰਿਗੋਬਿੰਦ ਸਾਹਿਬ ਤਕ ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਵਿਚਰਨ ਦਾ ਸੁਭਾਗ ਪ੍ਰਾਪਤ ਹੋਇਆ, ਉਨ੍ਹਾਂ ਦੀਆਂ ਵਾਰਾਂ ਵਿਚ ਸੇਵਾ ਦੇ ਸਰੂਪ ਦੇ ਕੁਝ ਸੰਕੇਤ ਮਿਲਦੇ ਹਨ। ਨਮੂਨੇ ਮਾਤਰ ਟੂਕਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ।

**ਗੁਰਮੁਖਿ ਹਥ ਸਕਥ ਹਨ ਸਾਧ ਸੰਗਤਿ ਗੁਰ ਕਾਰ ਕਮਾਵੈ॥**
**ਪਾਣੀ ਪੱਖਾ ਪੀਹਣਾ ਪੈਰ ਧੋਇ ਚਰਣਾਮਤ ਪਾਵੈ॥**
**ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ॥**
**ਨਮਸਕਾਰ ਡੰਡਉਤ ਕਰਿ ਗੁਰ ਭਾਈ ਗਲਿ ਮਿਲਿ ਗਲ ਲਾਵੈ॥**
**ਕਿਰਤ ਵਿਰਤ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥**
**ਪਾਰਸ ਪਰਸ ਅਪਰਸ ਹੋਇ ਪਰ ਤਨ ਪਰਧਨ ਹਥ ਨ ਲਾਵੈ॥**
**ਆਪੁ ਗਵਾਇ ਨ ਆਪੁ ਗਣਾਵੈ॥** *(ਵਾਰ ੬/੧੨)*

ਭਾਈ ਗੁਰਦਾਸ ਜੀ ਉਨ੍ਹਾਂ ਹੱਥਾਂ ਨੂੰ ਸਫਲ ਸਮਝਦੇ ਹਨ ਜੋ ਗੁਰੂ ਕੀ ਸਾਧ-ਸੰਗਤ ਦੀ ਹੱਥੀਂ ਸੇਵਾ ਕਰਦੇ ਹਨ। ਪਾਣੀ ਦੀ ਸੇਵਾ, ਪੱਖੇ ਦੀ ਸੇਵਾ, ਆਟਾ ਪੀਸਣ ਦੀ ਸੇਵਾ ਭੀ ਸਫਲ ਸੇਵਾ ਹੈ। ਫਿਰ ਅੰਮ੍ਰਿਤ ਪਾਨ ਕਰਕੇ ਸਿੱਖ ਗੁਰੂ ਵਾਲਾ ਬਣਦਾ ਹੈ। ਗੁਰਬਾਣੀ ਦੀਆਂ ਪੋਥੀਆਂ ਦੇ ਗੁਟਕੇ ਆਦਿ ਉਨ੍ਹਾਂ ਸਮਿਆਂ ਵਿਚ ਹੱਥੀਂ ਲਿਖਣ ਦਾ ਰਿਵਾਜ ਸੀ। ਇਸ ਤੋਂ ਬਿਨਾਂ ਸਿੱਖ ਕੀਰਤਨ ਤੰਤੀ ਸਾਜ਼ਾਂ ਉਤੇ

ਕਰਨ ਦੀ ਜਾਚ ਸਿੱਖੇ ਇਹ ਭੀ ਸੇਵਾ ਹੈ। ਗੁਰ ਸਿੱਖਾਂ ਨੂੰ ਬੜੇ ਪਿਆਰ ਸਤਿਕਾਰ ਨਾਲ ਗਲੇ ਲਗਾ ਕੇ ਮਿਲਣਾ ਸਿੱਖੇ ਅਤੇ ਧਰਮ ਦੀ ਕਿਰਤ ਕਰੇ ਇਹ ਸੁਹਾਵਣਾ ਚੱਜ ਆਚਾਰ ਹੈ। ਸਤਿਗੁਰੂ ਪਾਰਸ ਨੂੰ ਛੋਹ ਕੇ ਅਪਰਸ ਬਣ ਜਾਵੇ ਭਾਵ ਉਹ ਪਰ ਤਨ ਅਤੇ ਪਰ ਧਨ ਨੂੰ ਹੱਥ ਨ ਲਾਵੇ ਆਪਣੇ ਆਪੇ ਨੂੰ (EGO) ਖਤਮ ਕਰ ਦੇਵੇ ਅਤੇ ਕਿਸੇ ਤਰ੍ਹਾਂ ਭੀ ਆਪਣੇ ਕੀਤੇ ਕੰਮਾਂ ਦਾ ਮਾਣ ਨਾ ਕਰੇ ਇਹ ਅਪਰਸ ਹੋਣਾ ਹੈ। **ਸਿੱਖ ਲਈ ਇਕ ਈਮਾਨਦਾਰ ਵਿਅਕਤੀ ਬਣ ਕੇ ਸਮਾਜ ਵਿਚ ਵਿਚਰਨ ਦਾ ਉਪਦੇਸ਼ ਹੈ। ਉਹ ਮਾਇਆਧਾਰੀਆਂ ਵਾਂਗ ਆਪਣੇ ਸੋਹਲੇ ਆਪ ਨਹੀਂ ਗਾਉਂਦਾ ਫਿਰਦਾ।** ਭਾਈ ਗੁਰਦਾਸ ਜੀ ਉਸ ਸਮੇਂ ਦੇ ਸਿੱਖਾਂ ਰਾਹੀਂ ਕੀਤੀ ਜਾਂਦੀ ਸੇਵਾ ਬਾਰੇ ਇਉਂ ਦਸਿਆ ਹੈ:-

**ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ।**
**ਲਖ ਸੁਰਗ ਸਿਰਤਾਜ ਗ਼ਲਾ ਪੀਹਾਵਣੀ।**
**ਰਿਧਿ ਸਿਧਿ ਨਿਧਿ ਲਖ ਸਾਜ ਚੁਲਿ ਝੁਕਾਵਣੀ।**
**ਸਾਧ ਗਰੀਬ ਨਿਵਾਜ ਗਰੀਬੀ ਆਵਣੀ।**
**ਅਨਹਦ ਸਬਦਿ ਅਗਾਜ ਬਾਣੀ ਗਾਵਣੀ।** *(ਵਾਰ ੧੪/੧੮)*

ਪਹਿਲੀਆਂ ਤਿੰਨ ਲਾਈਨਾਂ ਵਿਚ ਲੰਗਰ ਲਈ ਜਲ ਦੀ ਸੇਵਾ ਦਾ ਫਲ ਲਖਾਂ ਇੰਦ੍ਰਪੁਰੀਆਂ ਦੇ ਰਾਜ ਹਨ, ਆਟਾ ਦਾਣਾ ਪੀਹ ਕੇ ਲਿਆਉਣ ਦਾ ਫਲ ਲਖਾਂ ਸੁਰਗ ਹਨ ਅਤੇ ਲੰਗਰ ਦੇ ਚੁਲ ਵਿਚ ਬਾਲਣ ਝੋਕਣ ਦਾ ਫਲ ਲਖਾਂ ਰਿਧੀਆਂ ਸਿਧੀਆਂ ਅਤੇ ਨੀਧੀਆਂ ਹਨ। ਸਤਿਗੁਰੂ ਸਦਾ ਨਿਮ੍ਰਤਾਧਾਰੀ ਗੁਰਸਿੱਖਾਂ ਨੂੰ ਮਨ ਦੀ ਗਰੀਬੀ ਬਖ਼ਸ਼ਦਾ ਹੈ। ਸੰਗਤ ਵਿਚ ਗੁਰਬਾਣੀ ਦੇ ਕੀਰਤਨ ਦੀ ਸੇਵਾ ਕਰਨਾ ਮਾਨੋ ਅਨਹਦ ਸਬਦ ਦਾ ਰਸ ਮਾਣਨਾ ਹੈ।

ਜਿਹੜੇ ਗੁਰਸਿੱਖ ਸੇਵਾ ਨਹੀਂ ਕਰਦੇ ਉਨ੍ਹਾਂ ਦੇ ਜੀਵਨ ਨੂੰ ਭਾਈ ਗੁਰਦਾਸ ਜੀ ਨੇ ਧ੍ਰਿਕਾਰ ਪਾਈ ਹੈ:-

**ਧ੍ਰਿਗੁ ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਣੀ।**
**ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ।**
**ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।**
**ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।**
**ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।**
**ਪੀਰ ਮੁਰੀਦਾ ਪਿਰਹੜੀ ਸੁਖ ਸਤਿਗੁਰ ਸਰਣੀ॥੧੦॥** *(ਵਾਰ ੨੭/੧੦)*

ਭਾਵ :- ਗੁਰਚਰਣੀ ਨ ਲਗਣ ਵਾਲਾ ਸਿਰ ਧ੍ਰਿਗ ਹੈ, ਗੁਰੂ ਵਾਲਾ ਨ ਬਣ ਕੇ ਪਰਾਈ ਇਸਤ੍ਰੀ ਨੂੰ ਵੇਖਣ ਵਾਲੀਆਂ ਅੱਖਾਂ ਧ੍ਰਿਗ ਹਨ। ਧ੍ਰਿਗ ਉਹ ਕੰਨ ਹਨ ਜੋ ਗੁਰ ਉਪਦੇਸ਼ ਸੁਣ ਕੇ ਭੀ ਉਸ ਉਪਰ ਅਮਲ ਨਹੀਂ ਕਰਦੇ। ਉਹ ਜ਼ੁਬਾਨ ਭੀ ਧ੍ਰਿਗ ਹੈ ਜੋ ਬਾਣੀ ਨਹੀਂ ਪੜ੍ਹਦੀ ਤੇ ਹੋਰ ਕੋਈ ਕਚੀ ਬਾਣੀ ਬੋਲਦੀ ਰਹਿੰਦੀ ਹੈ ਜਾਂ ਲਚਰ ਗੀਤ ਗਾਉਂਦੀ ਹੈ। ਸਾਧ-ਸੰਗਤ ਦੀ ਸੇਵਾ ਬਿਨਾਂ ਹੱਥ ਅਤੇ ਪੈਰ ਨਿਸਫਲ

ਹਨ ਅਤੇ ਉਨ੍ਹਾਂ ਦੀ ਹੋਰ ਸਾਰੀ ਕੀਤੀ ਕਾਰ ਭੀ ਫਜ਼ੂਲ ਹੈ। ਸਿੱਖ ਅਤੇ ਗੁਰੂ ਦੀ ਪ੍ਰੀਤ ਡੂੰਘੀ ਹੁੰਦੀ ਹੈ ਇਸ ਲਈ ਸਿੱਖ ਨੂੰ ਸਤਿਗੁਰੂ ਦੀ ਸਰਣ ਵਿਚ ਆਇਆਂ ਹੀ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਗੁਰ ਇਤਿਹਾਸ ਤੋਂ ਇਕ ਹੋਰ ਗੱਲ ਸਾਹਮਣੇ ਆਉਂਦੀ ਹੈ ਇਤਨੇ ਵੱਡੇ ਵੱਡੇ ਪ੍ਰੋਜੈਕਟਾਂ ਨੂੰ **ਗੁਰੂ ਸਾਹਿਬਾਨ ਨੇ ਸਿੱਖ ਸੰਗਤਾਂ ਦੀ ਮਾਇਆ ਅਤੇ ਹੱਥੀਂ ਸੇਵਾ ਰਾਹੀਂ ਮੁਕੰਮਲ ਕੀਤਾ।** ਮੌਜੂਦਾ ਸਮੇਂ ਵਿਚ ਭੀ ਸੇਵਾ ਵਾਲੇ ਬਾਬਿਆਂ ਵਲੋਂ ਅਨੇਕਾਂ ਗੁਰਧਾਮਾਂ ਦੀ ਸੇਵਾ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਹੋ ਰਹੀ ਹੈ। ਸੰਨ 1922 ਅਤੇ ਫਿਰ 1972 ਈ: ਵਿਚ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ 50 ਵਰ੍ਹਿਆਂ ਬਾਅਦ ਕਾਰ-ਸੇਵਾ ਹੋਈ ਤਾਂ ਉਸ ਸਮੇਂ ਸਿੱਖ ਰਾਜਿਆਂ ਮਹਾਰਾਜਿਆਂ ਦੇ ਪਰਿਵਾਰਾਂ ਨੇ ਭੀ ਗਾਰ ਦੇ ਟੋਕਰੇ ਸਿਰਾਂ ਉਪਰ ਚੁੱਕ ਕੇ ਸੇਵਾ ਕੀਤੀ। ਉਸ ਸਮੇਂ ਦੇ ਦ੍ਰਿਸ਼ ਨੂੰ ਵੇਖ ਕੇ ਲਗਦਾ ਸੀ ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ। ਪੰਜਾਬ ਅਤੇ ਭਾਰਤ ਦੇ ਕੋਨੇ ਕੋਨੇ ਵਿਚ ਵਸਦਾ ਸ਼ਾਇਦ ਹੀ ਕੋਈ ਸਿੱਖ ਪਰਿਵਾਰ ਹੋਵੇਗਾ ਜਿਸ ਨੇ ਇਸ ਸੇਵਾ ਵਿਚ ਆਪਣਾ ਹਿੱਸਾ ਨਾ ਪਾਇਆ ਹੋਵੇ। ਸਿੱਖ ਨੂੰ ਅੰਦਰੋਂ ਧਰਮਵਾਸ ਹੈ ਕਿ ਸਤਿਗੁਰੂ ਜੀ ਸੇਵਾ ਉੱਤੇ ਛੇਤੀ ਰੀਝਦੇ ਹਨ। ਸਿੱਖ ਨੂੰ ਅੰਦਰੋਂ ਗੁਰੂ ਕੀਆਂ ਖ਼ੁਸ਼ੀਆਂ ਮਿਲਦੀਆਂ ਹਨ। ਸਿੱਖ ਨੇ ਤਨ, ਮਨ, ਧਨ, ਨਾਲ ਗੁਰੂ ਦੀ ਸੇਵਾ ਕਰਨੀ ਹੈ। ਅਗੋਂ ਸਾਹਿਬ ਸਦਾ ਦਇਆਲ ਹੈ। ਉਹ ਸਿੱਖ ਦੀ ਕੀਤੀ ਸੇਵਾ ਨੂੰ ਪਰਖ ਕੇ ਮੁੱਲ ਪਾਉਂਦਾ ਹੈ:-

**ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥**
**ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥**
**ਉਪਦੇਸ਼ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥**
**ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣ ਵੰਨੇ ॥**
**ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫**

*(ਪਉੜੀ ਪੰਨਾ ੩੧੪)*

ਸੇਵਾ ਉਹ ਹੈ ਸਫਲ, ਜਿਸ ਉੱਤੇ ਸਤਿਗੁਰੂ ਜੀ ਪ੍ਰਸੰਨ ਹੋਣ। ਜੋ ਸੇਵਾ ਹਉਮੈਂ ਵਿਚ, ਹੱਠ ਨਾਲ, ਬੱਧਾ ਚੱਟੀ, ਜਾਂ ਕੇਵਲ ਲੋਕ ਵਖਾਵੇ ਵਾਲੀ ਹੋਵੇਗੀ, ਉਸ ਉੱਤੇ ਪਾਤਸ਼ਾਹ ਨਹੀਂ ਰੀਝਦੇ। ਜੇ ਸਤਿਗੁਰੂ ਜੀ ਪ੍ਰਸੰਨ ਹੋ ਜਾਣ ਤਾਂ ਸਿੱਖ ਦੇ ਬਜਰ ਪਾਪ ਖ਼ਤਮ ਹੋ ਜਾਂਦੇ ਹਨ। ਜੋ ਸਿੱਖ ਸਤਿਗੁਰਾਂ ਦੇ ਉਪਦੇਸ਼ ਸੁਣ ਕੇ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲਦੇ ਹਨ ਅਤੇ ਸਦਾ ਮਾਲਕ ਦੀ ਰਜ਼ਾ ਵਿਚ ਵਿਚਰਦੇ ਹਨ, ਉਨ੍ਹਾਂ ਨੂੰ ਚੜ੍ਹਦੀ ਕਲਾ ਦੀ ਧੁਰੋਂ ਬਖਸ਼ਿਸ਼ ਹੁੰਦੀ ਹੈ। ਸਤਿਗੁਰੂ ਜੀ ਇਸ ਸਮੁੱਚੀ ਖੇਲ ਨੂੰ ਗੁਰਮੁਖਾਂ ਦੀ ਵਿਲੱਖਣ ਅਤੇ ਨਿਰਾਲੀ ਰੀਤ ਦਸਦੇ ਹਨ। ਗੁਰੂ ਕਾ ਸਿੱਖ ਗੁਰੂ ਪਾਸੋਂ ਦੀਖਿਆ ਲੈ ਕੰਵਲ ਫੁਲ ਵਾਂਗ ਖਿੜ ਜਾਂਦਾ ਹੈ-ਭਾਵ ਸਹਜ ਅਵਸਥਾ ਪ੍ਰਾਪਤ ਕਰਦਾ ਹੈ।

ਸਪੱਸ਼ਟ ਹੈ ਕਿ ਸੇਵਾ ਉਹੀ ਸਫਲ ਹੁੰਦੀ ਹੈ ਜਿਸ ਸੇਵਾ ਰਾਹੀਂ ਗੁਰੂ ਮਹਾਰਾਜ ਪ੍ਰਸੰਨ ਹੋਣ। ਭਾਈ ਮੰਝ ਜੀ ਜਦੋਂ ਆਪਣੇ ਘਰ ਵਿਖੇ ਸਖ਼ੀ-ਸਰਵਰ

(ਮੁਸਲਮਾਨ ਸੂਫੀ ਫਕੀਰ ਦੀ) ਕਬਰ ਆਪ ਢਾਹਿ ਢੇਰੀ ਕਰਕੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਸਿੱਖ ਬਣਨ ਲਈ ਸੇਵਾ ਕਰਨ ਲਈ ਹਾਜ਼ਰ ਹੋਏ ਤਾਂ ਉਨ੍ਹਾਂ ਦੇ ਮਨ ਵਿਚ ਕਈ ਚਿਰ ਇਹ ਖਿਆਲ ਟਿਕਿਆ ਰਿਹਾ ਕਿ ਗੁਰੂ ਮੈਨੂੰ ਖਾਸ ਮਾਣ ਦੇਣਗੇ ਕਿ ਇਹ ਮੁਸਲਮਾਨ ਫਕੀਰ ਦੇ ਚੇਲੇ ਤੋਂ ਸਿੱਖ ਬਣਨ ਲਈ ਉਚੇਚਾ ਆਇਆ ਹੈ। ਪਰ ਇਕ ਸਾਲ ਤਕ ਭਾ: ਮੰਝ ਨੂੰ ਆਪ ਆਉਣ ਲਈ ਪ੍ਰੇਰ ਕੇ ਗੁਰੂ ਅਰਜਨ ਦੇਵ ਭੁਲ ਤਾਂ ਨਹੀਂ ਸਨ ਗਏ? ਨਹੀਂ ਨਹੀਂ, ਉਸ ਨੂੰ ਇਸ ਤਰ੍ਹਾਂ ਨਜ਼ਰਅੰਦਾਜ਼ ਕਰਨ ਨਾਲ ਉਸਦੇ ਅੰਦਰ ਦੀ ਹਉਮੈ ਮੈਲ ਨੂੰ ਧੋਣਾ ਚਾਹੁੰਦੇ ਸੀ। ਫਿਰ ਜਦੋਂ ਇਕ ਸਾਲ ਬਾਅਦ ਗੁਰੂ ਜੀ ਨੇ ਭਾ: ਮੰਝ ਨੂੰ ਬੁਲਾ ਕੇ ਪੁਛਿਆ ਕਿ ਕੀ ਸੇਵਾ ਕਰਦੇ ਹੋ? ਤਾਂ ਉਹਨਾਂ ਦਾ ਉਤਰ ਸੀ "ਜੀ ਲੰਗਰ ਲਈ ਜੰਗਲ ਤੋਂ ਸੁੱਕੀਆਂ ਲੱਕੜਾਂ ਲਿਆਉਂਦਾ ਹਾਂ।" "ਫਿਰ ਪ੍ਰਸ਼ਾਦਾ ਕਿਥੋਂ ਛਕਦੇ ਹੋ ?" ਤਾਂ ਉਤਰ ਸੀ "ਜੀ ਲੰਗਰ ਵਿਚੋਂ"। ਗੁਰੂ ਜੀ ਹੱਸ ਪਏ ਤੇ ਕਹਿਣ ਲਗੇ "ਭਾ: ਮੰਝ ਜੀ "ਫਿਰ ਤਾਂ ਹਿਸਾਬ ਨਾਲ ਦੇ ਨਾਲ ਬਰਾਬਰ ਹੋ ਰਿਹਾ ਹੈ, ਹੱਛਾ! ਜਿਵੇਂ ਠੀਕ ਸਮਝੋ।" ਹੁਣ ਭਾ: ਮੰਝ ਜੀ ਲਕੜਾਂ ਦੇ ਦੋ ਭਾਰ ਜੰਗਲ ਵਿਚੋਂ ਚੁੱਕ ਕੇ ਲਿਆਉਂਦੇ। ਇਕ ਲੰਗਰ ਵਿਚ ਦੇ ਦਿੰਦੇ ਤੇ ਦੂਜੇ ਨੂੰ ਬਾਜ਼ਾਰ ਵਿਚ ਵੇਚ ਕੇ ਬਾਹਰੋਂ ਪ੍ਰਸ਼ਾਦਾ ਛਕਦੇ। ਇਕ ਵਾਰੀ ਬੜੀ ਜ਼ੋਰ ਦੀ ਹਨ੍ਹੇਰੀ ਆਈ, ਭਾਈ ਜੀ ਲਕੜਾਂ ਦਾ ਬੋਝਾ ਸਿਰ ਤੇ ਚੁੱਕੀ ਆ ਰਹੇ ਸਨ। ਅੱਖਾਂ ਵਿਚ ਧੂਲ ਪੈ ਗਈ ਤੇ ਪੈਰ ਲੜਖੜਾ ਗਏ। ਆਪ ਖੂਹ ਵਿਚ ਜਾ ਡਿੱਗੇ। ਮਹਾਰਾਜ ਨੂੰ ਖ਼ਬਰ ਪੁੱਜੀ ਤਾਂ ਆਪ ਸਿੱਖਾਂ ਨੂੰ ਨਾਲ ਲੈ ਕੇ ਦੌੜਦੇ ਆਏ। ਗੁਰੂ ਪਾਤਸ਼ਾਹ ਦਾ ਹਿਰਦਾ ਭੀ ਹੁਣ ਦ੍ਰਵ ਚੁੱਕਾ ਸੀ ਜਿਵੇਂ ਇਕ ਮਾਂ ਦਾ ਹਿਰਦਾ ਆਪਣੇ ਬੱਚੇ ਨੂੰ ਸੱਟ ਲੱਗ ਜਾਣ ਤੇ ਦ੍ਰਵ ਜਾਂਦਾ ਹੈ। ਕਹਿਣ ਲਗੇ,"ਭਾ: ਮੰਝ ਲਕੜਾਂ ਸਿੱਟ ਦਿਉ ਤੁਹਾਨੂੰ ਖੂਹ ਵਿਚੋਂ ਪਹਿਲਾਂ ਕਢਣਾ ਹੈ।" "ਮਹਾਰਾਜ ਖਿਮਾ ਕਰਨਾ, ਲਕੜਾਂ ਭਿਜ ਕੇ ਲੰਗਰ ਵਿਚ ਵਰਤੀਆਂ ਨਹੀਂ ਜਾ ਸਕਣ ਗੀਆਂ, ਜੀ। ਪਹਿਲਾਂ ਲਕੜਾਂ ਕੱਢ ਲਉ"। ਜਦੋਂ ਭਾਈ ਜੀ ਨੂੰ ਭੀ ਬਾਹਰ ਕਢਿਆ ਗਿਆ ਤਾਂ ਉਹ ਗੁਰੂ ਕੇ ਚਰਨ ਪਰਸਨ ਲਗਾ (ਕਿ ਮਹਾਰਾਜ ਨੇ ਆਪਣੇ ਸੇਵਕ ਨੂੰ ਆਪ ਆਣ ਕੇ ਸੰਭਾਲਣ ਦੀ ਖੇਚਲ ਕੀਤੀ ਹੈ) ਪਰ ਸਤਿਗੁਰਾਂ ਨੇ ਉਸ ਨੂੰ ਛਾਤੀ ਨਾਲ ਲਗਾ ਲਿਆ ਤੇ ਬਚਨ ਕੀਤਾ

**'ਮੰਝ ਪਿਆਰਾ ਗੁਰੂ ਕੋ ਗੁਰੂ ਮੰਝ ਪਿਆਰਾ॥**
**ਮੰਝ ਗੁਰੂ ਕਾ ਬੋਹਿਥਾ ਜਗ ਲੰਘਣ ਹਾਰਾ॥** *(ਅਖਾਣ)*

ਸਿੱਖ ਇਤਿਹਾਸ ਵਿਚ ਇਹ ਕਥਾ ਸੇਵਾ ਦੇ ਖੇਤਰ ਵਿਚ ਇਕ ਮੀਲ ਪੱਥਰ ਹੈ। ਸੇਵਾ ਕਰਨ ਵਾਲੇ ਸਿੱਖ ਉੱਤੇ ਕਦੀ ਐਸਾ ਮੌਕਾ ਜ਼ਰੂਰ ਆਉਂਦਾ ਹੈ ਜਦੋਂ ਉਸਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਉਸ ਨੂੰ ਆਪਣੀ ਗਲਵੱਕੜੀ ਵਿਚ ਲੈ ਲੈਂਦਾ ਹੈ। ਅਤੇ ਗੁਰੂ ਕੇ ਸਿੱਖ ਦੀ ਭੀ ਤਾਂ ਇਹੋ ਪ੍ਰੀਤ ਹੁੰਦੀ ਹੈ ਕੋਈ ਵਿਰਲਾ ਜਨ ਹੀ ਜਾਣਦਾ ਹੈ ਕਿ ਗੁਰੂ ਦੀ ਗਲਵੱਕੜੀ ਵਿਚ ਕਿਤਨਾ ਨਿੱਘ ਹੁੰਦਾ ਹੈ:-

**ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ॥੪॥੩॥੪੧**

*(ਗਉੜੀ ਗੁਆਰੇਗੀ ਮ: ੪, ਪੰਨਾ ੧੬੪)*

ਸੋ ਸੇਵਾ ਦੇ ਖੇਤਰ ਵਿਚ ਦੋ ਗੱਲਾਂ ਬੜੀਆਂ ਲਾਜ਼ਮੀ ਹਨ:-

(ੳ) ਆਪਣੀ ਹਉਮੈਂ ਨੂੰ ਸੇਵਾ ਰਾਹੀਂ ਜ਼ੀਰੋ ਡਿਗਰੀ ਤੇ ਲਿਆਉਣਾ :-

**ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥**
**ਅੰਤਰਿ ਅਗਿਆਨ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥**
**ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥**
**ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥**
**ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥**
**ਇਉਂ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥੭ ॥**

*(ਆਸਾ ਮ: ੩, ਛੰਤ-ਪੰਨਾ ੪੪੧)*

(ਅ) ਦੂਜੀ ਗੱਲ ਹੈ ਲੰਬੀ ਉਡੀਕ ਕਰਨ ਦੀ। ਸੇਵਾ ਕਰੀ ਜਾਣੀ ਹੈ ਗੁਰੂ ਕੀਆਂ ਖ਼ੁਸ਼ੀਆਂ ਦੀ ਆਸ 'ਤੇ। ਹਉਮੈ ਰਹਿਤ ਹੋਕੇ, ਨਿਮਾਣਾ ਜਿਹਾ ਸੇਵਾਦਾਰ ਬਣਕੇ ਕਿਸੇ ਅਗੰਮੀ ਚਾਉ ਵਿਚ ਸੇਵਾ ਕਰੀ ਜਾਣੀ ਹੈ। ਸ਼ੰਕਾ ਨਹੀਂ ਕਰਨੀ, ਲੋਕ-ਵਿਖਾਵਾ ਕਰਨ ਦਾ ਕੋਈ ਲਾਭ ਨਹੀਂ ਹੁੰਦਾ।

**ਬੀਸ ਬਿਸਵੇ ਗੁਰੂ ਕਾ ਮਨੁ ਮਾਨੈ ॥**
**ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥੩ ॥੧੮ ॥**

*(ਗਉੜੀ ਸੁਖਮਨੀ ਮ:੫, ਪੰਨਾ ੨੮੭)*

ਜੋ ਮਾਡਰਨ ਸਿੱਖ ਅਜੇ ਸ਼ੰਕਾ ਕਰਦੇ ਹਨ ਉਹਨਾਂ ਨੇ ਅਜੇ ਪੂਰਨ ਸਮਰਪਨ ਨਹੀਂ ਕੀਤਾ ਹੁੰਦਾ ਜਿਸ ਕਰਕੇ ਸ਼ੰਕਾਵਾਦੀ ਹੋ ਕੇ ਇਹੋ ਜੇਹੇ ਸਵਾਲ ਕਰਦੇ ਹਨ। ਸ੍ਰੀ ਸੁਖਮਨੀ ਸਾਹਿਬ ਦੀ 18ਵੀਂ ਅਸ਼ਟਪਦੀ ਦੇ ਪਹਿਲੇ ਦੋ ਪਦਿਆਂ ਵਿਚ ਸਤਿਗੁਰ ਅਤੇ ਸੇਵਕ ਵਿਚਕਾਰ ਸੇਵਾ ਸੰਬੰਧੀ ਕੁਝ ਜ਼ਰੂਰੀ ਗੱਲਾਂ ਦਾ ਜ਼ਿਕਰ ਹੈ

ਪਹਿਲੀ ਗੱਲ ਇਹ ਹੈ, ਜੋ ਇਕ ਵਾਰੀ ਪੂਰਨ ਸਮਰਪਨਿ ਕਰਕੇ ਗੁਰੂ ਕਾ ਸਿੰਘ ਸੱਜ ਗਿਆ, ਉਸ ਲਈ ਇਹ ਕਿਹਾ ਗਿਆ ਹੈ:-

**ਮਨੁ ਬੇਚੈ ਸਤਿਗੁਰ ਕੈ ਪਾਸਿ ॥**
**ਤਿਸੁ ਸੇਵਕ ਕੇ ਕਾਰਜ ਰਾਸਿ ॥**
**ਸੇਵਾ ਕਰਤ ਹੋਇ ਨਿਹਕਾਮੀ ॥**
**ਤਿਸ ਕਉ ਹੋਤ ਪ੍ਰਾਪਤਿ ਸੁਆਮੀ ॥੨ ॥੧੮ ॥**

*(ਪੰਨਾ ੨੮੬)*

ਦੂਜੀ ਗੱਲ ਇਹ ਆਖੀ ਗਈ ਹੈ ਕਿ ਜਦੋਂ ਸਤਿਗੁਰੂ ਸਿੱਖ ਉੱਤੇ ਦਇਆਲ ਹੁੰਦਾ ਹੈ ਤਾਂ ਉਸਦੇ ਕਈ ਪ੍ਰਕਾਰ ਦੇ ਬੰਧਨ ਕਟ ਦਿੰਦਾ ਹੈ ਜਿਸ ਸਦਕਾ ਉਹ ਵਿਕਾਰਾਂ ਤੋਂ ਬਚ ਜਾਂਦਾ ਹੈ। ਉਸ ਨੂੰ ਨਾਮ ਧਨ ਦੇ ਕੇ ਨਿਹਾਲ ਕਰਦਾ ਹੈ। ਸਭ ਤੋਂ ਵੱਡੇ ਭਰੋਸੇ ਵਾਲੀ ਗੱਲ ਇਹ ਹੈ:-

**ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥**
**ਨਾਨਕ ਸਤਿਗੁਰੁ ਸਿੱਖ ਕਉ ਜੀਅ ਨਾਲਿ ਸਮਾਰੈ ॥੧ ॥੧੮ ॥**

*(ਪੰਨਾ ੨੮੬)*

ਇਹ ਸਿੱਖ ਅਤੇ ਸਤਿਗੁਰੂ ਦੇ ਦਰਮਿਆਨ ਪ੍ਰੇਮ ਦੇ ਬਚਨ ਹਨ। ਮੇਰਾ ਸਤਿਗੁਰੂ ਪੂਰਾ ਹੈ, ਬਚਨਾਂ ਦਾ ਸੂਰਾ ਹੈ। ਸੇਵਕ ਉਪਰ ਤਾਂ ਸਦਾ ਹੀ ਸਤਿਗੁਰੂ ਦੀਆਂ ਖ਼ੁਸ਼ੀਆਂ ਹੀ ਖ਼ੁਸ਼ੀਆਂ ਹੁੰਦੀਆਂ ਹਨ, ਸ਼ੰਕੇ ਤੋਂ ਬਚਣਾਂ ਚਾਹੀਦਾ ਹੈ। ਫਿਰ ਚੇਤੇ ਕਰਾ ਦਿਆਂ:-

**ਉਪਦੇਸ਼ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ॥**
**ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜ੍ਹੀ ਚਵਗਣਿ ਵੰਨੇ**
**ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮੰਨੁ ਭਿੰਨੇ॥੨੫॥**

*(ਪਉੜੀ ਪੰਨਾ ੩੧੪)*

ਸਤਿਗੁਰੂ ਜੀ ਦੇ ਉਪਦੇਸ਼ ਸੁਣ ਕੇ ਉਸਦੀ ਰਜ਼ਾ ਵਿਚ ਸਦਾ ਟਿਕੇ ਰਹਿਣ ਨਾਲ ਚੌਗੁਣਾ ਹੋਕੇ ਰਾਮ ਰੰਗ ਅਤੇ ਆਤਮ ਰੰਗ ਅੰਤਰ ਆਤਮੇ ਚੜ੍ਹਦਾ ਹੈ। ਇਹ ਸਭ ਅਗੰਮੀ ਖੇਡ ਹੈ। ਜਿਸਦਾ ਸ਼ਬਦਾਂ ਰਾਹੀਂ ਵਰਣਨ ਕੀਤਾ ਨਹੀਂ ਜਾ ਸਕਦਾ। ਖਿਆਲ ਰਵੇ ਸੇਵਾ ਕਰਦਿਆਂ ਮਨ ਵਿਚ ਕਿਸੇ ਮਾਇਕ ਪਦਾਰਥ ਦੀ ਇੱਛਾ ਨਹੀਂ ਕਰਨੀ। ਸੇਵਾ ਤਾਂ ਇਕ ਨਿਸਵਾਰਥ ਕਿਸਮ ਦੀ ਭਗਤੀ ਹੈ ਨਾਮ ਜਪਣ ਨੂੰ ਭੀ ਗੁਰੂ ਮਹਾਰਾਜ ਨੇ ਸੇਵਾ ਦਾ ਦਰਜਾ ਦਿੱਤਾ ਹੈ:-

**ਨਾਮੁ ਹਮਾਰੈ ਪੂਜਾ ਦੇਵ॥**
**ਨਾਮੁ ਹਮਾਰੈ ਗੁਰ ਕੀ ਸੇਵ॥੧॥**

*(ਭੈਰਉ ਮ: ੫, ਪੰਨਾ ੧੧੪੫)*

ਨਿਸ਼ੰਕ ਹੋ ਕੇ, ਗੁਰੂ ਆਸਰੇ, ਪੂਰਨ ਭਰੋਸੇ ਨਾਲ ਨਾਮ ਜਪਣ ਅਤੇ ਸੇਵਾ ਕਰਨ ਵਾਲੇ ਹੀ ਰੱਬ ਦੀ ਦਰਗਾਹ ਵਿਚ ਗੁਰ ਕਿਰਪਾ ਨਾਲ ਪ੍ਰਵਾਨ ਹੁੰਦੇ ਹਨ। ਗੁਰੂ ਅੰਗਦ ਦੇਵ ਜੀ ਨੇ ਆਸਾ ਕੀ ਵਾਰ ਦੀ 22ਵੀਂ ਪਉੜੀ ਨਾਲ ਲਗਦੇ ਸਲੋਕਾਂ ਵਿਚ ਸੇਵਾ ਕਰਨ ਦੀ ਜੋ ਜੁਗਤੀ ਸਮਝਾਈ ਹੈ ਉਹ ਬੜੀ ਲਾਭਦਾਇਕ ਹੋਵੇਗੀ।

**ਸਲੋਕ ਮ:੨**
**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਇ ਮਾਨੁ॥**
**ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪ੍ਰਵਾਨੁ॥੧॥**

*(ਆਸਾ ਕੀ ਵਾਰ ੪੭੪)*

ਇਵੇਂ ਆਸਾ ਕੀ ਵਾਰ ਦੀ ਸਤਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਸੇਵਾ ਕਰਨ ਦੀ ਜਾਚ ਇਉਂ ਸਿਖਾਈ ਹੈ।

**ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥**
**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥**
**ਤੂੰ ਬਖ਼ਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥**
**ਵਡਿਆਈ ਵਡਾ ਪਾਇਆ॥ ਪਉੜੀ ੭॥** *(ਪੰਨਾ ੪੬੭)*

ਜਿਸ ਨੇ ਸੱਚ ਦੀ ਆਰਾਧਨਾ ਕੀਤੀ ਉਹਨਾਂ ਨੇ ਸੰਤੋਖ ਧਾਰਨ ਕਰਕੇ ਸੇਵਾ ਕੀਤੀ। ਉਹਨਾਂ ਆਪ ਨੂੰ ਮੰਦੇ ਕੰਮਾਂ ਵਲ ਨਹੀਂ ਜਾਣ ਦਿੱਤਾ ਸਗੋਂ ਧਰਮ ਦੀ ਕਿਰਤ ਕਰਕੇ ਜੀਵਨ ਨਿਰਬਾਹ ਕੀਤਾ। ਸੰਤੋਖ ਧਾਰਨ ਕਰਕੇ ਉਹਨਾਂ ਨੇ ਦੁਨਿਆਵੀ ਪਦਾਰਥਾਂ ਦੀ ਖਿੱਚ ਨੂੰ ਤੋੜਿਆ। ਸੰਤੋਖ ਸਦਕਾ ਹੀ ਉਹਨਾਂ ਦੀ ਪਦਾਰਥਾਂ ਦੇ ਸੇਵਨ ਦੀ ਭੁਖ ਘਟ ਗਈ। ਸੋ ਸੇਵਾਦਾਰ ਨੂੰ ਸਬਰ ਸੰਤੋਖੀ ਹੋਣ ਦੇ ਗੁਣ ਗ੍ਰਹਿਣ ਕਰਨੇ ਚਾਹੀਦੇ ਹਨ। ਸੇਵਕ ਨੂੰ ਅਹੰਕਾਰ ਛੱਡ ਕੇ ਹੀ ਸੇਵਾ ਵਿਚ ਲਗਣਾ ਚਾਹੀਦਾ ਹੈ, ਨਹੀਂ ਤਾਂ ਉਹ ਆਪਣੇ ਮਾਲਕ ਨੂੰ ਕਦੀ ਖ਼ੁਸ਼ ਨਹੀਂ ਕਰ ਸਕਦਾ।

ਸਿੱਖ ਪੰਥ ਵਿਚ ਸੇਵਾ ਦੇ ਖੇਤਰ ਵਿਚ ਪੰਥਕ ਤੌਰ ਤੇ ਪ੍ਰਵਾਨ ਹੀ ਉਹ ਹਸਤੀਆਂ ਹੋਇਆਂ ਜਿਨ੍ਹਾਂ ਨੇ ਆਪਣੇ ਆਪੇ ਦਾ ਤਿਆਗ ਕਰਕੇ ਗੁਰੂ ਪਾਤਸ਼ਾਹ ਦੀ ਸੇਵਾ ਵਿਚ ਹੀ ਤਨ, ਮਨ ਅਤੇ ਧਨ ਲਗਾ ਦਿੱਤਾ। ਮਿਸਾਲ ਵਜੋਂ ਬਾਬਾ ਗੁਰਮੁਖ ਸਿੰਘ ਜੋ ਇਸ ਸ਼ਤਾਬਦੀ ਦੇ ਆਰੰਭ ਵਿਚ ਹੀ ਸ੍ਰੀ ਅੰਮ੍ਰਿਤਸਰ ਪੁਜ ਕੇ ਦਰਬਾਰ ਸਾਹਿਬ ਦੀਆਂ ਬਾਹਰਲੀਆਂ ਅਤੇ ਅੰਦਰਲੀਆਂ ਪਰਿਕਰਮਾ ਪੱਕੀਆਂ ਕਰਨ ਦੀ ਸੇਵਾ ਆਰੰਭੀ। ਇਸ ਭੂਰੀ ਵਾਲੇ ਬਾਬੇ ਨਾਲ ਅਣਗਿਣਤ ਸੇਵਾਦਾਰ ਆ ਰਲੇ ਜਿਨ੍ਹਾਂ ਨੇ ਆਪਣਾ ਜੀਵਨ ਸੇਵਾ ਲਈ ਅਰਪਨ ਕਰ ਦਿੱਤਾ। ਕੁਝ ਕੁ ਖਾਸ ਨਾਮ ਵਰਣਨ ਯੋਗ ਹਨ- ਬਾਬਾ ਜੀਵਨ ਸਿੰਘ ਜੀ ਜਿਨ੍ਹਾਂ ਗੋਦਾਵਰੀ ਦਰਿਆ ਉੱਤੇ (ਨਾਂਦੇੜ ਸਾਹਿਬ) ਪੱਕਾ ਪੁਲ ਬਨਵਾਉਣ ਦੀ ਸੇਵਾ ਕਰਵਾਈ, 1973ਈ: ਦੀ ਕਾਰਸੇਵਾ ਅਤੇ ਗੁਰੂ ਰਾਮਦਾਸ ਲੰਗਰ ਦੀ ਸੇਵਾ ਉਹਨਾਂ ਦੇ ਜੀਉਂਦੇ ਜੀ ਹੋਈ। ਬਾਬਾ ਖੜਕ ਸਿੰਘ ਜੀ ਜਿਨ੍ਹਾਂ ਨੇ ਅੰਮ੍ਰਿਤਸਰ ਸਾਹਿਬ ਦੇ ਗੁਰਦੁਆਰਿਆਂ ਦੀ ਕਈ ਪ੍ਰਕਾਰ ਸੇਵਾ ਕਰਾਈ ਅਤੇ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਆਲੀਸ਼ਾਨ ਮੰਜੀ ਸਾਹਿਬ ਦੇ ਦੀਵਾਨ ਹਾਲ ਦੀ ਸੇਵਾ ਕਰਾਈ।

## 2 ਸਿਮਰਨ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਸੇਵਾ ਸੰਬੰਧੀ ਸਧਨਾ ਪੱਖ ਉੱਤੇ ਵਿਸਥਾਰ ਪੂਰਵਕ ਵਿਚਾਰ ਕਰਨ ਉਪਰੰਤ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਿੱਖ ਧਰਮ ਦੇ ਦੂਜੇ ਸਾਧਨਾ ਪੱਖ ਨੂੰ ਭੀ ਦ੍ਰਿਸ਼ਟੀ ਗੋਚਰ ਕਰ ਲਿਆ ਜਾਵੇ। ਜਦੋਂ ਸਿੱਖ, ਗੁਰੂ ਸਾਹਿਬ ਦੀ ਜਥੇਬੰਦੀ ਵਿਚ ਦਾਖ਼ਲ ਹੁੰਦਾ, ਤਾਂ ਸਭ ਤੋਂ ਪਹਿਲਾਂ ਉਹ ਆਪਣਾ ਤਨ, ਮਨ,ਧਨ ਗੁਰੂ ਅਗੇ ਅਰਪਣ ਕਰਕੇ ਸਤਿਗੁਰਾਂ ਤੋਂ ਚਰਨ-ਪਹੁਲ ਲੈਂਦਾ ਹੁੰਦਾ ਸੀ। ਦਸਵੇਂ ਪਾਤਸ਼ਾਹ ਤਕ ਚਰਨ-ਪਹੁਲ ਚਲਦੀ ਆਈ, ਪਰ 1699 ਦੀ ਵੈਸਾਖੀ ਸਮੇਂ ਸਤਿਗੁਰਾਂ ਨੇ ਹੱਥੀਂ ਖਾਲਸੇ ਨੂੰ ਛਕਾਈ ਅਤੇ ਖਾਲਸੇ ਨੂੰ ਸਦਾ ਲਈ ਖੰਡੇ-ਬਾਟੇ ਦੀ ਪਹੁਲ ਛਕਾਅ ਕੇ ਖਾਲਸਾ ਪੰਥ ਵਿਚ ਵਾਧਾ ਕਰਨ ਦਾ ਅਧਿਕਾਰ ਦਿੱਤਾ। ਖਾਲਸੇ ਨੂੰ ਜੋ ਰਹਿਤ ਮਰਯਾਦਾ ਦੀ ਬਖ਼ਸ਼ਿਸ਼ ਕੀਤੀ ਉਸਦੇ ਬਹੁਤ ਸਾਰੇ ਅੰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਿਲਦੇ ਹਨ। ਸੋ ਅੰਮ੍ਰਿਤ ਛਕਣਾ ਹਰ ਸਿੱਖ ਲਈ ਲਾਜ਼ਮੀ ਹੈ। ਇਸ ਨਾਲ ਹਰ ਸਿੱਖ ਇਕ ਕੌਮੀ ਜ਼ਾਬਤੇ, ਅਤੇ ਕੌਮੀ ਸਦਾਚਾਰ ਅਨੁਸਾਰ ਜੀਵਨ ਢਾਲਦਾ ਹੈ। ਇਹ ਸਿੱਖ

ਧਰਮ ਦਾ ਸਦਾਚਾਰਕ ਪੱਖ ਕਿਹਾ ਜਾ ਸਕਦਾ ਹੈ।

ਖੰਡੇ ਦੀ ਪਾਹੁਲ ਛਕਾਣ ਸਮੇਂ ਹਰ ਪ੍ਰਾਣੀ ਨੂੰ ਨਾਮ ਜਪਣ ਦੀ ਤਾਕੀਦ ਹੁੰਦੀ ਹੈ। ਗੁਰੂ ਰਾਮਦਾਸ ਜੀ ਨੇ ਗਉੜੀ ਕੀ ਵਾਰ ਵਿਚ ਇਸ ਸੰਬੰਧ ਵਿਚ ਹਰ ਸਿੱਖ ਲਈ ਕੁਝ ਗੱਲਾਂ ਨਿੱਤ ਕਰਨ ਲਈ ਖਾਸ ਹੁਕਮ ਦਿੱਤਾ ਹੈ। ਇਸ ਮ: ੪ ਨੂੰ ਸਿੱਖ ਰਹਿਤ ਮਰਯਾਦਾ ਦਾ ਸਭ ਤੋਂ ਮਹੱਤਵਪੂਰਨ ਭਾਗ ਕਿਹਾ ਜਾ ਸਕਦਾ ਹੈ ਜਿਸ ਵਲੋਂ ਮਾਡਰਨ ਸਿੱਖ ਅਵੇਸਲੇ ਜਿਹੇ ਹੋਏ ਦਿਸਦੇ ਹਨ:-

**ਮ: ੪- ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**

**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥**

**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**

**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥**

**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**

**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸ਼ ਸੁਣਾਵੈ ॥**

**ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥** *(ਗਉੜੀ ਕੀ ਵਾਰ, ਮ: ੪,ਪੰਨਾ ੩੦੫-੦੬)*

ਇਹ ਇਕੋ ਇਕ ਸ਼ਬਦ ਹੈ ਜੋ ਸਿੱਖ ਨੂੰ ਨਾਮ ਅਤੇ ਬਾਣੀ ਨਾਲ ਜੁੜਨ ਲਈ ਸਹੀ ਸੇਧ ਬਖ਼ਸ਼ਦਾ ਹੈ। ਨਾਮ ਜਪਣ ਲਈ ਅੰਮ੍ਰਿਤ ਵੇਲੇ ਜਾਗਣਾ ਅਤਿ ਜ਼ਰੂਰੀ ਦਸਿਆ ਹੈ ਕਿਉਂਕਿ ਭਲਕ ਸਮਾਂ ਹੀ ਐਸਾ ਹੈ ਜਦੋਂ ਸਾਰਾ ਜਗਤ ਸੁੱਤਾ ਪਿਆ ਹੁੰਦਾ ਹੈ। ਟਿਕਾਓ ਦੇ ਮਾਹੌਲ ਵਿਚ ਸੁਰਤਿ ਵਿਚ ਚਾਉ ਉਠਦਾ ਹੈ। ਅੰਮ੍ਰਿਤ ਵੇਲੇ ਉਠ ਕੇ ਸਰੀਰ ਨੂੰ ਸਾਵਧਾਨ ਕਰਨ ਲਈ ਇਸ਼ਨਾਨ ਆਦਿ ਤੋਂ ਫਾਰਗ ਹੋ ਕੇ ਨਾਮ ਦੇ ਅੰਮ੍ਰਿਤ ਸਰੋਵਰ ਵਿਚ ਸਿੱਖ ਨੂੰ ਚੁਭੇ ਲਾਵਣ ਦੀ ਤਾਕੀਦ ਹੈ। ਫਿਰ ਸੰਗਤ ਵਿਚ ਜਾਕੇ ਗੁਰਬਾਣੀ ਗਾਉਣਾ ਅਥਵਾ ਸੁਣਨਾ, ਸਿੱਖ ਦੀ ਸਾਧਨਾ ਦਾ ਅੰਗ ਹੈ। ਬਹਿਦਿਆਂ ਉਠਦਿਆਂ ਭਾਵ ਕਾਰਵਿਹਾਰ ਸਮੇਂ ਭੀ ਸੁਰਤਿ ਨਾਮ ਵਿਚ ਰਖਣ ਦੀ ਤਾਕੀਦ ਹੈ। ਐਸੇ ਨਾਮ-ਰੱਸੀਏ ਉਪਰ ਸਤਿਗੁਰੂ ਦੀਆਂ ਖ਼ੁਸ਼ੀਆਂ ਹੀ ਖ਼ੁਸ਼ੀਆਂ ਹੁੰਦੀਆਂ ਹਨ। ਉਹ ਗੁਰਸਿੱਖ ਆਪ ਤਾਂ ਤਰਦਾ ਹੈ ਆਪਣੇ ਨਾਲ ਦੇ ਸੰਗੀ ਸਾਥੀਆਂ ਨੂੰ ਭੀ ਤਾਰਦਾ ਹੈ।

**ਹਰਿ ਜਨ ਸਗਲ ਉਧਾਰੇ ਸੰਗ ਕੇ ॥੧॥ਰਹਾਉ॥੨੨** *(੧੨੦੮)*

ਸਾਧਨਾ-ਪੱਖ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਂ ਪਿਆਰਿਆਂ ਵਲੋਂ ਰਹਿਤ ਦ੍ਰਿੜ੍ਹ ਕਰਾਈ ਜਾਂਦੀ ਹੈ। ਸਿੱਖ ਨੂੰ ਚਾਰ-ਬੱਜਰ ਕੁਰਹਿਤਾਂ ਤੋਂ ਬਚਣਾ ਹੈ, ਅਤੇ ਪੰਜ ਕਕਾਰੀ ਰਹਿਤ ਦਾ ਧਾਰਨੀ ਬਣਨਾ ਹੈ। ਬਾਣੀ ਦੇ ਉਪਦੇਸ਼ ਹਨ:-

1- ਮਿੱਠਾ ਬੋਲਣਾ, ਕਿਸੇ ਦਾ ਦਿਲ ਨਹੀਂ ਦੁਖਾਉਣਾ। ਇਉਂ ਕ੍ਰੋਧ ਤੋਂ

ਬਚਣਾ ਹੈ।

2- ਨਿਮ੍ਰਤਾ ਵਿਚ ਵਿਚਰਨਾ ਹੈ। ਹਉਮੈਂ ਦੀਰਘ ਰੋਗ ਹੈ, ਇਸ ਲਈ ਆਪਣੀ ਵਡਿਆਈ ਕਰਨ ਤੋਂ ਸੰਕੋਚ ਕਰਨਾ ਹੈ। ਮੈਂ ਨਹੀਂ ਕੀਤਾ, ਇਹ ਸਤਿਗੁਰੂ ਨੇ ਕਰਾਇਆ ਹੈ। ਇਉਂ ਹੋਉਮੈਂ ਤੋਂ ਬਚੀਦਾ ਹੈ।

3- ਕਾਮ ਉਤੇਜਿਤ ਕਰਨ ਵਾਲੀਆਂ ਪੁਸਤਕਾਂ, ਫਿਲਮਾਂ, ਕਲੱਬਾਂ, ਆਦਿ ਤੋਂ ਪਰਹੇਜ਼ ਕਰਨਾ ਹੈ ਇਹੋ ਜਿਹੇ ਭੋਜਨ ਤੋਂ ਭੀ ਪਰਹੇਜ਼ ਕਰਨਾ ਹੈ ਜੋ ਕਾਮ ਨੂੰ ਭੜਕਾਵੇ। ਇਹ ਇੰਦ੍ਰੀ-ਜਿਤ ਹੋਣ ਲਈ ਜ਼ਰੂਰੀ ਹੈ। ਪਹਿਰਾਵਾ ਭੀ ਸਾਦਾ ਹੋਵੇ, ਕਾਮ-ਭੜਕਾਊ ਨ ਹੋਵੇ।

4- ਲੋਭ ਅਤੇ ਮੋਹ ਮਨੁੱਖ ਦੀ ਸੋਚ ਨੂੰ ਮਾਇਆ ਦੇ ਪਸਾਰੇ ਨਾਲ ਜਕੜੀ ਰਖਦੇ ਹਨ। ਨਾਮ ਜਪਣ-ਹਾਰੇ ਅੰਦਰ ਸਤਿਗੁਰਾਂ ਦੀ ਮਿਹਰ ਸਦਕਾ ਅਗੰਮੀ ਵੈਰਾਗ ਪੈਦਾ ਹੁੰਦਾ ਹੈ ਜਿਸ ਰਾਹੀਂ ਲੋਭ ਅਤੇ ਮੋਹ ਹੌਲੀ ਹੌਲੀ ਆਪੇ ਟੁਟਦੇ ਹਨ।

ਜਦੋਂ ਗੁਰ ਕਿਰਪਾ ਸਦਕਾ ਸੁਰਤਿ ਜ਼ਰਾ ਹੋਰ ਉਚੀ ਉਠਦੀ ਹੈ ਤਾਂ ਮਨ ਵਿਚ ਸਭਨਾ ਦੀ ਰੇਣੁਕਾ ਅਤੇ ਸਭਨਾ ਦੀ ਚਰਨ ਧੂੜੀ ਪਰਸਨ ਦਾ ਚਾਉ ਉਠਦਾ ਹੈ। ਇਸ ਨਾਲ ਇਕ ਅਜੀਬ ਖੇਡ ਵਰਤਦੀ ਹੈ, ਕਿਸੇ ਦੀ ਨਿੰਦਾ ਚੁਗਲੀ ਆਪਣੇ ਆਪ ਛੁਟ ਜਾਂਦੀ ਹੈ। ਈਰਖਾ, ਤ੍ਰਿਸ਼ਨਾ, ਪਰਾਈ-ਤਾਤ, ਇਹ ਔਗੁਣ ਮਨ ਵਿਚੋਂ ਕੇਵਲ ਗੁਰਮਤਿ ਰਹਿਤ ਉੱਤੇ ਪਹਿਰਾ ਦੇਣ ਨਾਲ ਨਿਕਲ ਜਾਂਦੇ ਹਨ।

ਇਉਂ ਗੁਰ-ਦੀਖਿਅਤ ਹੋਣ, ਭਾਵ ਗੁਰੂ ਵਾਲੇ ਬਣਨ ਲਈ ਅੰਮ੍ਰਿਤ ਛਕਣਾ ਲਾਜ਼ਮੀ ਹੈ। ਜਿਸ ਨੇ ਅਜੇ ਗੁਰੂ ਵਾਲਾ ਬਣਨ ਦਾ ਫੈਸਲਾ ਹੀ ਨਹੀਂ ਕੀਤਾ ਉਸਦਾ ਹਲਤ ਅਤੇ ਪਲਤ ਸਤਿਗੁਰੂ ਜੀ ਕਿਵੇਂ ਸੰਵਾਰਨਗੇ?

**ਸਤਿਗੁਰੁ ਸਿਖ ਕਾ ਹਲਤ ਪਲਤ ਸਵਾਰੈ॥**
**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥** *(ਪੰਨਾ ੨੮੬)*

ਖਾਲਸਾ ਪੰਥ ਨੂੰ ਜੋ ਵਿਚਾਰਧਾਰਾ ਮਿਲੀ ਹੈ, ਜੋ ਸਾਧਨਾ-ਪੱਖ ਇਸ ਨੂੰ ਦ੍ਰਿੜ ਕਰਾਇਆ ਗਿਆ ਹੈ, ਉਹ ਸਰਬ-ਸ੍ਰੇਸ਼ਟ ਹੈ। ਇਹ ਗੱਲ ਤਾਂ ਸਿੱਖ ਉਤੇ ਛੱਡ ਦਿਤੀ ਗਈ ਹੈ ਕਿ ਉਹ ਆਪਣੀ ਬਿਬੇਕ ਬੁਧੀ ਰਾਹੀਂ ਗੁਰਮਤਿ ਰਹਿਤ ਰਹਿਣੀ ਦਾ ਕਿਤਨਾ ਕੁ ਧਾਰਨੀ ਬਣਦਾ ਹੈ। ਪੰਜਾਬੀ ਬੋਲੀ ਦੀ ਅਖਾਣ ਹੈ "ਜਿਤਨਾ ਗੁੜ ਪਾਉ ਉਤਨਾ ਮਿੱਠਾ"। ਸੋ ਜਿਉਂ ਜਿਉਂ ਸਿੱਖ ਦਾ ਇਹ ਸਾਧਨਾ ਪੱਖ ਦਿਨੋ ਦਿਨ ਦ੍ਰਿੜ੍ਹ ਹੁੰਦਾ ਜਾਵੇਗਾ, ਤਿਉਂ ਤਿਉਂ ਉਸ ਨੂੰ ਅੰਤਰ-ਆਤਮੇ ਸਤਿਗੁਰੂ ਜੀ ਦੀ ਬਖ਼ਸ਼ਿਸ਼ ਅਤੇ ਹਜ਼ੂਰੀ ਮਹਿਸੂਸ ਹੋਵੇਗੀ। ਮਨ ਸਦਾ ਅਗੰਮੀ ਖੇੜ੍ਹੇ ਵਿਚ, ਇਕ ਚਾਉ ਉਮਾਹ ਵਿਚ ਨਾਮ ਦੇ ਰਸ ਨੂੰ ਮਾਣਦਾ ਤੁਰਿਆ ਜਾਏਗਾ ਜਦੋਂ ਨਾਮ ਦਾ ਰਸ ਆਉਣ ਲੱਗ ਜਾਂਦਾ ਹੈ ਉਦੋਂ ਦੁਨਿਆਵੀ ਰਸ-ਕਸ ਫਿਕੇ ਜਿਹੇ ਲਗਣ ਲੱਗ ਜਾਂਦੇ ਹਨ। ਫਿਰ ਇਨ੍ਹਾਂ ਵਲ ਰੁਚੀ ਜਾਂਦੀ ਹੈ ਨਹੀਂ

**ਜਾ ਕਉ ਰਸੁ ਹਰਿ ਰਸੁ ਹੈ ਆਇਓ॥**
**ਸੋ ਅਨ ਰਸ ਨਾਹੀ ਲਪਟਾਇਓ॥**

*(ਗਉੜੀ ਮ:੫, ਅੰਕ ੧੮੬)*

ਰਾਗ ਸੂਹੀ ਮ: ੧
ਅੰਤਰਿ ਵਸੈ ਨ ਬਾਹਰਿ ਜਾਇ ॥
ਅੰਮ੍ਰਿਤ ਛੋਡਿ ਕਾਹੇ ਬਿਖੁ ਖਾਇ ॥੧॥
ਐਸਾ ਗਿਆਨੁ ਜਪਹੁ ਮਨ ਮੇਰੇ ॥
ਹੋਵਹੁ ਚਾਕਰ ਸਾਚੇ ਕੇਰੇ ॥੧॥ ਰਹਾਉ ॥
ਗਿਆਨੁ ਧਿਆਨੁ ਸਭੁ ਕੋਈ ਰਵੈ ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥੨
ਸੇਵਾ ਕਰੇ ਸੁ ਚਾਕਰੁ ਹੋਇ ॥ ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ॥੩
ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥

*(ਪੰਨਾ ੭੨੮)*

◆◆◆

# 9. ਆਗੈ ਚਲਣੁ ਅਉਰ ਹੈ ਭਾਈ

ਭਾਰਤੀ ਕਲਚਰ ਵਿਚ ਜੂਠ ਅਤੇ ਸੁਚ ਦੀ ਵਿਚਾਰ ਸਦੀਆਂ ਪੁਰਾਣੀ ਹੈ। ਕਦੋਂ ਅਤੇ ਕਿਸ ਨੇ ਭਾਰਤ ਵਾਸੀਆਂ ਨੂੰ ਇਸ ਵਹਿਮ ਵਿਚ ਪਾਇਆ? ਇਸ ਬਾਰੇ ਪੱਕੀ ਤਰ੍ਹਾਂ ਕਹਿਣਾ ਕਠਨ ਹੈ, ਪਰ ਮੰਨੂ ਜੀ ਦੇ ਤਿਆਰ ਕੀਤੇ ਵਿਧਾਨ ਅਨੁਸਾਰ ਜੰਮਣ ਅਤੇ ਮਰਣ ਸਮੇਂ ਕਿਸੇ ਪਰਿਵਾਰ ਵਿਚ ਇਕ ਕਿਸਮ ਦੀ ਭਿਟ ਜਾਂ ਸੂਤਕ ਦੇ ਕਾਲਪਨਿਕ ਵਿਚਾਰ ਨੇ ਭਾਰਤ ਵਾਸੀਆਂ ਅੰਦਰ ਇਕ ਅਜੀਬ ਵਹਿਮ ਦਾ ਪ੍ਰਚਾਰ ਕੀਤਾ। ਕਿਸੇ ਵਿਅਕਤੀ ਜਾਂ ਪਰਿਵਾਰ ਨੂੰ ਦੇਵੀ ਦੇਵਤਿਆਂ ਦੇ ਪੂਜਨ ਲਈ ਕਦੋਂ ਸੂਤਕ ਅਪਵਿਤਰ ਬਣਾ ਦਿੰਦੀ ਹੈ? ਇਸਤਰੀ ਲਈ ਮਾਹਵਾਰੀ ਭਾਵੇਂ ਇਕ ਕੁਦਰਤੀ ਕ੍ਰਿਆ ਹੈ ਪਰ ਸਮੁਚੀ ਇਸਤਰੀ ਜਾਤੀ ਨੂੰ ਇਸੇ ਕਾਰਣ ਪੂਜਨ ਤੋਂ ਪਰੇ ਰਖਿਆ ਗਿਆ ਹੈ ਕਿਤੇ ਦੇਵੀ ਦੇਵਤੇ ਸੂਤਕੀ ਇਸਤਰੀ ਦੀ ਪੂਜਾ ਤੋਂ ਨਾਰਜ਼ ਨ ਹੋ ਜਾਣ। ਇਹ ਕਹਿਣਾ ਮੁਸ਼ਕਿਲ ਹੈ ਕਿ ਸੱਚਮੁੱਚ ਹਿੰਦੂ ਦੇਵੀ ਦੇਵਤੇ ਇਸ ਕਦਰ ਸੁਚਮੱਤਾ ਦੇ ਹੱਕ ਵਿਚ ਹੁੰਦੇ ਹਨ ਕਿ ਕਿਸੇ ਮਨੁੱਖ ਨੂੰ (ਖਾਸ ਕਰ ਇਸਤਰੀ ਨੂੰ) ਉਸਦੀ ਕੁਦਰਤੀ ਕਿਰਿਆ ਨੂੰ ਵੇਖ ਕੇ ਛੋਟ ਨਹੀਂ ਦਿੰਦੇ? ਜਾਂ ਇਹ ਸਭ ਕੁਝ ਬ੍ਰਾਹਮਣਾ ਦੇ ਪੁਜਾਰੀ ਵਰਗ ਦੀ ਆਪਣੀ ਕਾਢ ਹੈ। ਚਾਹੇ ਕਾਰਣ ਕੁਝ ਵੀ ਹੋਵੇ ਸਮੁਚੀ ਹਿੰਦੂ ਜਾਤੀ ਅੱਜਤਕ ਬਾਵਜੂਦ ਮਾਡਰਨ ਸਿਖਿਆ ਦੇ ਬ੍ਰਹਮਣ ਵਲੋਂ ਫੈਲਾਏ ਇਸ ਭਰਮ ਜਾਲ ਵਿਰੁੱਧ ਬਗ਼ਾਵਤ ਨਹੀਂ ਕਰ ਸਕੀ।

ਮੰਨੂ ਜੀ ਅਨੁਸਾਰ ਵੱਖੋ ਵੱਖ ਵਰਣ ਦੇ ਲੋਕਾਂ ਵਿਚ ਭਿੱਟ (ਸੂਤਕ) ਵਧਦੀ ਜਾ ਘਟਦੀ ਹੈ, ਜਿਵੇਂ ਮਰਗ ਸਮੇਂ ਬ੍ਰਹਮਣ ਦੇ ਘਰੋਂ ਇਹ ਭਿੱਟ ਕੇਵਲ ਗਿਆਰਾਂ ਦਿਨਾਂ ਵਿਚ ਹੀ ਨਿਕਲ ਜਾਂਦੀ ਹੈ ਕਿਉਂਕਿ ਘਰ ਬ੍ਰਹਮਣ ਦਾ ਹੈ। ਇਸਦੇ ਟਾਕਰੇ ਤੇ ਸ਼ੂਦਰ ਦੇ ਘਰ ਤੋਂ ਇਹੋ ਜੰਮਣ ਮਰਣ ਦੀ ਭਿੱਟ 28 ਦਿਨਾਂ ਤਕ ਨਹੀਂ ਨਿਕਲਦੀ ਕਿਉਂਕਿ ਘਰ ਸ਼ੂਦਰ ਦਾ ਹੈ। ਖਤਰੀ ਦੇ ਘਰ ਤੋਂ ਇਹ 13 ਦਿਨਾਂ ਬਾਅਦ ਆਊਟ ਹੋ ਜਾਂਦੀ ਹੈ ਕਿਉਂਕਿ ਖਤਰੀ ਅਤੇ ਬ੍ਰਹਮਣ ਦਾ ਅੰਦਰ ਖਾਤੇ ਲਿਹਾਜ਼ਦਾਰੀ ਸਮਝੋਤਾ ਹੋਇਆ ਲਗਦੈ। ਵੈਸ਼ ਦੇ ਘਰੋਂ ਭਿੱਟ ਨੂੰ ਖਾਰਜ ਹੁੰਦਿਆ 17 ਕੁ ਦਿਨ ਲਗ ਜਾਂਦੇ ਹਨ। ਅੱਜ ਵੀ ਹਿੰਦੂ ਘਰਾਂ ਵਿਖੇ ਨਵ ਜਨਮੇ ਬੱਚੇ ਦੀ ਮਾਂ ਨੂੰ 11ਵੇਂ ਜਾਂ 13ਵੇਂ ਜਾਂ 17ਵੇਂ ਦਿਨਾਂ ਮਗਰੋਂ ਗਊ ਦੇ ਮੂਤਰ ਨਾਲ ਕੇਸੀ ਇਸ਼ਨਾਨ ਕਰਾਕੇ ਸੂਤਕ ਉਤਾਰਨੀ ਪੈਂਦੀ ਹੈ। ਇਸਦਾ ਮਤਲਬ ਤਾਂ ਇਹ ਹੋਇਆ ਕਿ ਮਨੁੱਖ ਜੋ ਹਮੇਸ਼ਾ ਦੇਵਤਿਆਂ ਆਦਿ ਦੀ ਪੂਜਾ ਕਰਦਾ ਆ ਰਿਹਾ ਹੈ ਉਸ ਲਈ ਇਕ ਪਵਿੱਤਰ ਜਾਨਵਰ (ਗਊ) ਨੂੰ ਘਰ ਵਿਚੋਂ ਹਰ ਕਿਸਮ ਦੀ ਭਿੱਟ ਕਢਣ ਦੇ ਸਮਰਥ ਮੰਨ ਲਿਆ ਗਿਆ। ਜਿਸਨੇ ਕਦੀ ਕਿਸੇ ਦੀ ਪੂਜਾ ਨਹੀਂ ਕੀਤੀ ਅਤੇ ਨਾ ਹੀ ਉਹ ਪਸ਼ੂ ਜੂਨ ਵਿਚ ਪੂਜਾ ਕਰਨ ਦੇ ਆਪ ਕਦੀ ਸਮਰਥ ਹੋ ਸਕਦੀ ਹੈ? ਕੈਸੀ ਹਾਸੋ-ਹੀਣੀ ਵਿਚਾਰ ਹੈ? ਮਹਾਰਾਜ ਨੇ ਇਸ ਹਾਸੋਹੀਣ ਦਸ਼ਾ ਵਲ ਸੰਕੇਤ ਕੀਤੇ "ਗਊ ਬ੍ਰਹਮਣ ਕਉ ਕਰ ਲਾਵਹੁ ਗੋਬਰ ਤਰਣ ਨ ਜਾਈ।" ਭਾਵ ਗਊ ਅਤੇ ਬ੍ਰਹਮਣ ਮਨੁਖ ਜਾਤੀ ਨੂੰ ਮੁਕਤੀ ਨਹੀਂ ਦੇ ਸਕਦੇ।

530 ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸੂਤਕ ਦੀ

ਵਿਚਾਰਧਾਰਾ ਨੇ ਅੱਜ ਨਾਲੋਂ ਕਿਤੇ ਜ਼ਿਆਦਾ ਹਿੰਦੂ ਸਮਾਜ ਨੂੰ ਸ਼ਿਕੰਜੇ ਵਿਚ ਜਕੜਿਆਂ ਹੋਇਆ ਸੀ। ਆਸਾ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਬੜੇ ਤਕੜੇ ਵਿਅੰਗ ਨਾਲ ਇਹ ਸਵਾਲ ਪੁਛਿਆ ਕਿ ਜੇਕਰ ਜੀਵਾਂ ਦੇ ਮਰਣ ਨਾਲ ਸੂਤਕ ਹੋ ਜਾਂਦੀ ਹੈ ਤਾਂ ਤੇ ਬ੍ਹਮਣ ਦੇ ਅਤੇ ਹਰ ਘਰ ਦੀ ਰਸੋਈ ਵਿਚ ਸਹਿਜੇ ਹੀ ਸੂਤਕ ਪ੍ਰਵੇਸ਼ ਕਰ ਜਾਂਦੀ ਹੈ ਕਿਉਂਕਿ ਗੋਹੇ ਅਤੇ ਲਕੜੀ ਨੂੰ ਰਸੋਈ ਵਿਚ ਬਾਲਣ ਵਜੋਂ ਵਰਤਣ ਨਾਲ ਉਹਨਾਂ ਅੰਦਰਲੇ ਕੀੜੇ ਭੀ ਤਾਂ ਮਰ ਹੀ ਜਾਂਦੇ ਹਨ। ਇਸ ਸੂਤਕ ਨੂੰ ਕੌਣ ਕਢੇਗਾ? ਇਸ ਦਾ ਕੋਈ ਜਵਾਬ ਨਹੀਂ ਦਿੱਤਾ ਜਾ ਸਕਿਆ। ਇਸ ਲਈ ਗੁਰੂ ਸਾਹਿਬ ਨੂੰ ਆਪਣੇ ਸਿੱਖਾਂ ਨੂੰ ਉਪਦੇਸ਼ ਦੇ ਕੇ ਸੇਧ ਦਿੱਤੀ:-

**ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥**
**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥**
**ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕ ਸੰਬਹਿ॥**
**ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ॥੩॥**

*(ਮ: ੧, ਪੰਨਾ ੪੭੨-੭੩)*

ਮੰਨੂ ਜੀ ਦੇ ਇਸ ਭਰਮ ਜਾਲ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਬੜੀ ਦਲੇਰੀ ਨਾਲ ਤੋੜਿਆ ਅਤੇ ਆਪਣੇ ਸਿੱਖਾਂ ਨੂੰ ਨਿਸ਼ੰਕ ਹੋ ਕੇ ਇਕ ਅਕਾਲਪੁਰਖ ਦੀ ਆਰਾਧਨਾ ਵਿਚ ਜੋੜਿਆ। ਮਹਾਰਾਜ ਦਾ ਫ਼ੁਰਮਾਨ ਹੈ।

**ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥੧॥** *(ਪੰਨਾ ੪੭੨)*

ਸੂਤਕ ਨੂੰ ਤਾਂ ਗੁਰੂ ਮਹਾਰਾਜ ਨੇ ਭਰਮ ਕਹਿ ਕੇ ਆਪਣੇ ਸਿੱਖਾਂ ਦੇ ਮਨਾਂ ਵਿਚੋਂ ਇਸਦੇ ਡੂੰਘੇ ਭੈ ਨੂੰ ਕੱਢ ਕੇ ਬਾਹਰ ਮਾਰਿਆ ਪਰ ਮਨੁੱਖੀ ਮਨ ਅੰਦਰ ਸੂਤਕ ਵਰਗੀ ਇਕ ਹੋਰ ਭਾਵਨਾ ਗੁਰੂ ਨਾਨਕ ਦੇਵਜੀ ਦੇ ਸਿੱਖਾਂ ਦੇ ਮਨਾਂ ਵਿਚ ਅਜੇ ਤਕ ਲੁਕੀ ਛਿਪੀ ਕਿਤੇ ਕਿਤੇ ਝਲਕਾਰੇ ਮਾਰਦੀ ਹੈ। ਇਸ ਨੂੰ ਇਕ ਨਵਾਂ ਨਾਮ ਦਿੱਤਾ ਗਿਆ ਹੈ ਜੂਠ। ਜੂਠਾ ਅਤੇ ਇਸਦੇ ਉਲਟ ਹੈ ਸੁਚਾ। ਜੂਠੇ ਅਤੇ ਸੁਚੇ ਦੀ ਵਿਚਾਰ ਸਤਿਗੁਰਾਂ ਦੇ ਸਮੇਂ ਭੀ ਬ੍ਹਮਣੀ ਕਲਚਰ ਦੀ ਕੁਸੰਗਤ ਨੇ ਚਲਾਈ ਹੋਈ ਸੀ ਕਿ ਜੇ ਤੁਹਾਡੇ ਗੁਰੂ ਸਾਹਿਬਾਨ ਸੂਤਕ ਨੂੰ ਨਹੀਂ ਮੰਨਦੇ ਤਾਂ ਜੂਠ ਸੁਚ ਨੂੰ ਤਾਂ ਮੰਨਦੇ ਹਨ। ਜੇ ਕਿਸੇ ਦੇ ਜੂਠੇ ਹੱਥ ਸੁਚੇ ਭਾਂਡੇ ਨੂੰ ਲਗ ਜਾਣ ਤਾਂ ਉਹ ਜੂਠਾ ਹੋ ਜਾਂਦਾ ਹੈ ਅਤੇ ਉਸ ਨੂੰ ਸੁਚਾ ਕਰਨ ਲਈ ਗਊ ਦੇ ਗੋਬਰ ਦੀ ਸੁਆਹ ਨਾਲ ਮੁੜ ਕੇ ਮਾਂਜਣ ਨਾਲ ਸੁਚਾ ਹੋ ਜਾਵੇਗਾ? ਗਊ ਦੇ ਗੋਬਰ ਅਤੇ ਮੂਤਰ ਨੂੰ ਸੁਚੇ ਕਰਨ ਦੀ ਵਿਧੀ ਸਤਿਗੁਰੂ ਸਾਹਿਬਾਨ ਨੇ ਤਾਂ ਨਹੀਂ ਸੀ ਘੜੀ ਬਲਕਿ ਇਹ ਤਾਂ ਬ੍ਹਮਣੀ ਕਲਚਰ ਵਿਚੋਂ ਸਮੇਂ ਦੀ ਪ੍ਰਚਲਤ ਰੀਤੀ ਰਿਵਾਜ਼ ਦੀ ਦੇਣ ਹੈ। ਇਹ ਵੱਖਰੀ ਗੱਲ ਹੈ ਅੱਜ ਸ਼ਹਿਰਾਂ ਵਿਚ ਆਮ ਲੋਕੀਂ ਸਟੀਲ ਦੇ ਬਰਤਨ ਕਈ ਪ੍ਰਕਾਰ ਦੇ ਡੀਟੈਰਜੈਂਟਸ ਦੁਆਰਾ ਸਾਫ਼ ਕਰਦੇ ਹਨ। ਪਰ ਪਿੰਡਾਂ ਵਿਚ ਤਾਂ ਸੁਆਹ ਹੀ ਚਲਦੀ ਹੈ।

ਬਚਪਨ ਵਿਚ ਅਸੀਂ ਆਪਣੀਆਂ ਬਜ਼ੁਰਗ ਦਾਦੀਆਂ ਜਾਂ ਮਾਤਾਵਾਂ ਨੂੰ ਉਪਰੋਕਤ ਪ੍ਰਭਾਵ ਹੇਠ ਜੂਠੇ ਬਰਤਨਾਂ ਨੂੰ ਸੁਚਾ ਕਰਨ ਵਿਚ ਬੜੀ ਅਜੀਬ ਵਿੱਧੀ

ਵਰਤਦੇ ਵੇਖਿਆ। ਸ਼ੂਦਰ ਜਾਂ ਮੁਸਲਮਾਨ ਦੇ ਜੂਠੇ ਕੀਤੇ ਬਰਤਨਾਂ ਨੂੰ ਉਹਨਾਂ ਤੋਂ ਸਾਫ਼ ਮੰਜਵਾ ਕੇ ਚੌਂਕੇ ਤੋਂ ਬਾਹਰ ਰਖ ਦਿੱਤੇ ਜਾਂਦੇ ਅਤੇ ਉਹਨਾਂ ਵਿਚ ਅੰਗਾਰੇ ਜਾਂ ਮਘਦੇ ਗੋਹੇ ਨੂੰ ਪਾਇਆ ਜਾਂਦਾ ਤਾਂ ਕਿ ਅਗਨ ਦੇਵਤਾ ਇਹਨਾਂ ਜੂਠੇ ਭਾਂਡਿਆਂ ਵਿਚ ਚਰਨ ਪਾ ਜਾਵੇ ਤਾਂ ਇਹ ਸੁਚੇ ਹੋ ਜਾਣਗੇ। ਅਸੀਂ ਹੱਸ ਛਡਦੇ ਸਾਂ, ਪਰ ਹੈ ਸੀ ਤਾਂ ਇਹ ਭਰਮ ਹੀ। ਜੂਠੇ ਅਤੇ ਸੁਚੇ ਵਿਚਕਾਰ ਕਿਥੇ ਲਕੀਰ ਖਿਚੀ ਜਾਏ? ਇਹ ਵਿਚਾਰ ਕਰਨ ਯੋਗ ਗੱਲ ਹੈ। ਜੇ ਤਾਂ ਗੋਹੇ ਦੀ ਸੁਆਹ ਅਤੇ ਅਗਨ ਦੇਵਤੇ ਵਾਲੀ ਵਿੱਧੀ ਨਾਲ ਜੂਠੇ ਨੂੰ ਸੁਚਾ ਕਰਨਾ ਪ੍ਰਵਾਨ ਕਰਦੇ ਹੋ ਤਾਂ ਤੁਸੀਂ ਬ੍ਰਹਮਣੀ ਕਲਚਰ ਨੂੰ ਮੰਨੋ ਭਾਵੇਂ ਨਾ ਮੰਨੋ ਆਪਣੇ ਧੁਰਅੰਦਰ ਇਸ ਨੂੰ ਥਾਂ ਦੇ ਰਖੀ ਹੈ। ਅੱਜ ਭਾਵੇਂ ਕਈ ਪ੍ਰਕਾਰ ਦੇ ਡੀਟੈਰਜੈਂਟ ਆ ਗਏ ਹਨ, ਪਰ ਪਿੰਡਾਂ ਵਿਚ ਅਜੇ ਭੀ ਸੁਆਹ ਨਾਲ ਬਰਤਨ ਸਾਫ਼ ਕੀਤੇ ਜਾਂਦੇ ਹਨ। ਗੁਰਬਾਣੀ ਤੋਂ ਅਨਜਾਣ ਲੋਕ ਅਜੇ ਭੀ ਜੂਠ ਸੁਚ ਦਾ ਭਰਮ ਆਪੋ ਆਪਣੀ ਮਰਿਯਾਦਾ ਅਨੁਸਾਰ ਲਈ ਬੈਠੇ ਹਨ, ਜਿਸ ਨੂੰ ਸਤਿਗੁਰਾਂ ਦੀ ਵਿਚਾਰਧਾਰਾ ਨਾਲ ਸੁਧਾਰਿਆ ਜਾ ਸਕਦਾ ਹੈ।

ਜੂਠ ਅਤੇ ਸੁਚ ਵਿਚਕਾਰ ਅੰਤਰ ਨੂੰ ਪੜ੍ਹੇ-ਲਿਖੇ ਲੋਕ ਕੇਵਲ ਅਤੇ ਕੇਵਲ ਸਫ਼ਾਈ ਦੇ ਵਿਚਾਰ ਅਨੁਸਾਰ ਜ਼ਿਆਦਾ ਪ੍ਰਵਾਨ ਕਰਦੇ ਹਨ। ਖਾਣ-ਪੀਣ ਵਾਲੇ ਬਰਤਨਾਂ ਨੂੰ ਕੀਟਾਣੂੰ ਮੁਕਤ ਕਰਨ ਲਈ ਡੀਟੈਰਜੈਂਟ ਅਤੇ ਸਾਫ ਖੁਲ੍ਹਾ ਪਾਣੀ ਹੀ ਵਰਤਣਯੋਗ ਹੈ। ਮਾਡਰਨ ਸੰਕਲਪ ਇਥੇ ਆ ਕੇ ਟਿੱਕ ਗਿਆ ਹੈ ਕਿ ਜੂਠੇ ਬਰਤਨਾਂ ਉਤੇ ਅਦ੍ਰਿਸ਼ਟ ਕੀਟਾਣੂਆਂ ਦੇ ਹਮਲੇ ਦੀ ਸੰਭਾਵਨਾ ਸੁਚੇ ਪਏ ਬਰਤਨਾਂ ਨਾਲੋਂ ਕਿਤੇ ਜ਼ਿਆਦਾ ਹੋ ਸਕਦੀ ਹੈ। ਇਉਂ ਕਿਸੇ ਮਰੀਜ਼ ਦੇ ਲੱਥੇ ਕਪੜੇ, ਉਸਦੇ ਬਿਸਤਰ ਲਈ ਵਰਤੋਂ ਵਿਚ ਲਿਆਂਦਿਆਂ ਚਦਰਾਂ, ਗ਼ਿਲਾਫ਼, ਆਦਿ ਜੂਠੇ ਮੰਨੇ ਜਾ ਸਕਦੇ ਹਨ ਅਤੇ ਸਵੱਛ ਜਾਂ ਸੁਚੇ ਬਸਤਰ ਉਹੀ ਮੰਨੇ ਜਾਣਗੇ ਜਿਨ੍ਹਾਂ ਨੂੰ ਡੀਟੈਰਜੈਂਟ ਪਾ ਕੇ ਮਸ਼ੀਨਾਂ ਰਾਹੀਂ ਧੋਇਆ ਗਿਆ ਹੋਵੇ। **ਮਾਡਰਨ ਸਾਇੰਸ ਨੇ ਬ੍ਰਹਮਣੀ ਕਲਚਰ ਵਾਲੇ ਜੂਠ ਅਤੇ ਸੁਚ ਦੇ ਵਿਚਾਰ ਨੂੰ ਕੋਹਾਂ ਪਿਛੇ ਛੱਡ ਦਿੱਤੈ। ਗੁਰਮਤਿ ਬਾਹਰਲੀ ਸੁਚ ਨਾਲੋਂ ਅੰਤਰ ਆਤਮੇ ਦੀ ਸੁਚ ਨੂੰ ਹਮੇਸ਼ਾ ਚੰਗਾ ਦਸਦੀ ਆਈ ਹੈ।**

**ਮਨਿ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥**
**ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥੧॥੪॥੧**

*(ਪੰਨਾ ੫੫੮)*

ਇਹੋ ਜੇਹੀ ਸੁਚਮਤਾ ਉਤੇ ਜ਼ੋਰ ਦੇਣ ਵਾਲੇ ਗੁਰੂ ਕੇ ਪਿਆਰਿਆਂ ਨੂੰ ਬੇਨਤੀ ਹੈ ਕਿ ਉਹ ਗੁਰਬਾਣੀ ਵਿਚ ਇਸ ਪਰਥਾਏ ਸਾਹਿਬਾਂ ਦੇ ਹੁਕਮਾਂ ਨੂੰ ਧਿਆਨ ਵਿਚ ਰਖਣ। ਆਸਾ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:-

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥**
**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥**

*(ਆਸਾ ਮ:੧, ਪੰਨਾ ੪੭੨)*

ਸੁਚਮਤਾ ਰਖਣਾ ਸਿਹਤ ਦੇ ਅਸੂਲਾਂ ਅਨੁਸਾਰ ਬੜੀ ਚੰਗੀ ਗੱਲ ਹੈ, ਪਰ ਜੇ ਅਸੀਂ ਸੁਚਮਤਾ ਦੇ ਪਹਿਰੇਦਾਰ ਬਣਕੇ—ਭਾਵ ਸੂਚਾਚਾਰੀ ਬਣਕੇ ਇਸ ਕਦਰ ਵਹਿਮੀ ਬਣ ਕੇ ਜੀਵਨ ਬਤੀਤ ਕਰਦੇ ਹਾਂ ਤਾਂ ਸਾਡੀ ਸੋਚ ਵਿਚ ਬਾਕੀ ਸਾਰੀ ਮਨੁੱਖ ਜਾਤੀ ਨਰਕਾਂ ਦੇ ਅਧਿਕਾਰੀ ਹੀ ਦਿਸਣ ਲਗੇਗੀ। ਇਸ ਸੋਚ ਦਾ ਆਧਾਰ ਸੂਖਮ ਹਉਮੈਂ ਹੈ। ਇਹੋ ਜੇਹਾ ਸੂਚਾਚਾਰੀ ਨਾਮ ਤੋਂ ਸਖਣਾ ਹੱਥ ਅਤੇ ਬਰਤਨ ਹੀ ਮਾਂਜਦਾ ਫਿਰਦਾ ਹੁੰਦਾ ਹੈ। ਜਦੋਂਕਿ ਗੁਰ-ਫੁਰਮਾਨ ਤਾਂ ਇਹ ਹੈ:-

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥**

*(ਰਾਮਕਲੀ ਮ: ੩, ਪੰਨਾ ੯੧੯)*

ਸੂਚਾਚਾਰੀ ਦੀ ਵਿਆਖਿਆ ਭੀ ਗੁਰਬਾਣੀ ਵਿਚੋਂ ਮਿਲਦੀ ਹੈ:-

**ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ॥**

**ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ॥੩॥੪॥੧੬**

*(ਪ੍ਰਭਾਤੀ ਮ:੧, ਪੰਨਾ ੧੩੩੨)*

ਭਾਵ ਜਿਨ੍ਹਾਂ ਦੀ ਸ਼ਬਦ ਰਾਹੀਂ ਲਿਵ ਲਗ ਗਈ ਕੇਵਲ ਉਹੀ ਸੂਚਾਚਾਰੀ ਹੋ ਸਕਦੇ ਹਨ ਅਤੇ ਉਹ ਦਰਗਾਹ ਵਿਚ ਪ੍ਰਵਾਨ ਹੁੰਦੇ ਹਨ। ਹੰਕਾਰੀ ਸੂਚਾਚਾਰੀ ਦਾ ਗੁਰਮਤਿ ਅਤੇ ਗੁਰੂ ਘਰ ਵਿਚ ਕੋਈ ਥਾਂ ਨਹੀਂ ਹੈ

ਅਹੰਕਾਰ ਕਈ ਪ੍ਰਕਾਰ ਦਾ ਹੁੰਦਾ ਹੈ। ਕਈ ਵਾਰੀ ਇਸਦਾ ਪ੍ਰਗਟ ਰੂਪ ਦਿਸਦਾ ਹੈ ਜਿਵੇਂ ਜੋਬਨ ਅਤੇ ਜ਼ਾਤ ਦਾ ਅਭਿਮਾਨ, ਹਕੂਮਤ ਦਾ ਨਸ਼ਾ, ਧਨ-ਦੌਲਤ ਅਤੇ ਪ੍ਰਭਤਾ ਦਾ ਮਾਣ। ਪਰ ਅਹੰਕਾਰ ਦਾ ਸੂਖਮ ਸਰੂਪ ਭੀ ਹੁੰਦਾ ਹੈ ਜਿਵੇਂ ਤਪੱਸਵੀ ਨੂੰ ਆਪਣੇ ਤੱਪ ਦਾ ਸੂਖਮ ਜਿਹਾ ਅਹੰਕਾਰ ਹੁੰਦਾ ਹੈ। ਧਰਮੀ ਜਨ, ਭਗਤ ਜਨ, ਦਾਨੀ ਸਜਨ, ਪਰਉਪਕਾਰੀ ਸਜਨ, ਮਾਡਰਨ "ਸੰਤਾਂ" "ਮਹਾਂਪੁਰਖਾਂ" ਅੰਦਰ ਇਸ ਦਾ ਸੂਖਮ ਸਰੂਪ ਅੰਤਮ ਸੁਆਸਾਂ ਤਕ ਨਾਲ ਰਹਿੰਦਾ ਹੈ। ਇਹ ਤਾਂ ਕਿਤੇ ਗੁਰੂ ਪਾਤਸ਼ਾਹ ਹੀ ਮਿਹਰ ਕਰਨ ਤਾਂ ਹੀ ਇਸ ਤੋਂ ਛੁਟਕਾਰਾ ਮਿਲਦਾ ਹੈ ਨਹੀਂ ਤਾਂ ਧਰਮੀ ਮਨੁੱਖ ਭੀ ਆਪਣੇ ਧਰਮੀ ਹੋਣ ਦੇ ਸੂਖਮ ਅਹੰਕਾਰ ਸਹਿਤ ਇਸ ਸੰਸਾਰ ਤੋਂ ਚਲਾ ਜਾਂਦਾ ਹੈ।

ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਦੀ ਇਕ ਲਿਖਤ ਨੂੰ ਪੜ੍ਹ ਕੇ ਹੈਰਾਨੀ ਹੋਈ ਜਿਸਨੂੰ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ:-

"ਖੰਡੇ ਬਾਟੇ ਦਾ ਅੰਮ੍ਰਿਤ ਜਿਸ ਦੇ ਮੂੰਹ ਵਿਚ ਪੈ ਜਾਂਦਾ ਹੈ ਉਹ ਅੰਮ੍ਰਿਤਧਾਰੀ ਦਸ ਹਜ਼ਾਰ ਸਾਲ ਤਕ ਗਲਤੀਆਂ ਕਰੀ ਜਾਣ ਤੇ ਭੀ ਸਿੱਖਾਂ ਦੇ ਘਰ ਹੀ ਜਨਮ ਲਵੇਗਾ। ਦਸ਼ਮੇਸ਼ ਜੀ ਉਸ ਨੂੰ ਨਰਕਾਂ ਵਿਚ ਨਹੀਂ ਪੈਣ ਦਿੰਦੇ।" (ਪੰਨਾ ੧੫੧, ਗੁਰਮਤਿ ਰਹਿਤ ਮਰਯਾਦਾ ਰਚਿਤ ਗਿ: ਗੁਰਬਚਨ ਸਿੰਘ ਖਾਲਸਾ ਨਵਾਂ ਐਡੀਸ਼ਨ)

ਮੈਨੂੰ ਯਾਦ ਹੈ ਸੰਤ ਜਰਨੈਲ ਸਿੰਘ ਭੀ ਆਪਣੇ ਸੰਗੀ ਸਾਥੀਆਂ ਨੂੰ ਖਾਲਿਸਤਾਨ ਦੀ ਪ੍ਰਾਪਤੀ ਲਈ ਲੋੜ ਪੈਣ ਤੇ ਸਿੱਖੀ ਸਰੂਪ ਨੂੰ ਤਿਆਗ ਕੇ ਰੂ-

ਪੇਸ਼ ਹੋਣ ਦੀ ਸਲਾਹ ਦਿੰਦੇ ਹੁੰਦੇ ਸੀ। ਉਪਰੋਕਤ ਦੋਵੇਂ ਸੰਤਾਂ ਦੀ ਸਿਖਿਆ ਦਾ ਨਤੀਜਾ ਇਹ ਹੋਇਆ ਕਿ ਇਹਨਾਂ ਦੇ ਬੇਅੰਤ ਸੰਗੀ ਸਾਥੀ ਸਿਰ-ਮੂੰਹ ਮੁਨਾ ਕੇ ਵਿਦੇਸ਼ਾਂ ਵਿਚ ਜਾ ਲੁਕੇ। ਕਿਸੇ ਦੀ ਕੋਈ ਗਰੰਟੀ ਕਿਵੇਂ ਲਈ ਜਾ ਸਕਦੀ ਹੈ? ਅੱਗੇ ਤਾਂ ਸਾਡੀ ਕਰਣੀ-ਕੀਰਤ ਨੂੰ ਹੀ ਵਾਚਿਆ ਜਾਣਾ ਹੈ। ਸੰਤਾਂ ਮਹਾਂਪੁਰਖਾਂ ਦੀਆਂ ਇਹੋ ਜੇਹੀਆਂ ਗੱਲਾਂ ਵਿਚੋਂ ਸੂਖਮ ਹਉਮੈਂ ਦੀ ਬੂ ਆਉਂਦੀ ਹੈ। ਦਸਵੇਂ ਪਾਤਸ਼ਾਹ ਨੇ ਖੁਲ੍ਹੇ ਆਮ ਐਲਾਨ ਕਰ ਦਿੱਤਾ ਹੋਇਆ ਸੀ।

**ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ॥**

*(ਰਹਿਤ ਨਾਮ ਭਾਈ ਨੰਦ ਲਾਲ ਜੀ)*

ਸਤਿਗੁਰੂ ਸਾਹਿਬਾਨ ਨੇ ਤਾਂ ਬ੍ਰਹਮਣੀ ਕਲਚਰ ਵਲੋਂ ਧਰਮ ਦੇ ਅੰਗ ਵਜੋਂ ਪ੍ਰਚਲਤ ਕੀਤੇ ਗਏ ਹਰ ਪ੍ਰਕਾਰ ਦੇ ਕਰਮ-ਕਾਂਡ ਨੂੰ ਫੋਕਟ ਕਰਮ ਦਾ ਨਾਮ ਦਿਤਾ ਪਰ ਸਮੇਂ ਦੇ ਬੀਤਣ ਨਾਲ ਅਜ ਸਿੱਖ ਧਰਮ ਵਿਚ ਧਰਮ ਦੇ ਇਕ ਮਹਤੱਵਪੂਰਨ ਅੰਗ ਵਜੋਂ ਸੁਚਮਤਾ ਦਾ ਕਰਮ-ਕਾਂਡ ਉਭਰ ਰਿਹਾ ਹੈ। ਇਹਨਾਂ ਫੋਕੇ ਕਰਮ ਕਾਂਡਾਂ ਬਾਰੇ ਸਤਿਗੁਰੂ ਜੀ ਫੁਰਮਾਉਂਦੇ ਹੋਏ ਚਿਤਾਵਨੀ ਦਿੰਦੇ ਹਨ:-

**ਬਰਤ ਨੇਮ ਸੰਜਮ ਮਹਿ ਰਹਤਾ ਤਿਨਕਾ ਆਢੁ ਨ ਪਾਇਆ॥**
**ਆਗੈ ਚਲਣੁ ਅਉਰ ਹੈ ਭਾਈ ਊਹਾ ਕਾਮ ਨ ਆਇਆ॥**

*(ਗਉੜੀ ਮ:੫, ਪੰਨਾ ੨੧੬)*

ਕਬੀਰ ਜੀ ਨੇ ਵੀ ਸੂਚਾਚਾਰੀਆਂ ਨੂੰ ਖਰੀਆਂ ਖਰੀਆਂ ਸੁਣਾਈਆਂ ਹਨ:-

**ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ॥**
**ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ॥**
**ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ॥**
**ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ॥੩॥੪॥੨**

*(ਆਸਾ ਕਬੀਰ ਜੀ ਪੰਨਾ ੪੭੬)*

ਅਤੇ ਇਹੋ ਜਿਹੇ ਪ੍ਰਮਾਣ ਗੁਰਬਾਣੀ ਵਿਚ ਕਈ ਥਾਂ ਅੰਕਿਤ ਮਿਲਦੇ ਹਨ ਕਿ ਆਪੂੰ ਸਹੇੜੇ ਵਰਤ, ਨੇਮ, ਸੁਚ-ਸੰਜਮ ਆਦਿ ਦਾ ਪ੍ਰਭੂ ਪ੍ਰਾਪਤੀ ਜਾਂ ਸਚਖੰਡ ਨਾਲ ਕੋਈ ਸੰਬੰਧ ਨਹੀਂ ਹੈ, ਕਿਉਂਕਿ ਅਕਾਲਪੁਰਖ ਜੀ ਦੀ ਦਰਗਾਹ ਅੰਦਰ ਦਾਖਲ ਹੋਣ ਦੇ ਅਧਿਕਾਰੀ ਬਣਨ ਲਈ ਨਾਮ ਦੀ ਅਤੁੱਟ ਕਮਾਈ ਅਤੇ ਗੁਰਪ੍ਰਸਾਦਿ ਦੀ ਲੋੜ ਹੈ। ਗੁਰਪ੍ਰਸਾਦਿ ਪ੍ਰਾਪਤ ਕਰਨ ਲਈ ਆਪਣੀ ਹਉਮੈਂ ਨੂੰ ਜ਼ੀਰੋ ਡਿਗਰੀ ਤੇ ਲਿਆਉਣਾ ਜ਼ੂਰਰੀ ਹੈ। ਅੰਤਰ ਆਤਮੇ ਪੂਰਨ ਸਮਰਪਨ ਹੋਵੇ, ਪੰਜਾਂ ਦੋਖਾਂ ਅਤੇ ਪੰਜੇ ਦੋਖੀਆਂ ਤੋਂ ਆਜ਼ਾਦ ਹੋਣਾ ਲਾਜ਼ਮੀ ਹੈ। ਬਾਹਰਲੇ ਸੰਜਮ ਕਿਸ ਹੱਦ ਤਕ ਪੂਰਨ ਸਮਰਪਣ ਵਿਚ ਸਾਡੀ ਸਹਾਇਤਾ ਕਰਦੇ ਹਨ? ਇਹ ਨਾਲੋਂ ਨਾਲ ਵੇਖਣਾ ਚਾਹੀਦਾ ਹੈ। ਗੁਰਬਾਣੀ ਕਲਚਰ ਦੁਆਰਾ ਦ੍ਰਿੜ੍ਹ ਕਰਾਈ ਰਹਿਤ ਹਰ ਸਿੱਖ ਲਈ ਅਤਿ ਜ਼ਰੂਰੀ ਹੈ। ਰਹਿਤ ਨੇ ਤਾਂ ਸਿੱਖਾਂ ਨੂੰ ਵਿਕਾਰਾਂ ਤੋਂ ਹਰ ਸਮੇਂ ਮੋੜਨ ਦਾ ਜਤਨ ਕਰਨਾ ਹੈ। ਆਤਮਾ ਦੀ ਖੋਜ ਕਰਨ ਵਾਲੇ ਪਾਂਧੀ ਨੂੰ ਸਦਾ

ਵਿਕਾਰਾਂ ਤੋਂ ਬਚਣਾ ਚਾਹੀਦਾ ਹੈ।

ਹੱਥ ਪੈਰ ਧੋਕੇ ਗੁਰੂ ਮਹਾਰਾਜ ਦਾ ਪਾਠ ਕਰਨਾ ਗੁਰਬਾਣੀ ਦਾ ਸਤਿਕਾਰ ਕਰਨਾ ਹੈ। ਪਰ ਕੋਈ ਇਹੋ ਹੀ ਜ਼ਿੱਦ ਕਰੇ ਕਿ ਅਸੀਂ ਤਾਂ ਕੇਵਲ ਕਛਹਿਰੇ ਪਹਿਨ ਕੇ ਹੀ ਤਾਬਿਆ ਬੈਠਣਾ ਹੈ ਤਾਂ ਅਸੀਂ ਕਿਹੜੀ ਸੁਚ ਦੀ ਪ੍ਰਾਪਤੀ ਕਰ ਰਹੇ ਹੋਵਾਂਗੇ। ਪਜਾਮਾ ਜਾਂ ਪੈਂਟ ਸਾਡੀਆਂ ਜੁਤੀਆਂ ਨਾਲ ਛੋਹ ਕੇ ਗੰਦੇ ਹੋ ਜਾਂਦੇ ਹਨ। ਸਾਨੂੰ ਇਹੋ ਜਿਹੇ ਬਸਤਰ ਮਹਾਰਾਜ ਦੀ ਤਾਅਬਿਆ ਬੈਠਣ ਲਗਿਆਂ ਉਤਾਰ ਦੇਣੇ ਹੀ ਠੀਕ ਹਨ। ਇਸ ਨਾਲੋਂ ਜ਼ਿਆਦਾ ਚੰਗਾ ਇਹ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਦੀ ਸੇਵਾ ਕਰਨ ਲਗਿਆਂ ਸਾਫ ਸੁਥਰੇ ਬਸਤਰ ਵਖਰੇ ਰਖੇ ਜਾਣ। ਅੱਜ ਭੀ ਕਈ ਸੰਤ ਮਹਾਂਪੁਰਖ ਇਹ ਪ੍ਰਚਾਰਦੇ ਹਨ ਕਿ ਬੀਬੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਅਬੇ ਬੈਠਣਾ ਹੀ ਨਹੀਂ ਚਾਹੀਦਾ ਕਿਉਂਕਿ ਉਹੁ ਕਿਸ ਸਮੇਂ ਭੀ ਮਾਹਵਾਰੀ ਕਾਰਣ ਅਪਵਿਤਰ ਹੋ ਸਕਦੇ ਹਨ। ਉਹਨਾਂ ਦੀ ਇਹ ਦਲੀਲ ਬ੍ਰਹਮਣੀ ਕਲਚਰ ਵਿਚੋਂ ਆਈ ਹੈ। ਬ੍ਰਾਹਮਣ ਨੇ ਹਿੰਦੂ ਇਸਤਰੀਆਂ ਨੂੰ ਭੀ ਪਾਠ-ਪੂਜਨ ਤੋਂ ਇਸੇ ਲਈ ਵਰਜਿਆ ਹੋਇਆ ਹੈ। ਹਰ ਸਿੱਖ ਬੀਬੀ ਇਸੇ ਗਲੇ ਸੁਚੇਤ ਹੋ ਕੇ ਸ਼ਰਧਾ ਭਾਵਨੀ ਸਹਿਤ ਪਾਠ ਕਰੇ। ਗੁਰੂ ਮਹਾਰਾਜ ਨੇ ਸਿੱਖ ਬੀਬੀਆਂ ਨੂੰ ਬਰਾਬਰ ਦਾ ਦਰਜਾ ਦੇ ਕੇ ਉਹਨਾਂ ਦਾ ਸਹੀ ਸਨਮਾਨ ਕੀਤੈ।

ਅਖੰਡ ਕੀਰਤਨੀ ਜੱਥੇ ਦੇ ਮੋਢੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਤਿਆਰ-ਬਰ-ਤਿਆਰ ਸਿੰਘਣੀਆਂ ਨੂੰ ਕੀਰਤਨ ਦੇ ਦੀਵਾਨਾਂ ਵਿਚ ਸਟੇਜ ਤੇ ਕੀਰਤਨ ਕਰਨ ਦੀ ਨਵੀਂ ਪਿਰਤ ਪਾਈ। ਭਾਈ ਵੀਰ ਸਿੰਘ ਜੀ ਦੇ ਪ੍ਰਚਾਰ ਨਾਲ ਬੀਬੀਆਂ ਘਰ ਘਰ ਸ੍ਰੀ ਸੁਖਮਨੀ ਸਾਹਿਬ ਦੇ ਦੀਵਾਨ ਸਜਾ ਕੇ ਇਸਤਰੀ ਸਤਿਸੰਗ ਵਿਚ ਕੀਰਤਨ ਕਰਨ ਲਗ ਪਈਆਂ। ਬ੍ਰਹਮਣੀ ਕਲਚਰ ਦੇ ਸੂਤਕ ਦੇ ਸਿਧਾਂਤ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਰੱਦ ਕਰਨ ਵਿਚ ਜੋ ਅਮਲੀ ਕਦਮ ਚੁਕੇ ਉਹ ਖਾਲਸਾ ਪੰਥ ਲਈ ਗੌਰਵਮਈ ਹਨ। ਹੁਣ ਇਸ ਜੱਥੇ ਦੀਆਂ ਸਿੰਘਣੀਆਂ ਸ੍ਰੀ ਅਖੰਡਪਾਠ ਦੀ ਰੌਲ ਦੇਂਦੀਆਂ ਹਨ,ਅਤੇ ਕੀਰਤਨ ਸਮਾਗਮਾਂ ਵਿਚ ਕੀਰਤਨ ਕਰਕੇ ਸੰਗਤ ਅਤੇ ਗੁਰੂ ਕੀਆਂ ਖ਼ੁਸ਼ੀਆਂ ਲੈਂਦੀਆਂ ਹਨ। ਐਵੇਂ ਵਹਿਮ ਭਰਮ ਕਰਕੇ ਬੀਬੀਆਂ ਨੂੰ ਪਾਠ ਅਤੇ ਕੀਰਤਨ ਤੋਂ ਰੋਕਣਾ ਨਹੀਂ ਚਾਹੀਦਾ। ਪੁਜਾਰੀਆਂ ਦੀ ਬਣਾਈ ਮਰਯਾਦਾ ਅਨੁਸਾਰ ਬੀਬੀਆਂ ਨੂੰ ਅੱਜ ਤੱਕ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ਼ਬਦ ਪੜ੍ਹਨ ਦੀ ਆਗਿਆ ਨਹੀਂ ਸੀ ਭਾਵੇਂ ਬਹੁਤ ਸਾਰੇ ਗੁਰਦੁਆਰਿਆਂ ਵਿਚ ਇਸ ਕਿਸਮ ਦੀ ਕੋਈ ਮਨਾਹੀ ਨਹੀਂ। 21ਵੀਂ ਸ਼ਤਾਬਦੀ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਨੇ ਬੀਬੀਆਂ ਨੂੰ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਦੀ ਖੁਲ ਦੇ ਦਿੱਤੀ ਹੈ।

ਗੁਰੂ ਕੇ ਲੰਗਰ ਵਿਖੇ ਸੁੱਚਮਤਾ ਅਤੇ ਸਵੱਛਤਾ ਦੀ ਆਪਣੀ ਮਰਯਾਦਾ ਗੁਰੂ ਸਾਹਿਬਾਨ ਦੇ ਸਮਿਆਂ ਤੋਂ ਚਲੀ ਆਉਂਦੀ ਹੈ। ਅੱਜ ਭਾਵੇਂ ਕਿਤੇ ਕਿਤੇ ਕੁਝ ਉਕਾਈਆਂ ਨਜ਼ਰੀਂ ਪੈਂਦੀਆਂ ਹਨ ਜਿਨ੍ਹਾਂ ਨੂੰ ਮਿਲ ਬੈਠ ਕੇ ਦੂਰ ਕਰ ਲੈਣਾ ਚਾਹੀਦਾ ਹੈ, ਜਿਵੇਂ ਮਿਸਾਲ ਵਜੋਂ ਖਾਲਸਾ ਜੀ ਦੀ ਸਿਰਜਨਾ ਤੋਂ ਪਹਿਲਾਂ ਭੀ

ਤੇ ਮਗਰੋਂ ਭੀ ਗੁਰੂ ਕੇ ਸਿੱਖ ਜਾਂ ਸਿੰਘ ਹੀ ਲੰਗਰ ਸਜਾਉਂਦੇ ਹੁੰਦੇ ਸਨ। ਪਰ ਹੁਣ ਤੇ ਕਿਤੇ ਸਿਰ ਗੁੰਮ ਬੇ-ਅੰਮ੍ਰਿਤਈਏ ਲੰਗਰ ਦੀ ਸੇਵਾ ਵਿਚ ਵੇਖੀਦੇ ਹਨ (ਖਾਸ ਰਕੇ ਡੇਰਿਆਂ ਵਿਚ) ਇਸ ਉੱਤੇ ਪੰਥਕ ਤੌਰ ਤੇ ਵਿਚਾਰ ਹੋਣੀ ਚਾਹੀਦਾ ਹੈ।

ਜੇ ਭਾਈ ਨੰਦ ਲਾਲ ਜੀ ਦੇ ਲੰਗਰ ਉੱਤੇ ਦਸਮਪਾਤਸ਼ਾਹ ਅਤਿ ਪ੍ਰਸੰਨ ਏ ਸਨ ਤਾਂ ਉਹ ਚਰਨ-ਪਹੁਲ-ਧਾਰੀ ਸਿੱਖ ਤਾਂ ਸਨ ਹੀ, ਨਾਲੇ ਉਹਨਾਂ ਦੇ ਗਰ ਅੰਦਰ ਸਵੱਛਤਾ, ਨਿਮਰਤਾ,ਅਤੇ ਸੇਵਾ ਭਾਵਨਾ ਨੇ ਗੁਰਦੇਵ ਪਿਤਾ ਦਾ ਨ ਮੋਹ ਲਿਆ ਸੀ। ਅੱਜ ਹਰ ਅੰਮ੍ਰਿਤਧਾਰੀ ਸਿੰਘ ਸਿੰਘਣੀ ਨੂੰ ਗੁਰੂ ਕੇ ਲੰਗਰ ਜਾਉਣ ਦੀ ਖੁਲ੍ਹ ਹੋਣੀ ਚਾਹੀਦੀ ਹੈ ਭਾਵੇਂ ਉਸ ਨੇ ਕਿਤੋਂ ਅੰਮ੍ਰਿਤ ਦੀ ਦਾਤ ਾਪਤ ਕਰਕੇ ਤਿਆਰ-ਬਰ-ਤਿਆਰ ਹੋਇਆ ਹੋਵੇ। ਕਿਸੇ ਗੁਰੂ ਕੇ ਸਿੰਘ ਜਾਂ ਬੀਬੀ ਨੂੰ ਲੰਗਰ ਦੀ ਸੇਵਾ ਤੋਂ ਨਹੀਂ ਹਟਾਉਣਾ ਚਾਹੀਦਾ ਜੇ ਉਹ ਪਤਤ ਨਹੀਂ। ਕਸੇ ਦਾ ਦਿਲ ਦੁਖਾਉਣ ਤੋਂ ਗੁਰਬਾਣੀ ਹਰ ਪ੍ਰਾਣੀ ਨੂੰ ਵਰਜਦੀ ਹੈ ਪਰ ਲੰਗਰ ਦੇ ਖ ਸੇਵਾਦਾਰ ਨੂੰ ਖਾਸ ਤੌਰ ਤੇ ਖਿਆਲ ਰਖਣਾ ਬਣਦਾ ਹੈ।

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥੧੩੦॥**

*(ਸਲੋਕ ਫਰੀਦ ਜੀ-ਪੰਨਾ-੧੩੮੪)*

ਸਭ ਪ੍ਰਾਣੀਆਂ ਵਿਚ ਅਕਾਲਪੁਰਖ ਦਾ ਵਾਸ ਹੈ। ਸੇਵਾ ਕਰਦਿਆਂ ਸਦਾ ਇਸ ਗੱਲ ਵਲ ਧਿਆਨ ਰਖਣਾ ਚਾਹੀਦਾ ਹੈ। ਕੌੜੇ ਬੋਲ ਬੋਲਣ ਵਾਲੇ ਨੂੰ ਹਾਰਾਜ ਨੇ ਮੂਰਖ ਆਖਿਆ ਹੈ ਅਤੇ ਦਰਗਾਹ ਵਿਚ ਉਸ ਨੂੰ ਮਾਰ ਪੈਂਦੀ ਹੈ।

**ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥੧॥** *(ਪੰਨਾ ੪੭੩)*

ਅਜ ਖਾਲਸੇ ਦੇ 300 ਸਾਲਾ ਜਸ਼ਨ ਮਨਾਉਣ ਦਾ ਸਿੱਖ ਸੰਗਤਾਂ ਆਪੋ ਾਪਣੇ ਢੰਗ ਨਾਲ ਉਪਰਾਲਾ ਕਰ ਰਹੀਆਂ ਹਨ। ਪਰ ਗੁਰੂ ਪੰਥ ਦਾ ਉਹ ਸਰੂਪ ਂ 300 ਸਾਲ ਪਹਿਲਾਂ ਬਣਾਇਆ ਗਿਆ ਸੀ, ਅੱਜ ਉਹ ਕਈ ਰੂਪ ਧਾਰਨ ਕਰੀ ਦਸਦਾ ਹੈ। ਸਤਿਗੁਰਾਂ ਨੇ ਪੰਥ ਨੂੰ ਬ੍ਰਹਮਣੀ ਮਰਯਾਦਾ ਤੋਂ ਕੱਢ ਕੇ ਇਕੋ ਗੁਰਮਤਿ ਰਯਾਦਾ ਬਖ਼ਸ਼ੀ ਸੀ। ਦਸਵੇਂ ਪਾਤਸ਼ਾਹ ਤੋਂ ਮਗਰੋਂ ਖਾਲਸਾ ਪੰਥ ਨੂੰ ਬਿਖੜੇ ਪੈਂਡੇ ੇਅ ਕਰਨੇ ਪਏ। ਗੁਰਮਰਯਾਦਾ ਦਾ ਸਰੂਪ ਵਿਗਾੜਨ ਵਿਚ ਉਦਾਸੀਆਂ, ਨਰਮਲਿਆਂ, ਅਤੇ ਡੇਰੇਦਾਰ “ਸੰਤਾਂ ਮਹਾਂਪੁਰਖਾਂ” ਨੇ ਭਰਪੂਰ ਹਿੱਸਾ ਪਾਇਆ। ਅੱਜ ਹਾਲਤ ਇਹ ਹੈ ਕਿ ਜਿਸ ਰਹਿਤ ਮਰਯਾਦਾ ਨੂੰ 10-15 ਸਾਲ ਦੀ ਖੋਜ ਤੋਂ ਗਰੋਂ ਅਤੇ ਪੰਥ ਦੀਆਂ ਵਖੋ ਵੱਖ ਜਥੇਬੰਦੀਆਂ ਦੀ ਸਰਬਸੰਮਤੀ ਨਾਲ ਸ੍ਰੋ: ਗੁ: ਪ੍ਰ: ਮੇਟੀ ਨੇ ਤਿਆਰ ਕਰਕੇ ਪ੍ਰਚਾਰਿਆ, ਉਸ ਨੂੰ ਸਿੱਖ ਸੰਗਤਾਂ ਦੇ ਅਵੇਸਲੇਪਨ ਨੇ ਠੀਕ ਤਰ੍ਹਾਂ ਲਾਗੂ ਨਹੀਂ ਹੋਣ ਦਿੱਤਾ। ਤਖ਼ਤ ਸ੍ਰੀ ਹਜ਼ੂਰ ਸਾਹਿਬ, ਅਤੇ ਤਖ਼ਤ ਸ੍ਰੀ ਟਨਾ ਸਾਹਿਬ ਵਿਖੇ ਮਰਯਾਦਾ ਹੋਰ ਹੈ ਜੋ ਪੰਜਾਬ ਵਿਚਲੇ ਤਖ਼ਤ ਸਾਹਿਬਾਨ ਦੀ ਰਯਾਦਾ ਨਾਲ ਨਹੀਂ ਮਿਲਦੀ। ਸਾਡਾ 300 ਸਾਲਾ ਖਾਲਸੇ ਪੰਥ ਦਾ ਸਿਰਜਨਾ ਦਿਵਸ ਮਨਾਇਆ ਤਾਂਹੀ ਸਫਲ ਮੰਨਿਆ ਜਾਵੇਗਾ ਜੇ ਕਰ ਖਾਲਸਾ ਪੰਥ ਦਾ ਹਰ ਇਕ ਅੰਗ ਖਾਲਸਾ ਪੰਥ ਨੂੰ ਸਹੀ ਰੂਪ ਵਿਚ ਪ੍ਰਗਟ ਕਰਨ ਲਈ ਆਪਣੀ

ਜ਼ਿੰਮੇਵਾਰੀ ਨਿਭਾਉਣ ਵਾਸਤੇ ਠੋਸ ਕਦਮ ਉਠਾਉਣ ਦੀ ਜ਼ਿੰਮੇਵਾਰੀ ਲਵੇ। ਸਮੁਚੇ ਪੰਥ ਦੀ ਮਰਯਾਦਾ ਕਿਵੇਂ ਇਕ ਹੋਵੇ ਇਸ ਵਿਸ਼ੇ ਉਤੇ ਵਿਚਾਰ ਕਰਨੀ ਚਾਹੀਦੀ ਹੈ।

**ਮ: ੩**

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰੁ**

**ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥**

*(ਪਉੜੀ ੧੦ ਸੋਰਠਿ ਕੀ ਵਾਰ ਮ: ੪, ਪੰਨਾ ੬੪੬)*

ਜੇ ਸਾਡੀ ਬਾਣੀ ਸਾਂਝੀ ਹੈ, ਗੁਰੂਦੇਵ ਸਾਂਝਾ ਹੈ, ਸਬਦ ਦੀ ਵਿਚਾਰ ਸਾਂਝੀ ਹੈ ਤਾਂ ਸਾਡੀ ਮਰਯਾਦਾ ਭੀ ਇਕ ਹੋਣੀ ਚਾਹੀਦੀ ਹੈ। ਅੱਜ ਪੰਥ ਵਿਚ ਜੋ ਅੱਡ ਅੱਡ ਮਰਯਾਦਾ ਦੇ ਦਰਸ਼ਨ ਹੁੰਦੇ ਹਨ ਇਸ ਪਿੱਛੇ ਬ੍ਰਹਮਣੀ ਕਲਚਰ ਦਾ ਹੀ ਪ੍ਰਭਾਵ ਕੰਮ ਕਰ ਰਿਹਾ ਦਿਸਦਾ ਹੈ। ਕਿਤੇ ਬੇਲੋੜੀ ਸੁਚੱਮਤਾ ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਕਿਤੇ ਫੋਕੇ ਕਰਮਕਾਂਡ ਨੇ ਖਾਲਸਾ ਪੰਥ ਨੂੰ ਵੰਡ ਕੇ ਰੱਖ ਦਿੱਤਾ ਹੈ। ਹਰ ਪ੍ਰਕਾਰ ਦਾ ਭਰਮ ਬ੍ਰਹਮਣੀ ਮਤਿ ਵਿਚ ਆਉਂਦਾ ਹੈ। ਗੁਰਮਤਿ ਮਾਰਗ ਵਿਖੇ ਕਿਸੇ ਕਿਸਮ ਦੇ ਭਰਮ ਭੁਲੇਖੇ ਨੂੰ ਕੋਈ ਥਾਂ ਨਹੀਂ। ਇਸ ਮਾਰਗ ਵਿਖੇ ਸਿੱਖ ਨੇ ਗੁਰੂ ਅਤੇ ਅਕਾਲਪੁਰਖ ਦੇ ਭਰੋਸੇ ਕਦਮ ਅਗੇ ਵਧਾਉਣੇ ਹਨ।

**ਤੇਰਾ ਭਰੋਸਾ ਪਿਆਰੇ ॥ ਆਨ ਨ ਜਾਣਾ ਵੇਸਾ ॥੧॥ ਰਹਾਉ**

*(ਰਾਮਕਲੀ ਮ: ੫, ਅਸਟਪਦੀਆਂ: ੯੧੨)*

ਵਿਸ਼ੇ ਵਲ ਮੁੜ ਕੇ ਆਉਂਦਿਆਂ ਜੂਠ ਅਤੇ ਸੁਚ ਬਾਰੇ ਭਗਤ ਕਬੀਰ ਜੀ ਦੇ ਵਿਚਾਰਾਂ ਨੂੰ ਧਿਆਨ ਵਿਚ ਰਖਣਾ ਲਾਭਦਾਇਕ ਹੋਵੇਗਾ।

**ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥**

**ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥੧॥**

**ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ।**

**ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥**

**ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥੨॥**

**ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥**

**ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥੩॥**

**ਗੋਬਰ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥**

**ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥੧॥੭**

*(ਪੰਨਾ –੧੧੯੫)*

ਇਸ ਸ਼ਬਦ ਵਿਚ ਭਗਤ ਕਬੀਰ ਜੀ ਬ੍ਰਹਮਣਾਂ ਵਲੋਂ ਨਿਰਧਾਰਤ ਕੀਤੇ ਗਏ ਦੋ ਸਿਧਾਂਤਾਂ ਦੇ ਆਧਾਰ ਤੇ ਸਚੁ ਅਤੇ ਜੂਠ ਦੀ ਵਿਚਾਰ ਰੱਦ ਕਰਦੇ ਹੋਏ

ਕਹਿੰਦੇ ਹਨ ਕਿ ਮਾਤਾ ਪਿਤਾ ਅਤੇ ਉਹਨਾਂ ਤੋਂ ਪੈਦਾ ਹੋਣ ਵਾਲੀ ਸਾਰੀ ਸੰਤਾਨ ਜੂਠੀ ਮੰਨੀ ਜਾਣੀ ਚਾਹੀਦੀ ਹੈ ਕਿਉਂਕਿ ਸਭ ਮਨੁੱਖਾਂ ਦਾ ਸਰੀਰ ਮਾਤਾ ਦੀ ਰਕਤ ਤੋਂ ਬਣਦਾ ਹੈ ਜਿਸ ਨੂੰ ਪੰਡਿਤ ਜੂਠਾ ਦਸਦਾ ਹੈ। ਜੇ ਮਨੁੱਖੀ ਸੰਤਾਨ ਹੀ ਜੂਠੀ ਹੋ ਗਈ ਤਾਂ ਪੰਡਿਤ ਆਪ ਕਿਵੇਂ ਸੁਚਾ ਰਹਿ ਸਕਦਾ ਹੈ?

ਫਿਰ ਪਾਣੀ ਅੰਦਰ ਕਈ ਪ੍ਰਕਾਰ ਦੇ ਅਦ੍ਰਿਸ਼ਟ ਕੀਟਾਣੂ ਹੋਣ ਕਾਰਣ ਬ੍ਰਹਮਣ ਅਨੁਸਾਰ ਪਾਣੀ ਜੂਠਾ ਹੋ ਜਾਂਦਾ ਹੈ ਕਿਉਂਕਿ ਉਸੇ ਵਿਚ ਹੀ ਅਨੇਕਾਂ ਜੀਵ ਜੰਮਦੇ ਅਤੇ ਮਰਦੇ ਹਨ। ਗੋਹੇ, ਲਕੜੀ ਅੰਦਰ ਪੈਦਾ ਹੋਏ ਕੀੜੇ ਜਦੋਂ ਅਗਨੀ ਵਿਚ ਬਲਦੇ ਹਨ ਤਾਂ ਉਹ ਅਗਨੀ ਤਕ ਨੂੰ ਭੀ ਜੂਠਾ ਕਰ ਜਾਂਦੇ ਹਨ। ਇਸਤ੍ਰੀ ਜੋ ਜਮਾਂਦਰੂ ਹੀ ਜੂਠੀ ਮੰਨੀ ਜਾਂਦੀ ਹੈ ਉਹ ਜਦੋਂ ਭੋਜਨ ਪਕਾ ਕੇ ਪਰੋਸਦੀ ਹੈ ਤਾਂ ਸਾਰੇ ਪਰੋਸੇ ਭੋਜਨ ਨੂੰ ਭੀ ਜੂਠਾ ਕਰ ਦਿੰਦੀ ਹੈ ਤਾਂ ਫਿਰ ਖਾਣ ਵਾਲਾ ਕਿਵੇਂ ਸੁਚਾ ਰਹਿ ਜਾਏਗਾ? ਸਰੀਰ ਦੀਆਂ ਇੰਦਰੀਆਂ ਭੀ ਜੂਠੀਆਂ ਹਨ। ਕਬੀਰ ਜੀ ਫਿਰ ਸਵਾਲ ਪੁਛਦੇ ਹਨ ਸੰਸਾਰ ਦਾ ਕਿਹੜਾ ਥਾਉ ਸੁਚਾ ਰਹਿ ਜਾਂਦਾ ਹੈ ਜਿਸ ਨੂੰ ਸੁਚਾ ਮੰਨਿਆ ਜਾਏ? ਉਤਰ ਹੈ ਕਿ ਥਾਂਉ ਜਾਂ ਕੋਈ ਵਸਤੂ, ਜਾਂ ਕੋਈ ਮਨੁੱਖ ਸੁਚਾ ਨਹੀਂ। ਇਸ ਲਈ ਭਗਤ ਕਬੀਰ ਜੀ ਦੇ ਵਿਅੰਗ ਦਾ ਭਾਵ ਹੀ ਇਹੋ ਹੈ ਕਿ ਪੰਡਿਤ ਦੁਆਰਾ ਸੁਚ ਅਤੇ ਜੂਠ (ਭਿੱਟ) ਦਾ ਕਾਲਪਨਿਕ ਸਿਧਾਂਤ ਮੂਲੋਂ ਹੀ ਭੁਲੇਖਾ ਪਾਊ ਹੈ। ਇਸੇ ਕਰਕੇ ਗੁਰੂ ਸਾਹਿਬਾਨ ਨੇ ਭੀ ਇਸ ਨੂੰ ਰੱਦ ਕਰ ਦਿੱਤਾ।

ਗੁਰਮਤਿ ਦਾ ਸਿਧਾਂਤ ਹੈ :-

**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥**

*(ਆਸਾ ਕੀ ਵਾਰ ਅੰਕ ੪੭੨)*

ਅਕਾਲਪੁਰਖ ਦੀ ਯਾਦ, ਉਸਦਾ ਸਿਮਰਨ ਕਰਨ ਨਾਲ, ਉਸ ਦੇ ਨਾਮ ਨੂੰ ਹਿਰਦੇ ਵਿਚ ਵਸਾਣ ਨਾਲ ਮਨੁਖ ਦੀ ਹਰ ਪ੍ਰਕਾਰ ਦੀ ਕਲਪਿਤ ਜੂਠ ਉਤਰ ਜਾਂਦੀ ਹੈ। ਪਰ ਜੋ ਲੋਗ ਇਕ ਅਕਾਲਪੁਰਖ ਨੂੰ ਭੁਲਾ ਕੇ (ਮਾਇਕ) ਪਦਾਰਥਾਂ ਵਿਚ ਖਚਿਤ ਰਹਿੰਦੇ ਹਨ, ਉਹਨਾਂ ਦੀ ਜੂਠ ਕਦੀ ਨਹੀਂ ਉਤਰਦੀ, ਗੁਰੂ ਨਾਨਕ ਦੇਵ ਜੀ ਜੂਠ ਅਤੇ ਸੁਚ ਦੀ ਵਿਚਾਰ ਉਤੇ ਆਪਣਾ ਨਿਰਣਾ ਇਉਂ ਦਿੰਦੇ ਹਨ।

**ਜੂਠਿ ਨ ਰਾਗੀਂ ਜੂਠਿ ਨ ਵੇਦੀਂ ॥ ਜੂਠਿ ਨ ਚੰਦ ਸੂਰਜ ਕੀ ਭੇਦੀ ॥**
**ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥**
**ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥**
**ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧ ॥**

*(ਸਲੋਕ ਮ: ੧, ਸਾਰੰਗ ਕੀ ਵਾਰ ਅੰਕ ੧੨੪੦)*

ਮੁਸਲਮਾਨ ਰਾਗ ਨੂੰ ਜੂਠਾ ਮੰਨਦੇ ਹਨ। ਕਈ ਚੰਦ ਸੂਰਜ ਦੇ ਗ੍ਰਹਿਣ ਆਦਿ ਤੋਂ ਜੂਠਿ ਦਾ ਵਹਿਮ ਕਰਦੇ ਹਨ। ਜੈਨੀ ਨੂੰ ਇਸ਼ਨਾਨ ਕਰਨ ਵਿਚ ਜੂਠਿ ਦਿਸਦੀ ਹੈ। ਕੋਈ ਅੰਨ ਵਿਚ ਭੀ ਜੂਠਿ ਵੇਖਦਾ ਹੈ ਜੋ ਅਕਾਲਪੁਰਖ ਨੇ ਜੀਵਾਂ ਲਈ ਪੈਦਾ ਕੀਤਾ ਹੈ। ਮੀਂਹ, ਪਵਣ, ਪਾਣੀ ਅਤੇ ਧਰਤੀ ਸਭ ਪਵਿਤਰ ਹਨ। ਜੋ

ਜੀਵ ਵਾਹਿਗੁਰੂ ਜੀ ਦੇ ਮਾਰਗ ਦੇ ਧਾਰਨੀ ਨਹੀਂ ਬਣੇ, ਅਤੇ ਗੁਰੂ ਧਾਰਨ ਨਹੀਂ ਕਰਦੇ, ਉਹਨਾਂ ਵਿਚ ਦੈਵੀ ਗੁਣ ਪੈਦਾ ਨਹੀਂ ਹੁੰਦੇ। ਜੋ ਪ੍ਰਾਣੀ ਅਕਾਲਪੁਰਖ ਤੋਂ ਮੂੰਹ ਫੇਰ ਕੇ ਨਾਸਤਕ ਬਣਕੇ ਪਦਾਰਥਾਂ ਵਿਚ ਖਚਿਤ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਭੋਗਣ ਵਿਚ ਮਸਤ ਰਹਿੰਦੇ ਹਨ ਉਹ ਸਦਾ ਹੀ ਜੂਠੇ ਬਣੇ ਰਹਿੰਦੇ ਹਨ। ਉਹ ਇਸੇ ਜੂਠ ਨੂੰ ਲੈ ਕੇ ਜੰਮਦੇ ਅਤੇ ਮਰਦੇ ਹਨ। ਆਵਾਗਵਨ ਦਾ ਚੱਕਰ ਬਣਿਆ ਹੀ ਜੂਠਿਆਂ ਲਈ ਹੈ।

◆◆◆

# 10. ਪ੍ਰੇਮ ਖੇਲਣ ਦਾ ਚਾਉ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

*(ਸਲੋਕ ਮ:੧ ਪੰਨਾ ੧੪੧੨)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹਨਾਂ ਬੋਲਾਂ ਵਿਚ ਉਨ੍ਹਾਂ ਨੂੰ ਸੱਦਾ ਹੈ ਜੋ ਪ੍ਰਭੂ ਨਾਲ ਪਿਆਰ ਦੀ ਖੇਡ ਖੇਡਣ ਦੇ ਚਾਹਵਾਨ ਹਨ। ਮਰਦ ਅੰਗਮੜੇ ਦੇ ਬੋਲਾਂ ਵਿਚ ਵਿਸਮਾਦ ਹੈ। ਰੱਬ ਦੇ ਪਿਆਰੇ ਜਦੋਂ ਇਸ ਸੱਦ ਨੂੰ ਹੁਣ ਵੀ ਸੁਣਦੇ ਹਨ ਵਿਸਮਾਦ ਵਿਚ ਆ ਜਾਂਦੇ ਹਨ। ਹੇ ਮਰਦ ਅੰਗਮੜੇ! ਪ੍ਰੇਮ-ਖੇਲਣ ਲਈ ਤੁਸਾਂ ਸਾਰੀ ਵਿਸ਼ਵ ਲੁਕਾਈ ਨੂੰ ਸੱਦ ਮਾਰੀ ਹੈ। ਨਾਲੇ ਤੁਸਾਂ ਚਾਉ ਦੀ ਗੱਲ ਕੀਤੀ ਹੈ। ਮਨੁਖੀ ਭਾਈਚਾਰੇ ਵਿਚ ਭੀ ਪਿਆਰ ਦਾ ਆਧਾਰ ਕਾਮ ਅਤੇ ਮੋਹ ਹੈ, ਇਸ ਨੂੰ ਭੀ ਚਾਉ ਆਖਦੇ ਹਨ। ਪਰ ਇਹ ਚਾਉ ਦੁਨਿਆਵੀ ਅਤੇ ਥੋੜ੍ਹੇ ਚਿਰ ਦਾ ਹੁੰਦਾ ਹੈ। ਇਹ ਚਾਉ ਛੇਤੀ ਲਥ ਜਾਂਦਾ ਹੈ।

ਪਰ ਰੱਬ ਦੇ ਪਿਆਰ ਦਾ ਚਾਉ ਵਿਸਮਾਦੀ ਚਾਉ ਹੁੰਦਾ ਹੈ। ਇਹ ਚਾਉ ਉਸਦੀ ਬਖਸ਼ਸ਼ ਹੈ।

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥ *(੯੨੧)*

ਜੇ ਹਿਰਦੇ ਵਿਚ ਚਾਉ ਨਹੀਂ ਹੈ ਤਾਂ ਰੱਬ ਨਾਲ ਪਿਆਰ ਨਹੀਂ ਪੈ ਸਕਦਾ। ਭਾਰਤੀ ਧਰਮਾਂ ਦੇ ਇਤਿਹਾਸ ਅੰਦਰ ਕਦੀ ਪ੍ਰੇਮ-ਖੇਲਣ ਅਤੇ ਚਾਉ ਦੀ ਗੱਲ ਕਿਸੇ ਕੀਤੀ ਹੀ ਨਹੀਂ। ਜੈਨੀ ਅਤੇ ਬੋਧੀਆਂ ਨੂੰ ਤਾਂ ਰੱਬ ਨਾਲ ਕੋਈ ਵਾਸਤਾ ਹੀ ਨਹੀਂ ਸੀ। ਬ੍ਰਹਮਣ ਨੇ ਤੇਤੀ ਕ੍ਰੋੜੀ ਦੇਵ ਲੋਕ ਦੀ ਸੈਨਾ ਨੂੰ ਮਾਤ ਲੋਕ ਵਿਚ ਲਿਆ ਖੜਾ ਕੀਤਾ ਅਤੇ ਪੂਜਾ ਕਰਾਈ, ਪਰ ਰੱਬ ਨਾਲ ਪ੍ਰੀਤ ਪਾਉਣ ਦੀ ਗੱਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਸੱਦ ਮਾਰ ਕੇ ਆਰੰਭ ਕੀਤੀ। ਭਗਤੀਏ, ਰਾਸਧਾਰੀਏ, ਭਗਉਤੀਏ ਸਭ ਅਵਤਾਰ ਪੂਜਾ ਤੋਂ ਉਪਰ ਨਹੀਂ ਉਠੇ। ਗੁਰੂ ਨਾਨਕ ਦੀ ਸੱਦ ਉਨ੍ਹਾਂ ਲੋਕਾਂ ਨੇ ਸੁਣੀ ਜਿਨ੍ਹਾਂ ਉਤੇ ਰੱਬੀ ਚਾਉ ਦੀ ਬਖਸ਼ਸ਼ ਹੋਈ।

ਜਿਨ੍ਹਾਂ ਨੂੰ ਸਚੇ ਦਿਲੋਂ ਪਿਆਰ ਕਰਨ ਦਾ ਚਾਉ ਹੁੰਦਾ ਹੈ ਉਹਨਾਂ ਲਈ ਸਿਰ ਦੇਣਾ ਬੜੀ ਮਾਮੂਲੀ ਗੱਲ ਹੁੰਦੀ ਹੈ। ਬੰਦ ਬੰਦ ਕਟਾਉਣਾ, ਖੋਪਰੀ ਲੁਹਾ ਦੇਣੀ, ਆਰੇ ਨਾਲ ਦੋ-ਫਾੜ ਹੋਣਾ ਉਹੀ ਕਬੂਲ ਕਰਦਾ ਹੈ ਜਿਸ ਅੰਦਰ ਆਪਣੇ ਸਾਂਈ ਲਈ ਪਿਆਰ ਅਤੇ ਚਾਉ ਹੋਵੇ।

ਰੱਬੀ ਪਿਆਰ ਇਕ-ਪਾਸੜ ਨਹੀਂ ਹੁੰਦਾ। ਜੇ ਬੱਚਾ ਮਾਂ ਨੂੰ ਵੇਖ ਕੇ ਖਿੜ ਜਾਂਦਾ ਹੈ, ਤਿਵੇਂ ਮਾਂ ਭੀ ਬੱਚੇ ਨੂੰ ਵੇਖ ਵੇਖ ਪ੍ਰਸੰਨ ਹੁੰਦੀ ਹੈ। ਇਹ ਚਾਉ ਭੀ ਦੁਵੱਲਾ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਰੱਬ ਨਾਲ ਪਿਆਰ ਕਰਨਾ ਵਾਲਿਆਂ ਦੇ ਸਮੂਹ ਨੂੰ ਪ੍ਰੀਤਮ ਦੇ ਅਖਾੜੇ ਦਾ ਨਾਮ ਦਿਤੈ।

**ਦੇਖਹੁ ਭਾਈ ਏਹ ਅਖਾੜਾ ਹਰਿ ਪ੍ਰੀਤਮ ਸਚੇ ਕਾ**
**ਜਿਨਿ ਅਪਣੇ ਜੋਰ ਸਭਿ ਆਣਿ ਨਿਵਾਏ॥**

*(ਗਉੜੀ ਦੀ ਵਾਰ ਮ: ੪ ਪੰਨਾ ੩੦੮)*

ਇਸ ਅਖਾੜੇ ਵਿਚ ਚਾਉ ਦੀ ਕਰੰਟ ਰਾਹੀਂ ਹਰ ਇਕ ਜਗਿਆਸੂ ਦੇ ਅੰਤਰ ਆਤਮੇ ਪ੍ਰਕਾਸ਼ ਹੋਇਆ ਹੁੰਦਾ ਹੈ। ਜਦੋਂ ਅੰਮ੍ਰਿਤ ਵੇਲਾ ਹੁੰਦਾ ਹੈ ਜਗਿਆਸੂ ਦਾ ਅੰਦਰਲਾ ਚਾਉ ਭੀ ਜਾਗ ਪੈਂਦਾ ਹੈ।

**ਚਉਥੈ ਪਹਰ ਸਬਾਹ ਕੈ ਸੁਰਤੀਆ ਉਪਜੈ ਚਾਉ॥**
**ਤਿਨਾ ਦਰਿਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥**

*(ਮਾਝ ਕੀ ਵਾਰ ਮ: ੧ ਪੰਨਾ ੧੪੬)*

ਅੰਮ੍ਰਿਤ ਵੇਲੇ ਸੁਰਤੀਆਂ ਅੰਦਰ ਚਾਉ ਹੀ ਜਗਿਆਸੂ ਨੂੰ ਸਾਵਧਾਨ ਕਰਦਾਹੈ। ਇਸ਼ਨਾਨ-ਪਾਨ ਕਰਕੇ ਉਸਦੇ ਮਨ ਵਿਚ ਅਤੇ ਮੁਖ ਵਿਚ ਪਰਮੇਸ਼ਰ ਦਾ ਨਾਮ ਹੀ ਹੁੰਦਾ ਹੈ। ਜਿਨਾਂ ਅੰਦਰ ਅਜੇ ਇਹ ਚਾਉ ਨਹੀਂ ਉਠਿਆ, ਉਹ ਗੁਰੂ ਅਗੇ ਅਰਦਾਸ ਕਰਨ ਤਾਂ ਚਾਉ ਦੀ ਬਖਸ਼ਸ਼ ਹੁੰਦੀ ਹੈ। ਅੰਮ੍ਰਿਤ ਵੇਲੇ ਕਸਤੂਰੀ ਵੰਡੀ ਜਾਂਦੀ ਹੈ-ਨਾਮ ਦੀ ਖੁਸ਼ਬੂ, ਪਰ ਜਿਨਾਂ ਦੇ ਨੈਣ ਨਿੰਦਰਾਵਲੇ ਹੁੰਦੇ ਹਨ, ਉਹ ਪ੍ਰਾਪਤ ਕਰਨੋ ਰਹਿ ਜਾਂਦੇ ਹਨ। ਬਾਬਾ ਫਰੀਦ ਜੀ ਗਵਾਹੀ ਭਰਦੇ ਹਨ:-

**ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨਾ ਭਾਉ॥**
**ਜਿੰਨਾ ਨੈਣ ਨੀਂਦ ਵਾਲੇ ਤਿੰਨ੍ਹਾ ਮਿਲਣੁ ਕੁਆਉ॥** *(ਪੰਨਾ ੧੩੮੨)*

ਚਾਉ ਮਨ ਦੀ ਅਵਸਥਾ ਹੈ। ਮਨੁੱਖ ਦਾ ਮਨ ਜੇ ਪਦਾਰਥਾਂ ਵਲ ਖਿਚਿਆ ਜਾਏ ਤਾਂ ਉਸ ਅੰਦਰ ਮਾਇਆ, ਹੋਰ ਮਾਇਆ, ਲਈ ਇਕ ਅਜੀਬ ਚਾਉ ਅਤੇ ਖਿੱਚ ਵੇਖਣ ਵਿਚ ਆਉਂਦੀ ਹੈ। ਪਤਾ ਵੀ ਹੈ ਕਿ ਆਖ਼ਰ ਤਾਂ ਮਾਇਆ ਅਤੇ ਇਸਦੇ ਸਮੁਚੇ ਪਸਾਰੇ ਨੂੰ ਇਕ ਦਿਨ ਛੱਡ ਜਾਣਾ ਹੈ। ਪਰ ਫਿਰ ਵੀ ਉਸ ਅੰਦਰ ਜਿਤਨਾਂ ਚਿਰ ਤਕ ਸੁਆਸ ਕਾਇਮ ਰਹਿੰਦੇ ਹਨ, ਪਦਾਰਥਾਂ ਦੇ ਭੋਗਣ ਦਾ ਚਾਉ ਨਹੀਂ ਮੁਕਦਾ।

**ਇਨ ਮਾਇਆ ਜਗਦੀਸ ਗੁਸਾਂਈ ਤੁਮਰੇ ਚਰਨ ਬਿਸਾਰੇ॥**

ਇਹ ਚਾਉ ਹਲਤ ਮੁਖੀ ਹੈ। ਸੰਸਾਰ ਮੁਖੀ ਹੈ। ਸਦਾ ਰਹਿਣ ਵਾਲਾ ਨਹੀਂ ਹੈ। ਹਰਿ ਪ੍ਰੀਤਮ ਸਚੇ ਦੇ ਆਖੜੇ ਵਿਚ ਚਾਉ ਸਦੀਵੀ ਹੁੰਦਾ ਹੈ।

**ਰਤੇ ਸੇਈ ਜਿ ਮੁਖੁ ਨ ਮੋੜਨਿ ਜਿਨੀ ਸਿਞਾਤਾ ਸਾਈ॥**
**ਝੜਿ ਝੜਿ ਪਵਦੇ ਕਚੇ ਬਿਰਹੀ ਜਿਨਾ ਕਾਰ ਨ ਆਈ॥** *(ਪੰਨਾ ੧੪੨੫)*

ਜਿਨਾਂ ਕਚੇ ਬਿਰਹੀਆਂ (ਬੈਰਾਗੀਆਂ) ਨੂੰ ਪੇਮ ਅਖਾੜੇ ਵਿਚ ਵਿਚਰਨ ਦਾ ਵੱਲ ਨਹੀਂ ਆਇਆ ਜਾਂ ਨਹੀਂ ਆਉਂਦਾ ਉਹ ਝੜ ਝੜ ਕੇ ਥਲੇ ਡਿਗ ਪੈਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰੇਮ ਅਖਾੜੇ ਅੰਦਰ ਚਾਉ ਦੀ ਬਿਜਲੀ-ਰੌ ਪੈਦਾ ਕੀਤੀ ਜਿਸ ਨਾਲ ਅਨੇਕਾਂ ਮਰਜੀਵੜੇ ਸੰਸਾਰ ਸਾਗਰ ਤੋਂ ਪਾਰ ਲੰਘ ਗਏ।

ਪਾਂਡੀਚਰੀ ਦੇ ਇਕ ਪ੍ਰਸਿੱਧ ਤਪੱਸਵੀ ਅਰਵਿੰਦੋ ਘੋਸ਼ ਨੇ ਇਕ ਥਾਂ ਗੁਰੂ

ਾਨਕ ਦੇਵ ਜੀ ਦੇ ਮਾਰਗ ਬਾਰੇ ਲਿਖਿਆ ਹੈ "ਸਿਖ ਧਰਮ ਕੇਵਲ ਹਲਤ ਮੁਖੀ ਹੀਂ ਪਲਤ ਮੁਖੀ ਹੈ। ਸਿੱਖਾਂ ਦੀ ਜੀਵਨ ਯਾਤਰਾ ਸੰਸਾਰੀ ਜੀਵਨ ਨਾਲ ਨਹੀਂ ਤ੍ਰਦੀ ਬਲਕਿ ਇਹਨਾਂ ਦੇ ਜਗਿਆਸੂ ਦੀ ਜੀਵਨ ਯਾਤਰਾ ਮਰਨ ਉਪਰੰਤ ਭੀ ਕਾਲਪੁਰਖ ਵਿਚ ਸਮਾਉਣ ਤਕ ਜਾਰੀ ਰਹਿੰਦੀ ਹੈ"। ਇਸ ਗੱਲ ਦੀ ਗੂੰਜ ਸ੍ਰੀ ਖਮਨੀ ਸਾਹਿਬ ਵਿਚ ਅਠਾਰ੍ਹਵੀਂ ਅਸ਼ਟਪਦੀ ਵਿਚ ਮਿਲਦੀ ਹੈ:-

**" ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥**
**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥੧੮** *(ਪੰਨਾ ੨੮੬)*

ਗੁਰੂ ਨਾਨਕ ਦੇਵ ਜੀ ਨੇ ਪੱਥਰਾਂ ਦੇ ਠਾਕਰਾਂ ਦੀ ਪੂਜਾ ਵਾਲੇ ਅਖਾੜੇ ਤੋਂ ਢ ਕੇ ਆਪਣੇ ਸਤਸੰਗੀਆਂ ਨੂੰ ਨਿਰੰਕਾਰ ਦੇ ਪ੍ਰੇਮ ਅਖਾੜੇ ਅੰਦਰ ਨਾਮ-ਰਸ ਣਾ ਸਿਖਾਇਆ। ਜਿੰਨਾਂ ਨੇ ਇਹ ਪ੍ਰੇਮ-ਰਸ ਪੀਤਾ ਉਹ ਨਿਹਾਲ ਹੋ ਗਏ। ਹਨਾਂ ਨੂੰ ਫਿਰ ਮਰਣਾ ਸਚ ਤੇ ਜੀਉਣਾ ਝੂਠ ਲਗਣ ਲਗ ਪਿਆ। ਜਦੋਂ ੇਤਗੁਰਾਂ ਨੇ ਆਵਾਜ਼ ਮਾਰੀ:-

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥** *(ਪੰਨਾ ੧੪੧੨)*

ਪ੍ਰੇਮ ਚਾਉ ਨਾਲ ਮਖ਼ਮੂਰ ਸੰਗਤ ਭੱਜ ਕੇ ਸਤਿਗੁਰਾਂ ਦੇ ਦੁਆਲੇ ਇੱਕਠੀ ਈ ਗਈ, ਕਿਉਂਕਿ ਉਹ ਸਿਰ ਦੇਣ ਲਈ ਤਿਆਰ ਹੋ ਕੇ ਆਏ ਸਨ। ਸਿਰ ਦੇਣ ਚ ਉਹਨਾਂ ਨੂੰ ਕੋਈ ਰਤੀ ਜਿਨਾਂ ਸੰਕੋਚ ਨਹੀਂ ਸੀ। ਗੁਰ ਇਤਿਹਾਸ ਇਸ ਗੱਲ ' ਜ਼ਿੰਦਾ ਮਿਸਾਲ ਹੈ ਕਿ ਗੁਰੂ ਕੇ ਸਿੱਖਾਂ ਨੇ ਗੁਰੂ ਤੋਂ ਅਤੇ ਇਸ ਪ੍ਰੇਮ ਅਖਾੜੇ ਥ) ਤੋਂ ਆਪਣਾ ਸਭ ਕੁਝ ਕੁਰਬਾਨ ਕਰ ਦੇਣ ਤੋਂ ਕਦੀ ਸੰਕੋਚ ਨਹੀਂ ਕੀਤਾ। 599 ਈ. ਵਿਚ ਦਸਵੇਂ ਜਾਮੇਂ ਵਿਚ ਮਰਦ ਅਗੰਮੜੇ ਗੁਰੂ ਨਾਨਕ ਦੇਵ ਜੀ ਨੇ ਲ਼ਵਾਰ ਮਿਆਨ ਵਿਚੋਂ ਕੱਢ ਕੇ ਜਦੋਂ ਸੀਸ ਭੇਟ ਮੰਗੀ ਤਾਂ ਉਦੋਂ ਸਿੱਖ ਕਿਤੇ ੇ ਨਹੀਂ ਜਿਵੇਂ ਕੁਝ ਲਿਖਾਰੀਆਂ ਨੇ ਲਿਖ ਮਾਰਿਆ ਹੈ। ਉਹ ਉਸ ਸਮੇਂ ਤਕ ਤ੍ਰਨਪਹਲੁ ਲੈ ਕੇ ਗੁਰੂ ਵਾਲੇ ਬਣ ਚੁਕੇ ਸਨ। ਦੋ ਗੁਰੂ ਸਾਹਿਬਾਨ ਦੀਆਂ ਹੀਦੀਆਂ 17ਵੀਂ ਸ਼ਤਾਬਦੀ ਵਿਚ ਹੀ ਹੋਈਆਂ ਸਨ=ਇਕ 1606 ਈ. ਵਿਚ ਤੇ ਦੂਜੀ 1675 ਈ. ਵਿਚ। ਦਰ ਅਸਲ ਗੁਰੂ ਜੀ ਹੁਣ ਸੰਗਤ ਨੂੰ ਇਸ ਪ੍ਰੇਮ ਖਾੜ ਨੂੰ ਅਗੇ ਤੋਰਨ ਦੀ ਜ਼ਿੰਮੇਵਾਰੀ ਸੌਂਪਣਾ ਚਾਹੁੰਦੇ ਸਨ। ਸੀਸ ਭੇਟ ਸਮਾਗਮ ' ਟੈਸਟ ਸੀ। ਜੋ ਸੀਸ ਭੇਟ ਲਈ ਅੰਦਰੋਂ ਤਿਆਰੀ ਕਰ ਲੈਂਦੇ ਹਨ ਉਹੀ ਇਸ । ਅਖਾੜੇ ਵਿਚ ਦਾਖਲਾ ਲੈ ਕੇ ਗੁਰੂ ਵਾਲੇ ਬਣਦੇ ਹਨ। ਉਹ ਫਿਰ ਆਪਣਾ ਨ ਮਨ ਧਨ ਗੁਰੂ ਅਤੇ ਪੰਥ ਦੀ ਅਮਾਨਤ ਸਮਝਦੇ ਹਨ।

ਪ੍ਰੀਤਮ ਸਚੇ ਦੇ ਇਸ ਪ੍ਰੇਮ ਅਖਾੜੇ ਦੇ ਸਤਸੰਗੀਆਂ ਨੂੰ ਆਪਣੇ ਪ੍ਰੀਤਮ-ਤਗੁਰੂ ਅਤੇ ਅਕਾਲਪੁਰਖ ਉੱਤੇ ਪੂਰਨ ਸਿੱਦਕ ਭਰੋਸਾ ਹੁੰਦਾ ਹੈ। ਜਿਸ ਬ੍ਰਹਮਣੀ ਨਚਰ ਵਿਚੋਂ ਉਹ ਇਸ ਪ੍ਰੇਮ ਅਖਾੜੇ ਵਿਚ ਆ ਕੇ ਜੁੜਦੇ ਹਨ, ਉਥੇ ਦੀ ਰੀਤ ਰਾਲੀ ਹੈ। ਉਥੇ ਦੇ ਸਤਸੰਗੀ ਆਪਣੀ ਕੁਲ ਦਾ ਧਰਮ, ਆਪਣੀ ਕੁਲ ਦੇ ਵ੍ਰਤੇ ਆਦਿ ਨੂੰ ਕੁੱਲ ਵਾਲਿਆਂ ਪਾਸ ਛੱਡ ਕੇ ਆਉਂਦੇ ਹਨ। ਜ਼ਾਤਪਾਤ,

ਕਰਮ-ਕਾਂਡ, ਤੀਰਥ ਅਤੇ ਯਗ ਜਿਤਨੇ ਕਿਸਮ ਦੇ ਕਰਜ਼ ਬ੍ਰਹਮਣ ਨੇ ਬਣਾਏ ਹੋਏ ਹਨ ਸਭ ਨੂੰ ਪਿਛੇ ਛੱਡ ਕੇ ਆਉਂਦੇ ਹਨ। ਸਤਸੰਗੀਆਂ ਵਿਚ ਸੁਰਖ਼ੂ ਹੋ ਕੇ ਕੇਵਲ ਨਾਮ ਜਪਣ ਦੀ ਕਾਰ ਵਿਚ ਜੁਟ ਜਾਂਦੇ ਹਨ। ਪਿਤਰਾਂ ਦਾ ਕਰਜ਼, ਦੇਵਤਿਆਂ ਦਾ ਕਰਜ਼, ਬ੍ਰਹਮਣ ਦਾ ਕਰਜ਼, ਇਹ ਸਾਰੇ ਕਰਜ਼ੇ ਸਤਸੰਗ ਮੰਡਲ ਵਿਚ ਰੱਲਣ ਨਾਲ ਮਾਫ ਹੋ ਜਾਂਦੇ ਹਨ। ਗੁਰੂ ਕੇ ਸਿੱਖ ਦੇ ਸਿਰ ਉਤੇ ਬ੍ਰਹਮਣਾਂ ਦੁਆਰਾ ਪ੍ਰਚਾਰੇ ਕਿਸੇ ਕਿਸਮ ਦਾ ਕੋਈ ਕਰਜ਼ ਨਹੀਂ ਰਹਿੰਦਾ। ਉਹ ਸਦਾ ਨਾਮ ਜਪ ਕੇ ਖੇੜ੍ਹੇ ਵਿਚ ਵਿਚਰਦਾ ਹੈ।

◆◆◆

# 11. ਸ੍ਰੀ ਅਕਾਲ ਤਖ਼ਤ ਸਾਹਿਬ

ਸਤਿਗੁਰੂ ਨਾਨਕ ਦੇਵ ਜੀ ਦੇ ਛੇਵੇਂ ਸਰੂਪ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਮਰਦ ਅੰਗਮੜੇ ਹੋਣ ਦਾ ਐਲਾਨ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਸਜਾਅ ਕੇ ਕੀਤਾ। ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਤੋਂ ਮਗਰੋਂ ਸਿੱਖ ਸੰਗਤਾਂ ਵਿੱਚ ਜੋ ਉਦਾਸੀਨਤਾ ਛਾ ਗਈ ਸੀ ਉਸ ਨੂੰ ਇਸ ਮਰਦ ਅੰਗਮੜੇ ਨੇ ਠੱਲ ਪਾਈ। ਸ੍ਰੀ ਅਕਾਲ ਬੁੰਗਾ ਸਾਹਿਬ (ਜੋ ਮਗਰੋਂ ਅਕਾਲਤਖ਼ਤ ਕਹਿਲਾਇਆ) ਤੋਂ ਆਪ ਨੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ (ਜੋ ਪੰਜਾਬ ਅਤੇ ਪੰਜਾਬ ਤੋਂ ਬਾਹਰ ਭੀ ਵਸਦੀਆਂ ਸਨ) ਹੁਕਮਨਾਮੇ ਜਾਰੀ ਕੀਤੇ ਕਿ ਗੁਰੂ ਕੀ ਫੌਜ ਲਈ ਨੌਜਵਾਨ ਭੇਜੋ, ਘੋੜੇ ਅਤੇ ਕਈ ਪ੍ਰਕਾਰ ਦੇ ਹਥਿਆਰ ਭੇਜੋ। ਇਨ੍ਹਾਂ ਹੁਕਮ ਨਾਮਿਆਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਸਤਿਗੁਰੂ ਜੀ ਦਾ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣੀਆ ਅਤੇ ਅਕਾਲ ਤਖ਼ਤ ਸਾਹਿਬ ਤੋਂ ਅਧਰਮ ਅਤੇ ਅਨਿਆਂ ਵਿਰੁੱਧ ਫੌਜ ਦਾ ਗਠਨ ਕਰਨਾ ਕੋਈ ਅਚਾਨਕ ਕੀਤਾ ਫੈਸਲਾ ਨਹੀਂ ਸੀ, ਬਲਕਿ ਅਕਾਲਪੁਰਖ ਜੀ ਤੋਂ ਮਿਲੀ ਸੇਧ ਦੇ ਫਲਸਰੂਪ ਇਕ ਇਤਿਹਾਸਕ ਫੈਸਲਾ ਸੀ ਜਿਸ ਦੀ ਝਲਕ ਮਿਸਲਾਂ ਦੀਆਂ ਵੈਸਾਖੀ ਜਾਂ ਦੀਵਾਲੀ ਦੇ ਮੌਕੇ ਹੁੰਦੀਆਂ ਇਕਤਰਤਾਵਾਂ ਸਮੇਂ ਦੇਖਣ ਵਿਚ ਆਈ। ਸ੍ਰੀ ਅਕਾਲ ਤਖ਼ਤ ਸ੍ਰੀ ਅਕਾਲ ਪੁਰਖ ਜੀ ਦਾ ਸਮੁੱਚੇ ਸੰਸਾਰ ਵਿਖੇ ਇਕੋ ਇਕ ਤਖ਼ਤ ਹੈ ਜਿਸ ਉਪਰ ਮਰਦ ਅੰਗਮੜਾ ਜੀ ਨੇ ਬਿਰਾਜ ਕੇ ਸ੍ਰੀ ਅਕਾਲ ਜੀ ਦੇ ਆਦੇਸ਼ ਅਨੁਸਾਰ ਸਮੇਂ ਦੇ ਜ਼ਾਲਮ ਮੁਗਲ ਸਾਮਰਾਜ ਵਿਰੁੱਧ ਚਾਰ ਧਰਮ-ਯੁੱਧ ਲੜੇ ਅਤੇ ਚਾਰੇ ਯੁੱਧਾਂ ਵਿੱਚ ਫਤਿਹ ਪਾਈ। ਭਾਰਤੀ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਗੁਲਾਮ ਭਾਰਤ ਦੇ ਸਾਧਾਰਨ ਲੋਕ ਗੁਰੂ ਨਾਨਕ ਨਾਮ ਲੇਵਾ ਦੀ ਨਵੀਂ ਉਸਰੀ ਸਿੱਖ ਕੌਮ ਮੁਗ਼ਲਾਂ ਦੀ ਫੌਜ ਉੱਤੇ ਜਿੱਤ ਪ੍ਰਾਪਤ ਕਰ ਲਏ। ਗੁਰੂ ਕੇ ਸਿੱਖਾਂ ਅੰਦਰ ਜੋ ਉਦਾਸੀਨਤਾ ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਕਾਰਣ ਥੋੜ੍ਹੇ ਸਮੇਂ ਲਈ ਆਈ ਸੀ, ਉਹ ਸਭ ਉੱਡ ਗਈ। ਪਹਿਲੀ ਵਾਰ ਸਿੱਖ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਚੋਂ ਅਕਾਲਪੁਰਖ ਦੀ ਅਕਾਲੀ ਸ਼ਕਤੀ ਦੇ ਗੁਪਤ ਰੂਪ ਵਿੱਚ ਵਰਤਣ ਦਾ ਅਹਿਸਾਸ ਹੋਇਆ। ਜਿੱਤੀਆਂ ਫੌਜਾਂ ਦੇ ਹੌਂਸਲੇ ਚੜ੍ਹਦੀਕਲਾ ਵਿੱਚ ਹੁੰਦੇ ਹਨ। ਗੁਰੂ ਦੀਆਂ ਫੌਜਾਂ ਕਿਸੇ ਅਗੰਮੀ ਚਾਉ ਵਿੱਚ ਹੋ ਗਈਆਂ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਸ਼ਾਇਦ 1606 ਵਿਚ ਹੀ ਆਰੰਭ ਕਰ ਦਿੱਤੀ ਸੀ ਅਤੇ ਕੁਝ ਹੀ ਸਾਲਾਂ ਵਿਚ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਇਹ ਲੱਗ ਪੱਗ 14 ਫੁੱਟ ਉਚਾ ਤਖ਼ਤ ਬਣਾਇਆ ਗਿਆ। ਮੁਗਲ ਸ਼ਾਸਕ ਕਿਸੇ ਗ਼ੈਰ-ਮੁਸਲਿਮ ਧਰਮ ਦੇ ਆਗੂ ਨੂੰ ਡੇਢ੍ਹ ਫੁੱਟ ਉਚੀ ਮੰਜੀ ਤੋਂ ਵੱਧ ਉਚਾਈ ਤੇ ਆਸਣ ਲਗਾਉਣ ਦੀ ਆਗਿਆ ਨਹੀਂ ਸੀ ਦਿੰਦੇ। ਪੁਰਖ ਪ੍ਰਚਾਰਕਾਂ ਲਈ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਕਾਇਮ ਕੀਤੀਆਂ ਅਤੇ ਇਸਤਰੀ ਪ੍ਰਚਾਰਕਾਂ ਲਈ ਮੰਜੀ ਤੋਂ ਭੀ ਨੀਵੇਂ ਆਕਾਰ ਦੀਆਂ ਪੀੜੀਆਂ ਕਾਇਮ ਹੋਈਆਂ। ਪਰ ਅਕਾਲਪੁਰਖ ਜੀ ਦਾ ਤਖ਼ਤ

ਮੁਗ਼ਲ ਸਰਕਾਰ ਦੇ ਹੁਕਮ ਅਧੀਨ ਕਿਵੇਂ ਹੋ ਸਕਦਾ ਹੈ? ਨਗਾਰਾ ਵੀ ਮੁਗ਼ਲ ਬਾਦਸ਼ਾਹ ਦਾ ਨਵੇਕਲਾ ਅਧਿਕਾਰ ਸੀ, ਪਰ ਤਖ਼ਤ ਸ੍ਰੀ ਕੇਸਗੜ੍ਹ ਉੱਤੇ ਪਹਿਲੀ ਵਾਰ ਦਸਮ-ਪਾਤਸ਼ਾਹ ਮਰਦ ਅੰਗਮੜੇ ਨੇ ਨਗਾਰਾ ਭੀ ਵਜਾਇਆ। ਉੱਥੇ ਅਤੇ ਸ੍ਰੀ ਅਕਾਲ ਤਖ਼ਤ ਉੱਤੇ ਹੁਣ ਭੀ ਨਗਾਰੇ ਵਜਾਏ ਜਾਂਦੇ ਹਨ ਜੋ ਪ੍ਰਭੂਸੱਤਾ ਦੇ ਪ੍ਰਤੀਕ ਮੰਨੇ ਜਾਂਦੇ ਹਨ।

ਸ੍ਰੀ ਅਕਾਲ ਤਖ਼ਤ ਦੇ ਇਸ ਸੰਖੇਪ ਇਤਿਹਾਸ ਤੋਂ ਕੁਝ ਤੱਥ ਸਾਹਮਣੇ ਆਉਂਦੇ ਹਨ।

1. ਮਰਦ ਅੰਗਮੜੇ ਜੀ ਨੇ ਸ੍ਰੀ ਅਕਾਲ ਪੁਰਖ ਜੀ ਦੀ ਅਬਿਨਾਸ਼ੀ ਰਾਜ-ਸੱਤਾ ਦੇ ਤਖ਼ਤ ਵਜੋਂ ਮਾਤ ਲੋਕ ਵਿਚ ਸ੍ਰੀ ਅਕਾਲ ਤਖ਼ਤ ਦੀ ਵਿਸਮਾਦੀ ਰਚਨਾ ਕੀਤੀ, ਜਿਸਦਾ ਰਹੱਸ ਅਜੇ ਸਿੱਖ ਸੰਗਤਾਂ ਨੂੰ ਸਮਝ ਨਹੀਂ ਆ ਸਕਿਆ। ਇਸ ਤਖ਼ਤ ਨੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਇਸ ਕੇਂਦਰੀ ਬਿੰਦੂ ਨਾਲ ਜੋੜਿਆ। ਇਕ ਸ਼ਕਤੀ ਉਭਰੀ ਜਿਸਨੇ ਮੁਗ਼ਲ ਸਾਮਰਾਜ ਨੂੰ ਸੋਚਣ ਤੇ ਮਜ਼ਬੂਰ ਕਰ ਦਿੱਤਾ ਕਿ ਧਰਮ ਦੀ ਸ਼ਕਤੀ ਪਿੱਛੇ ਹਮੇਸ਼ਾ ਖ਼ੁਦਾ ਦਾ ਹੱਥ ਹੁੰਦਾ ਹੈ। ਗੁਰੂ ਜੀ ਦੀਆਂ 1628 ਤੋਂ 1634 ਤਕ ਲੜੀਆਂ ਚਾਰ ਜੰਗਾਂ ਤੋਂ ਮਗਰੋਂ ਦੋ-ਤਰਫੀ (Cease Fire) ਜੰਗ-ਬੰਦੀ ਹੋ ਗਈ ਜੋ ਸੰਨ 1701ਈ. ਤਕ ਕਾਇਮ ਰਹੀ।

2. ਸਿੱਖ ਕੌਮ ਸ੍ਰੀ ਅਕਾਲ ਤਖ਼ਤ ਦੀ ਵਾਰਿਸ ਹੈ। ਦਸਵੇਂ ਪਾਤਸ਼ਾਹ ਤੋਂ ਮਗਰੋਂ ਜਦੋਂ ਸਿੱਖ ਫੌਜਾਂ ਨਾਲ ਮੁਗ਼ਲ ਸਾਮਰਾਜ ਦੀ ਟੱਕਰ ਹੋਈ ਤਾਂ ਇਸ ਦੇ ਸਿੱਟੇ ਵਜੋਂ ਮੁਗ਼ਲ ਸਾਮਰਾਜ ਦਾ ਖਾਤਮਾ ਹੋ ਗਿਆ, ਅਬਦਾਲੀ ਵਰਗੇ ਵਿਦੇਸ਼ੀ ਹਮਲਾਵਰ ਭੀ ਐਸੇ ਉਖੜੇ ਕਿ ਅਫਗਾਨੀਆਂ ਨੇ ਮੁੜ ਕੇ ਪੰਜਾਬ ਉੱਤੇ ਹਮਲਾ ਨਾ ਕੀਤਾ। ਹਰੀ ਰਾਮ ਗੁਪਤਾ ਵਰਗਾ ਸਿੱਖ ਇਤਿਹਾਸਕਾਰ ਵਿਸਮਾਦ ਵਿਚ ਲਿਖਦਾ ਹੈ ਕਿ ਸਿੱਖਾਂ ਦਾ ਪੰਜਾਬ ਉੱਤੇ ਖਾਲਸਾ ਰਾਜ ਸਥਾਪਤ ਕਰਨਾ ਬੜੀ ਅਦਭੁਤ ਘਟਨਾ ਹੈ। ਇਹ ਵੱਖਰੀ ਗੱਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਕੁਝ ਗਲਤ ਨੀਤੀਆਂ ਕਾਰਣ ਅੱਧੀ ਸਦੀ ਰਾਜ ਕਰਨ ਮਗਰੋਂ ਖਾਲਸੇ ਦਾ ਪੰਜਾਬ ਵਿਚ ਰਾਜ ਨਾ ਰਿਹਾ।

3. ਜਿਸ ਬਜ਼ੁਰਗ ਪੀੜ੍ਹੀ ਨੇ ਸ੍ਰੀ ਅਕਾਲ ਤਖ਼ਤ ਦੀ ਅਕਾਲੀ-ਸ਼ਕਤੀ ਨੂੰ ਜੰਗਾਂ ਜੁੱਧਾਂ ਸਮੇਂ ਖਾਲਸੇ ਦੇ ਅੰਗ ਸੰਗ ਸਹਾਈ ਹੁੰਦਿਆਂ ਮਹਿਸੂਸ ਕੀਤਾ ਉਹ ਪੀੜ੍ਹੀ ਅਠਾਰ੍ਹਵੀਂ ਸਦੀ ਦੀ ਸੌ-ਸਾਲਾ ਜੰਗਾਂ-ਜੁੱਧਾਂ ਵਿਚ ਸ਼ਹੀਦੀਆਂ ਪਾ ਗਈ। ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੋਰੜੇ ਮਾਰਨ ਦੀ ਸਜ਼ਾ ਸੁਣਾਈ ਗਈ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਆਪਣੀ ਪਿੱਠ ਨੰਗੀ ਕਰਕੇ ਕੋਰੜੇ ਖਾਣ ਲਈ ਸਿਰ ਨਿਵਾ ਕੇ ਖੜ ਗਿਆ ਸੀ, ਇਸ ਘਟਨਾ ਤੋਂ ਸਿੱਧ ਹੁੰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਅਸਥਾਨ ਕੌਮੀ-ਨਿਆਂ ਦਾ ਕੇਂਦਰ ਬਣਕੇ ਉਭਰੇਗਾ।

4. ਅਜੋਕੀ ਪੀੜ੍ਹੀ ਦੀ ਸਮੱਸਿਆ ਇਹ ਹੈ ਕਿ ਖਾਲਸਾ ਰਾਜ ਦੇ ਸੰਨ 1849ਈ.. ਵਿਚ ਸਮਾਪਤ ਹੋਣ ਤੋਂ ਮਗਰੋਂ 150 ਸਾਲਾਂ ਦੇ ਦੌਰਾਨ ਸ੍ਰੀ ਅਕਾਲ

ਖ਼ਤ ਸਾਹਿਬ ਉੱਤੇ ਕੇਵਲ ਪੂਜਾ-ਪਾਠ ਲਈ ਪੁਜਾਰੀ ਵਰਗ ਦਾ ਕਬਜ਼ਾ ਰਿਹਾ । ਇਨ੍ਹਾਂ ਦੀ ਵਿਦਿਅਕ ਯੋਗਤਾ ਅਤੇ ਸੋਚ ਆਮ ਤੌਰ ਤੇ ਬ੍ਰਾਹਮਣਵਾਦੀ ਸੋਚ ਾਲ ਰਲਦੀ ਮਿਲਦੀ ਰਹੀ ਹੈ ਜਿਸ ਕਰਕੇ ਖਾਲਸਾ ਪੰਥ ਨੂੰ ਨਾ ਤਾਂ ਉਹ ਰਮਤਿ ਵਿਚਾਰਧਾਰਾ ਦੀਆਂ ਲੀਹਾਂ ਉਪਰ ਕੋਈ ਨਰੋਈ ਸੇਧ ਦੇ ਸਕਦੇ ਸਨ ਤੇ ਨਾ ਹੀ ਉਹ ਆਪਣੇ ਅੰਤਰ-ਆਤਮੇ ਸ੍ਰੀ ਅਕਾਲ ਪੁਰਖ ਜੀ ਦੀ ਗੁਪਤ ਕਤੀ ਦਾ ਅਨੁਭਵ ਕਰ ਸਕੇ। 12 ਅਕਤੂਬਰ 1920 ਨੂੰ ਅੰਮ੍ਰਿਤਧਾਰੀ ਦਲਿਤ ਰਗ ਦੇ ਸਿੰਘਾਂ ਜਦੋਂ ਖੰਡੇ ਦੀ ਪਾਹੁਲ ਛਕਣ ਦੀ ਖੁਸ਼ੀ ਵਿਚ ਸਤਿਗੁਰਾਂ ਦਾ ਕਰਾਨਾ ਕਰਨ ਲਈ ਸ੍ਰੀ ਤਖ਼ਤ ਸਾਹਿਬ ਤੇ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਏ ਤਾਂ ਬਜਾਏ ਇਸ ਦੇ ਕਿ ਇਹ ਪੁਜਾਰੀ ਉਨ੍ਹਾਂ ਨੂੰ ਪੰਥ ਵਿਚ ਸ਼ਾਮਲ ਹੋਣ ਆਂ ਵਧਾਈਆਂ ਦਿੰਦੇ, ਉਹ ਤਾਂ ਤਖ਼ਤ ਸਾਹਿਬ ਨੂੰ ਹੀ ਸੁੰਨਾ ਛੱਡ ਕੇ ਨਸ ਗਏ ਉਂ ਕਿ ਉਹ ਸੋਚਦੇ ਸਨ ਕਿ ਦਲਿਤਾਂ ਨੂੰ ਸਿੰਘ ਸਜਾਅ ਸਜਾਅ ਕੇ ਇਹ ਸਿੰਘ ਭੀਏ ਖਾਲਸਾ ਪੰਥ ਨੂੰ ਭ੍ਰਿਸ਼ਟ ਕਰ ਰਹੇ ਹਨ। ਇਹੋ ਤਾਂ ਬ੍ਰਾਹਮਣੀ ਸੋਚ ਹੈ ਜਿਸ ਭਾਰਤ ਦੇ ਦਲਿਤਾਂ ਨੂੰ ਰੱਬ ਨਾਲ ਮੇਲ ਕਰਾਣ ਦਾ ਸਦਾ ਵਿਰੋਧ ਕੀਤਾ। ਤਗੁਰੂ ਸਾਹਿਬਾਨ ਨਾਲ ਭੀ ਬ੍ਰਾਹਮਣ ਨੇ ਇਸੇ ਕਾਰਣ ਜੰਗ ਵਿੱਢੀ ਰੱਖੀ। ਸੇ ਪੁਜਾਰੀ ਵਰਗ ਨੇ ਭਾਵੇਂ ਉਹ ਸਿੱਖੀ ਸਰੂਪ ਵਿੱਚ ਵਿਚਰ ਰਿਹਾ ਸੀ, (ਬੇਦੀ ਸਿੰਘ ਵਰਗੇ), ਗੁਰਮਤਿ ਦੇ ਖੋਜੀ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਸ੍ਰੀ ਅਕਾਲ ਤਤ ਤੋਂ 1887 ਵਿਚ ਇਕ ਹੁਕਮਨਾਮੇ ਰਾਹੀਂ ਕੇ ਪੰਥ ਵਿਚੋਂ ਖਾਰਜ ਕਰ ਦਿੱਤਾ । ਪਰ ਉਸ ਗੁਰੂ ਕੇ ਸਚਿਆਰ ਸਿੱਖ ਨੇ (1897) ਅੰਤਮ ਸੁਆਸਾਂ ਤਕ ਗੁਰੂ-ਤ ਦੀ ਸੇਵਾ ਨਹੀਂ ਛੱਡੀ। ਖਾਲਸਾ ਕਾਲਜ ਅੰਮ੍ਰਿਤਸਰ ਉਸੇ ਗੁਰਸਿੱਖ ਦੇ ਜਤਨਾ ਦਕਾ 1892 ਵਿਚ ਬਣਿਆ। ਭਲਾ ਹੋਇਆ 1995 ਵਿਚ ਸ੍ਰੀ ਅਕਾਲ ਤਖ਼ਤ ਹਿਬ ਨੇ ਉਸ ਗੁਰਸਿੱਖ ਨੂੰ ਬੇਕਸੂਰ ਜਾਣ ਕੇ ਮਰਨ-ਉਪਰੰਤ ਹੀ ਉਸ ਦੀਆਂ ਭਾਵਾਂ ਸਦਕਾ ਮੁੜ ਪੰਥ ਵਿਚ ਰਲਾ ਲਿਆ।

ਜਦੋਂ 12 ਅਕਤੂਬਰ 1920 ਨੂੰ ਪੁਜਾਰੀ ਸ੍ਰੀ ਤਖ਼ਤ ਸਾਹਿਬ ਨੂੰ ਛੱਡ ਕੇ ਸ ਗਏ ਤਾਂ ਸਿੰਘ ਸਭਾ ਦੇ ਸੇਵਕਾਂ ਨੇ ਆਪ ਸਤਿਗੁਰਾਂ ਅਗੇ ਦਲਿਤ ਸਿੰਘਾਂ ਆਂ ਦੇਗਾਂ ਪ੍ਰਵਾਨ ਕਰਨ ਦੀ ਅਰਦਾਸ ਕੀਤੀ। ਅੱਜ ਅਸੀਂ ਫਿਰ ਉਸੇ ਮੋੜ ਤੇ ਖੜੇ ਹੋਏ ਹਾਂ ਜਦੋਂ ਪੁਜਾਰੀ ਵਰਗ ਗੁਰਮਤਿ ਪ੍ਰੰਪਰਾਵਾਂ ਨੂੰ ਛਿਕੇ ਟੰਗ ਕੇ ਪਣੀ ਮਨ ਮਰਜ਼ੀ ਤੇ ਉਤਰ ਆਇਆ ਹੈ। ਜਥੇਦਾਰ ਦੀ ਪਦਵੀ ਉਪਰੋਕਤ ਟਨਾ ਵਿਚੋਂ ਹੀ ਪ੍ਰਗਟ ਹੋਈ। 13 ਅਕਤੂਬਰ 1920 ਨੂੰ ਜਦੋਂ ਅਗਲੇ ਦਿਨ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨਾਂ ਲਈ ਪੁਜੀਆਂ ਤਾਂ ਇਸ ਤੋਂ ਹਲਾਂ ਇਨ੍ਹਾਂ ਪੁਜਾਰੀਆਂ ਨੇ ਬਾਬਾ ਫੂਲਾ ਸਿੰਘ ਦੀ ਸਮਾਧ (ਅੰਮ੍ਰਿਤਸਰ) ਦੇ ਹੰਗਾਂ ਨੂੰ ਜਾ ਚੁੱਕਿਆ ਕਿ ਸਿੰਘ ਸਭੀਏ ਤਖ਼ਤ ਸਾਹਿਬ ਦੀ ਬੇ-ਅਦਬੀ ਕਰ ਹਨ। ਸ੍ਰੀ ਤਖ਼ਤ ਸਾਹਿਬ ਤੇ ਹੁਣ ਪੁਜਾਰੀਆਂ ਦੀ ਥਾਂ ਤੇ ਨਿਹੰਗੀ ਫੌਜਾਂ ਹਰਾ ਦੇਣ ਆ ਗਈਆਂ। ਉਨ੍ਹਾਂ ਪਾਸ ਬਰਛੇ ਅਤੇ ਹੋਰ ਸ਼ਸਤਰ ਸਨ। ਸਿੰਘ ਾ ਦੇ ਉਸ ਸਮੇਂ ਦੇ ਆਗੂ ਭਾ. ਕਰਤਾਰ ਸਿੰਘ ਝਬਰ, ਭਾ. ਤੇਜਾ ਸਿੰਘ ਭੁਚਰ,

ਸੰਤ ਗੁਰਮੁਖ ਸਿੰਘ ਡੇਰਾ ਬਾਬਾ ਜੱਸਾ ਸਿੰਘ ਪਟਿਆਲਾ ਅਤੇ ਹੋਰ ਬੇ-ਅੰਤ ਸੰਗਤਾਂ ਹੇਠਾਂ ਖੜੀਆਂ ਨਵੀਂ ਉਪਜੀ ਮੁਸੀਬਤ ਤੋਂ ਪਰੇਸ਼ਾਨ ਹੋਕੇ ਵਿਚਾਰ ਹੀ ਕਰ ਰਹੀਆਂ ਸਨ ਕਿ ਇਤਨੇ ਵਿਚ ਇਕ ਦਸਤਾਰ ਧਾਰੀ ਬੀਬੀ ਵਿਚ ਅਕਾਲ ਪੁਰਖ ਦੀ ਗੁਪਤ-ਕਲਾ ਵਰਤੀ, ਕਿਸੇ ਪਾਸੋਂ ਡਾਂਗ ਲੈ ਕੇ ਸ੍ਰੀ ਤਖ਼ਤ ਸਾਹਿਬ ਉਤੇ ਜਾ ਚੜ੍ਹੀ ਤੇ ਲਗੀ ਡਾਂਗ ਵਰਾਹੁਣ। ਨਿਹੰਗਾਂ ਨੇ ਡਰ ਦੇ ਮਾਰੇ ਹੇਠਾਂ ਛਾਲਾਂ ਮਾਰੀਆਂ ਤੇ ਉਥੋਂ ਹਰਨ ਹੋ ਗਏ। ਮੁੜ ਕੇ ਉਹਨਾਂ ਅਗੋਂ ਲਈ ਤਖ਼ਤ ਸਾਹਿਬ ਤੋਂ ਖਾਲਸਾ ਪੰਥ ਵੱਲੋਂ ਚਲਾਏ ਗਏ ਅਨੇਕਾਂ ਮੋਰਚਿਆਂ ਵਿਚ ਨਾ ਤਾਂ ਆ ਕੇ ਕੋਈ ਕੁਰਬਾਨੀ ਦਿਤੀ ਅਤੇ ਨਾ ਹੀ ਕੋਈ ਦਖਲ ਹੀ ਦਿੱਤਾ। ਜਦੋਂ ਤਖ਼ਤ ਸਾਹਿਬ ਨੂੰ ਨਿਹੰਗਾਂ ਨੇ ਬਿਨਾਂ ਕਿਸੇ ਖ਼ੂਨ ਖ਼ਰਾਬੇ ਦੇ ਖਾਲੀ ਹੀ ਕਰ ਦਿੱਤਾ ਤਾਂ ਹਾਜ਼ਰ ਸੰਗਤ ਨੇ ਅਗਲੇਰੇ ਪ੍ਰਬੰਧ ਤਕ ਵਕਤੀ ਤੌਰ ਤੇ ਭਾ. ਤੇਜਾ ਸਿੰਘ ਭੁਚਰ ਨੂੰ ਪਹਿਲਾਂ ਜਥੇਦਾਰ ਥਾਪਿਆ।

ਉਸ ਜੁੜੀ ਸੰਗਤ ਨੇ ਇਹ ਖੇਚਲ ਹੀ ਨਹੀਂ ਕੀਤੀ ਕਿ ਆਉਣ ਵਾਲੇ ਸਮੇਂ ਜਥੇਦਾਰਾਂ ਦੀ ਕੋਈ ਵਿਦਿਅਕ, ਧਾਰਮਿਕ ਜਾਂ ਪ੍ਰਸ਼ਾਸਨਿਕ ਯੋਗਤਾ ਕੀ ਹੋਵੇ? ਉਸਦੇ ਕੀ ਫਰਜ਼ ਹੋਣ? ਉਸਦਾ ਅਹੁਦਾ ਕਿਤਨੇ ਚਿਰ ਲਈ ਹੋਵੇ? ਇਤਿਆਦੀ ਕਈ ਗੱਲਾਂ ਜੋ ਬੜੀਆਂ ਜ਼ਰੂਰੀ ਸਨ, ਉਨ੍ਹਾਂ ਨੂੰ ਬਿਨਾਂ ਵਿਚਾਰੇ ਛੱਡ ਦਿੱਤਾ ਗਿਆ? 13 ਅਕਤੂਬਰ 1920 ਤੋਂ ਚਾਰ ਮਹੀਨਿਆਂ ਮਗਰੋਂ ਹੀ ਪੰਜਾਬ ਵਿਚਲੇ ਗੁਰੂ ਸਾਹਿਬਾਨ ਦੇ ਨਾਮ ਨਾਲ ਉਸਾਰੇ ਗਏ ਗੁਰਦੁਆਰਾ ਸਾਹਿਬਾਨ ਦੇ ਪੁਜਾਰੀਆਂ ਅੰਦਰ ਰੋਸ ਦੀ ਲਹਿਰ ਚਲ ਗਈ। ਉਨ੍ਹਾਂ ਨੂੰ ਖ਼ਤਰਾ ਪੈਦਾ ਹੋ ਗਿਆ ਕਿ ਸਿੰਘ ਸਭਾ ਦੇ ਪ੍ਰਚਾਰ ਨੇ ਪੁਜਾਰੀ ਵਰਗ ਨੂੰ ਬੇ-ਦਖ਼ਲ ਕਰਕੇ ਗੁਰਦੁਆਰੇ ਆਪ ਹੀ ਸਾਂਭ ਲੈਣੇ ਹਨ।

ਗੁਰਦੁਆਰਾ ਸੁਧਾਰ ਲਹਿਰ 1921-1925 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਉੱਤੇ ਦਲਿਤਾਂ ਵੱਲੋਂ ਦੇਗਾਂ ਹਾਜ਼ਰ ਕਰਨ ਅਤੇ ਪੁਜਾਰੀਆਂ ਦੇ ਤਕੜੇ ਵਿਰੋਧ ਦੇ ਸੰਦਰਭ ਵਿਚ ਵੇਖਣਾ ਚਾਹੀਦਾ ਹੈ। 20 ਫਰਵਰੀ 1921ਈ. ਨੂੰ ਸ੍ਰੀ ਨਨਕਾਣਾ ਸਾਹਿਬ (ਜਨਮ ਅਸਥਾਨ ਗੁਰੂ ਨਾਨਕ ਦੇਵ ਜੀ) ਵਿਖੇ 150 ਤੋਂ ਵੱਧ ਸਿੰਘਾਂ ਦੇ ਪੁਰ-ਅਮਨ ਜੱਥੇ ਨੂੰ ਨਰੈਣਦਾਸ (ਮਹੰਤ) ਦੇ ਖਰੀਦੇ ਹੋਏ ਮੁਸਲਮਾਨ ਗੁੰਡਿਆਂ ਨੇ ਬੇ-ਰਹਿਮੀ ਨਾਲ ਕਤਲ ਕਰਨ ਉਤੇ ਪੰਜਾਬ ਵਿੱਚ ਹਾ ਹਾ ਕਾਰ ਮੱਚ ਗਈ। ਇਉਂ ਹੌਲੀ ਹੌਲੀ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸਿੱਖ ਕੌਮ ਨੇ ਆਪਣੇ ਹੱਥ ਵਿੱਚ ਲੈ ਲਿਆ, ਪਰ ਅਗਵਾਈ ਸ੍ਰੀ ਅਕਾਲ ਤਖ਼ਤ ਨੇ ਬਖਸ਼ਸ਼ ਕੀਤੀ।

ਗੁਰਦੁਆਰਿਆਂ ਦੇ ਮੋਰਚਿਆਂ ਵਿਚ ਪੰਥ ਜਿਉਂ ਉਲਝਿਆ, ਕਿਸੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪ੍ਰੰਪਰਾਵਾਂ ਨੂੰ ਨਿਯਮ-ਬੱਧ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ। ਮੁਢਲੇ ਜਥੇਦਾਰ ਸਾਹਿਬਾਨ ਦੇ ਤਖ਼ਤ ਸਾਹਿਬ ਉੱਤੇ ਸੇਵਾ ਕਾਲ ਕਈ ਵਾਰੀ ਤਾਂ ਕੁਝ ਮਹੀਨੇ ਹੀ ਹੁੰਦੇ ਸਨ, ਕਿਉਂਕਿ ਉਨ੍ਹਾਂ ਨੂੰ ਫੜ ਕੇ ਸਰਕਾਰ ਨੇ ਕੈਦ ਕਰ ਦੇਣਾ। ਪਹਿਲੇ ਛੇ ਜਥੇਦਾਰਾਂ ਨਾਲ ਇਹੋ ਕੁਝ ਹੁੰਦਾ ਰਿਹਾ। 1926ਈ.

ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦਾ ਕਾਨੂੰਨ ਪਾਸ ਹੋਇਆ ਤਾਂ ਫਿਰ ਕੁਝ ਠੱਲ
। ਭਾ. ਤੇਜਾ ਸਿੰਘ ਅਕਰਪੁਰੀ 1927-31 ਤਕ ਤਖ਼ਤ ਸਾਹਿਬ ਦੇ ਜਥੇਦਾਰ
ਸਭ ਤੋਂ ਵੱਧ ਸਮਾਂ 17 ਸਾਲ, ਭਾਈ ਮੋਹਨ ਸਿੰਘ ਨਾਗੋਕੇ ਜਥੇਦਾਰ ਰਹੇ।
ਸਾਧੂ ਸਿੰਘ ਭੌਰਾ ਭੀ 15 ਸਾਲ ਜਥੇਦਾਰ ਰਹੇ।

ਪ੍ਰੋ: ਸੁਖਦਿਆਲ ਸਿੰਘ ਆਪਣੀ ਪੁਸਤਕ 'ਸਿਰੀ ਅਕਾਲ ਤਖ਼ਤ ਸਾਹਿਬ
ਤਹਾਸਕ ਵਿਸ਼ਲੇਸ਼ਣ' ਵਿਚ ਲਿਖਦੇ ਹਨ "ਸਿਰੀ ਅਕਾਲ ਤਖ਼ਤ ਦੀ ਸੇਵਾ
ਲ (ਸਿੱਖ ਰਾਜ ਵੇਲੇ) ਆਮ ਤੌਰ ਤੇ ਅਕਾਲੀ (ਨਿਹੰਗ) ਸਿੰਘ ਹੀ ਕਰਦੇ ਹੁੰਦੇ
। ਇਨ੍ਹਾਂ ਦੀ ਨਿਯੁਕਤੀ ਲਈ ਕੋਈ ਖਾਸ ਨਿਯਮ ਨਹੀਂ ਸੀ ਸਗੋਂ ਜਿਹੜਾ ਵੀ
ਾਲੀ (ਨਿਹੰਗ) ਸਿੰਘਾਂ ਦਾ ਮੁਖੀ ਹੁੰਦਾ ਉਹ ਹੀ ਸਿਰੀ ਅਕਾਲ ਤਖ਼ਤ ਦਾ ਮੁਖੀ
"। (ਪੰਨਾ 76)

ਅੰਗਰੇਜ਼ ਸ਼ਾਸਨ ਕਾਲ ਸਮੇਂ (1849ਈ. ਤੋਂ ਮਗਰੋਂ) ਅਕਾਲੀ (ਨਿਹੰਗ)
ਜਾਂ ਤਾਂ ਮਾਰੇ ਗਏ ਜਾਂ ਉਹ ਅੰਮ੍ਰਿਤਸਰ ਛੱਡ ਕੇ ਚਲੇ ਗਏ ਇਸ ਲਈ ਇਹ
ਨਿਹੰਗ ਸਿੰਘਾਂ ਤੋਂ ਖੁਸ ਗਿਆ। ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ
ਵੱਡੇ ਵੱਡੇ ਸਿੱਖ ਸਰਦਾਰ ਮਾਨਸਿਕ ਤਵਾਜ਼ਨ ਖੋ ਬੈਠੇ ਸਨ, ਜਿਸ ਕਰਕੇ
ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਅੰਗਰੇਜ਼ਾਂ
ਜਿਹੋ ਜੇਹਾ ਪ੍ਰਬੰਧ ਕੀਤਾ ਉਸ ਉਪਰ ਇਨ੍ਹਾਂ ਵੱਲੋਂ ਕੋਈ ਵਿਰੋਧ ਨਹੀਂ ਕੀਤਾ
ਆ। ਨਤੀਜਾ ਇਹ ਹੋਇਆ ਕਿ ਉਸ ਸਮੇਂ ਦਾ ਪੁਜਾਰੀ ਵਰਗ ਇਨ੍ਹਾਂ ਦੋਹਾਂ
ਥਾਨਾਂ ਤੇ ਖ਼ੂਬ ਛਾਇਆ। ਮਹਾਰਾਜਾ ਰਣਜੀਤ ਸਿੰਘ ਸਮੇਂ ਗ੍ਰੰਥੀਆਂ ਦੀ
ਯੁਕਤੀ ਯੋਗਤਾ ਦੇ ਆਧਾਰ ਤੇ ਨਾ ਹੋ ਕੇ ਪਿਤਾ-ਪੁਰਖੀ ਸੀ, ਭਾਵ ਪਿਤਾ ਦੀ
ਤੋਂ ਮਗਰੋਂ ਉਸ ਦੇ ਬੇਟੇ ਨੂੰ ਗ੍ਰੰਥੀ ਨਿਯੁਕਤ ਕੀਤਾ ਜਾਂਦਾ ਸੀ। ਇਹ ਪ੍ਰਥਾ
ਦੁਆਰਾ ਐਕਟ ਰਾਹੀਂ ਸਮਾਪਤ ਹੋਈ। 1925 ਦੇ ਐਕਟ ਅਨੁਸਾਰ ਜਥੇਦਾਰ
ਨਿਯੁਕਤੀ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਕਰਦਾ ਹੈ ਅਤੇ ਉਹ ਹੋਰਨਾਂ ਮੁਲਾਜ਼ਮਾਂ
ਾ ਕਮੇਟੀ ਦਾ ਮੁਲਾਜ਼ਮ ਹੈ। ਇਸ ਐਕਟ ਨੇ ਜਥੇਦਾਰ ਦੇ (status) ਅਹੁਦੇ ਦੀ
ਾ ਨੂੰ ਖ਼ਤਮ ਕਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਤਾਂ ਸਰਬ-ਉੱਚ ਅਸਥਾਨ ਹੈ
ਉਸ ਉੱਤੇ ਬੈਠਾ ਜਥੇਦਾਰ ਇਕ ਪੁਜਾਰੀ ਵਰਗਾ ਮੁਲਾਜ਼ਮ ਹੋਵੇ? 1932 ਦੀ
ਬੜੀ ਸ਼ਰਮਨਾਕ ਘਟਨਾ ਹੈ। ਐਸ. ਜੀ. ਪੀ. ਸੀ. ਦੀ ਇਕ ਮੀਟਿੰਗ ਹੋ ਰਹੀ
ਉਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਗਿ: ਗੁਰਮੁਖ ਸਿੰਘ ਮੁਸਾਫਰ, ਹਾਜ਼ਰ
ਮਤਾ ਪੇਸ਼ ਹੋਇਆ ਕਿ ਜਥੇਦਾਰ ਦੀ ਤਨਖਾਹ 100 ਰੁਪਏ ਤੋਂ ਘਟਾ ਕੇ 60
ੇ ਕੀਤੀ ਜਾਵੇ। ਗਿਆਨੀ ਜੀ ਕਿਉਂਕਿ ਕਾਂਗਰਸ ਪਾਰਟੀ ਨਾਲ ਸੰਬੰਧਤ
। ਉਨ੍ਹਾਂ ਨੂੰ ਕੱਢਣ ਲਈ ਇਹ ਸ਼ਰਮਨਾਕ ਤਰੀਕਾ ਵਰਤਣਾ ਜਥੇਦਾਰ ਦੀ
ਤਰਤਾ ਨੂੰ ਖ਼ਤਮ ਕਰਨ ਦੇ ਤੁਲ ਹੈ। ਹੁਣ ਭੀ ਅਕਾਲੀ ਦਲ ਅੰਦਰ ਕਈ
ਫੁੱਟ ਪੈਣ ਨਾਲ ਇਸ ਦਾ ਅਸਰ ਜਥੇਦਾਰ ਦੀ ਸੁਤੰਤਰਤਾ ਤੇ ਪੈਂਦਾ ਹੈ।
ਵਰੀ 1998 ਵਿਚ ਗੁਰਚਰਨ ਸਿੰਘ ਟੋਹੜਾ ਪਟਿਆਲਾ ਵਿਖੇ ਨਿਰੰਕਾਰੀ
ਨ ਨਿਰੰਕਾਰੀਆਂ ਦੇ ਵੋਟ ਮੰਗਣ ਲਈ ਕੁਝ ਅਕਾਲੀ ਵਰਕਰਾਂ ਸਮੇਤ ਗਿਆ

ਸੀ। ਇੰਜ ਕਰਨਾ ਸ੍ਰੀ ਅਕਾਲ ਤਖ਼ਤ ਤੋਂ ਨਿਰੰਕਾਰੀਆਂ ਨਾਲ ਪੰਥਕ ਬਾਈਕਾਟ ਦੇ ਹੁਕਮਨਾਮੇ ਦੀ ਸਰਾਸਰ ਉਲੰਘਣਾ ਸੀ। ਉਦੋਂ ਭਾ. ਰਣਜੀਤ ਸਿੰਘ ਜਥੇਦਾਰ ਅਕਾਲ ਤਖ਼ਤ ਸਨ ਅਤੇ ਉਹਨਾਂ ਉੱਤੇ ਟੋਹੜੇ ਦਾ ਬਹੁਤ ਵੱਡਾ ਅਹਿਸਾਨ ਸੀ। ਭਾ. ਰਣਜੀਤ ਸਿੰਘ ਨੇ ਆਪਣੀ ਵਾ ਲਾਈ ਤੇ ਟੋਹੜੇ ਨੂੰ ਦੋਸ਼ ਮੁਕਤ ਕਰਨ ਦਾ ਫਤਵਾ ਦੇ ਦਿੱਤਾ। ਮਗਰੋਂ ਜਨਵਰੀ 1999 ਵਿਚ ਸਚਾਈ ਸਾਹਮਣੇ ਆ ਗਈ ਤਾਂ ਦੋਹਾਂ ਨੂੰ ਬੜੀ ਨਮੋਸ਼ੀ ਹੋਈ। ਇਹ ਗੱਲ ਵੱਖਰੀ ਹੈ ਕਿ ਅਕਾਲ ਪੁਰਖ ਨੇ ਆਪਣੀ ਕਲਾ ਵਰਤਾਅ ਕੇ ਅਗਲੇ ਕੁਝ ਮਹੀਨਿਆਂ ਵਿਚ ਹੀ ਟੋਹੜੇ ਨੂੰ ਅਤੇ ਭਾ. ਰਣਜੀਤ ਸਿੰਘ ਨੂੰ ਉਨ੍ਹਾਂ ਦੀਆਂ ਪਦਵੀਆਂ ਤੋਂ ਸੇਵਾ-ਮੁਕਤਕਰ ਦਿੱਤਾ।

ਕਹਿਣ ਤੋਂ ਭਾਵ ਹੈ ਸ੍ਰੀ ਅਕਾਲ ਪੁਰਖ ਜੀ ਦੇ ਤਖ਼ਤ ਤੇ ਉਹ ਹੀ ਜਥੇਦਾਰ ਸੋਭਦਾ ਹੈ ਜੋ ਗੁਰੂ ਦੀ ਹਜ਼ੂਰੀ ਵਿਚ ਪ੍ਣ ਕਰੇ ਕਿ ਉਹ ਕਿਸੇ ਪ੍ਰਧਾਨ ਦਾ ਜੀ ਹਜ਼ੂਰੀਆ ਨਹੀਂ ਬਣੇਗਾ ਅਤੇ ਜੋ ਗੁਰੂ ਦੀ ਮਤਿ ਅਨੁਸਾਰ ਸੱਚ ਹੈ, ਨਿਆਂਪੂਰਵਕ ਹੈ ਤੇ ਗੁਰੂ ਪੰਥ ਦੀ ਆਨ ਸ਼ਾਨ ਦੇ ਸ਼ਾਇਆਂ ਹੋਵੇਗਾ ਉਸ ਉੱਤੇ ਪਹਿਰਾ ਦਿਆਂਗਾ। ਦਿੱਕਤ ਇਹ ਹੈ ਕਿ ਪ੍ਰਧਾਨ ਅਕਾਲੀ ਦਲ ਇਹ ਸਮਝਦਾ ਹੈ ਕਿ ਉਹ ਪੰਥ ਦਾ ਸਰਬਉੱਚ ਲੀਡਰ ਹੈ ਇਸ ਲਈ ਜਥੇਦਾਰ ਸਾਹਿਬ ਉਸ ਦੇ ਆਦੇਸ਼ ਅਨੁਸਾਰ ਨਿਆਂ ਕਰਨ। ਸ਼੍ਰੋ: ਗੁ: ਪ੍ਰ: ਕਮੇਟੀ ਦਾ ਪ੍ਰਧਾਨ ਇਹ ਸਮਝਦਾ ਹੈ ਕਿ ਉਹ ਸਿੱਖਾਂ ਦੀ ਚੁਣੀ ਹੋਈ ਪਾਰਲੀਮੈਂਟ ਦਾ ਚੁਣਿਆ ਹੋਇਆ ਮੁਖੀ ਹੈ, ਉਸ ਪਾਸ ਜਥੇਦਾਰ ਨੂੰ ਨਿਯੁਕਤ ਕਰਨ ਅਤੇ ਗਦੀਓਂ ਲਾਹ ਦੇਣ ਦੀ ਸ਼ਕਤੀ ਹੈ, ਇਸ ਲਈ ਜਥੇਦਾਰ ਸਾਹਿਬ ਉਸ ਦੇ ਆਦੇਸ਼ ਅਨੁਸਾਰ ਚਲੇ। ਗਿਆਨੀ ਪੂਰਨ ਸਿੰਘ ਜੋ ਭਾ. ਰਣਜੀਤ ਸਿੰਘ ਤੋਂ ਮਗਰੋਂ ਫਰਵਰੀ 1999 ਵਿਚ ਜਥੇਦਾਰ ਬਣੇ ਮਸਾਂ ਇਕ ਸਾਲ ਹੀ ਕਾਇਮ ਰਹਿ ਸਕੇ ਕਿਉਂਕਿ ਉਹ ਗ਼ਲਤੀ ਇਹ ਕਰ ਬੈਠੇ ਕਿ ਉਹ ਪ੍ਰਧਾਨ ਐਸ. ਜੀ. ਪੀ. ਸੀ. ਨਾਲ ਉਲਝ ਗਏ ਇਸ ਭਰੋਸੇ ਕਿ ਪ੍ਰਧਾਨ ਅਕਾਲੀ ਦਲ ਉਨ੍ਹਾਂ ਦੀ ਪਿੱਠ ਤੇ ਹੈ। ਪਤਾ ਉਦੋਂ ਹੀ ਲਗਾ ਜਦੋਂ ਪ੍ਰਧਾਨ ਸ਼੍ਰੋ: ਕਮੇਟੀ ਨੇ ਜੇਥਦਾਰ ਜੀ ਨੂੰ ਬੇਇੱਜ਼ਤ ਕਰ ਕੇ ਗਦੀਓਂ ਲਾਹ ਦਿੱਤਾ। ਅੰਗਰੇਜ਼ੀ ਕਹਾਵਤ ਹੈ You cannot serve two masters. (ਕੋਈ ਵੀ ਨੌਕਰ ਇਕੋ ਸਮੇਂ ਦੋ ਮਾਲਕਾਂ ਨੂੰ ਖੁਸ਼ ਨਹੀਂ ਰਖ ਸਕਦਾ)

ਸਿੱਖ ਕੌਮ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਸ੍ਰੀ ਅਕਾਲ ਪੁਰਖ ਜੀ ਦੇ ਮਹਾਨ ਤਖ਼ਤ ਉਤੇ ਕਿਹੋ ਜਿਹਾ ਜਥੇਦਾਰ ਥਾਪਣ ਜੋ ਦੋਵਾਂ ਪ੍ਰਧਾਨਾਂ ਦੇ ਆਪਸੀ ਘੋਲ ਵਿਚਕਾਰ ਖ਼ੁਆਰ ਨਾ ਹੋਵੇ। 1925 ਦੇ ਐਕਟ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੁਤੰਤਰ ਹਸਤੀ ਖ਼ਤਮ ਕਰ ਦਿੱਤੀ ਹੋਈ ਹੈ ਜਿਸਦਾ ਸਾਨੂੰ ਹੁਣ ਅਨੁਭਵ ਹੋ ਰਿਹਾ ਹੈ। ਅਣਖ ਵਾਲੇ ਗੁਰੂ ਕੇ ਸੁਚਿਆਰ ਸਿੰਘ ਇਸ ਮਹਾਨ ਤਖ਼ਤ ਸਾਹਿਬ ਉੱਤੇ ਸੇਵਾ ਕਰਨ ਤਾਂ ਕਿਵੇਂ ਕਰਨ? ਅਣਖੀਲੇ ਬੰਦੇ ਗੁਲਾਮ ਬਣ ਕੇ ਸੇਵਾ ਨਹੀਂ ਕਰ ਸਕਦੇ। ਅਕਾਲ ਪੁਰਖ ਹੀ ਕੋਈ ਰਾਹ ਦਿਖਾਣਗੇ। ਇਹ ਉਨ੍ਹਾਂ ਦਾ ਬਿਰਦ ਹੈ।

ਚਾਹੀਦਾ ਤਾਂ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਉੱਤੇ ਚੰਗੀ ਵਿਦਿਅਕ

ਯੋਗਤਾ ਵਾਲਾ ਗੁਰੂ ਕਾ ਤਿਆਰ-ਬਰ-ਤਿਆਰ ਸਿੰਘ ਸੇਵਾ ਸੰਭਾਲੇ। ਜ਼ਰੂਰੀ ਨਹੀਂ ਕਿ ਉਹ ਗ੍ਰੰਥੀ ਵਰਗ ਵਿਚੋਂ ਹੋਵੇ। ਉਸ ਨੂੰ ਪ੍ਰਸ਼ਾਸਨਿਕ ਤਜਰਬਾ ਜ਼ਰੂਰ ਹੋਣਾ ਚਾਹੀਦਾ ਹੈ ਕਿ ਤਾਂਕਿ ਉਹ ਫੈਸਲਾ ਦੇਣ ਲਗਿਆ ਕਾਨੂੰਨ ਅਤੇ ਪ੍ਰਸ਼ਾਸਨ ਦੀਆਂ ਬਾਰੀਕੀਆਂ ਨੂੰ ਸਾਹਮਣੇ ਰਖ ਸਕੇ। ਜੇ ਸਾਡੇ ਪੰਥਕ ਪ੍ਰਧਾਨ ਸਾਹਿਬਾਨ 1925 ਦੇ ਐਕਟ ਦੀ ਕੈਦ ਤੋਂ ਜਥੇਦਾਰ ਸਾਹਿਬ ਨੂੰ ਮੁਕਤ ਕਰਨ ਲਈ ਕੋਈ ਸਮਝੌਤਾ ਕਰ ਸਕਣ ਤਾਂ ਪੰਥ ਲਈ ਚੰਗਾ ਹੋਵੇਗਾ। ਨਾਲੇ ਦੋਵੋਂ ਪ੍ਰਧਾਨ ਧੜੇ-ਬੰਦੀ ਦੀ ਸਿਆਸਤ ਤੋਂ ਉਪਰ ਉਠ ਕੇ ਜਥੇਦਾਰ ਸਾਹਿਬ ਨੂੰ ਨਿਰਪੱਖ ਹੋ ਕੇ ਕੰਮ ਕਰਨ ਦੀ ਖੁਲ ਦੇਣ। ਸਤਿਗੁਰੂ ਸਿਆਸੀ ਲੀਡਰਾਂ ਨੂੰ ਧਰਮ-ਨਿਆਂ ਖ਼ਾਤਰ ਸਿਆਸਤ ਨੂੰ ਤਖ਼ਤ ਸਾਹਿਬ ਦੇ ਮਾਮਲਿਆਂ ਵਿਚ ਦਖਲ ਅੰਦਾਜ਼ ਨਾ ਹੋਣ ਦੇਣ।

◆◆◆




ਖਾਲਸਾ ਸਾਜਨਾ ਦਿਵਸ

1699

ਤੋਂ

1999

ਸੁੰਦਰ ਬੁੱਕ ਡਿਪੋ